Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa

Punjab Mail USA


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 756, 29 June to 05 July, 2023, Ph: 916-320-9444, E-mail: punjabmailusa@yahoo.com, Web: punjabmailusa.com

## ਐੱਚ-1ਬੀ ਵੀਜ਼ਾ ਧਾਰਕਾਂ ਲਈ ਕੈਨੇਡਾ ਸ਼ੁਰੂ ਕਰੇਗਾ ਓਪਨ ਵਰਕ ਪਰਮਿਟ ਸਟ੍ਰੀਮ



- ਵੀਜ਼ਾ ਧਾਰਕਾਂ ਦੇ ਨਾਲ ਪਰਿਵਾਰਕ ਮੈਂਬਰਾਂ ਨੂੰ ਵੀ ਮਿਲੇਗਾ ਫ਼ਾਇਦਾ
- ਤਿੰਨ ਸਾਲ ਤੱਕ ਦੀ ਮਿਆਦ ਦਾ ਮਿਲੇਗਾ ਵਰਕ ਪਰਮਿਟ

**ਓਟਵਾ, (ਪੰਜਾਬ ਮੇਲ)**-ਕੈਨੇਡਾ ਨੇ ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਲਈ ਵੱਡਾ ਕਦਮ ਚੁੱਕਿਆ ਹੈ। ਹੁਣ 10,000 ਅਮਰੀਕੀ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਕੈਨੇਡਾ 'ਚ ਆ ਕੇ ਕੰਮ ਕਰਨ ਦੀ ਇਜਾਜ਼ਤ ਦੇਣ ਲਈ ਇਕ ਓਪਨ ਵਰਕ ਪਰਮਿਟ ਸਟ੍ਰੀਮ ਤਿਆਰ ਕੀਤਾ ਜਾਵੇਗਾ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ 27 ਜੂਨ ਨੂੰ ਇਸ ਦਾ ਐਲਾਨ ਕੀਤਾ। ਇਕ ਅਧਿਕਾਰਤ ਰਿਲੀਜ਼ ਅਨੁਸਾਰ, ਕੈਨੇਡੀਅਨ ਇਮੀਗ੍ਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਮੰਤਰਾਲੇ ਨੇ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਐੱਚ-1ਬੀ ਵੀਜ਼ਾ ਧਾਰਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਰਕ ਪਰਮਿਟ ਵੀ ਪ੍ਰਦਾਨ ਕੀਤੇ ਜਾਣਗੇ।

ਮੰਤਰਾਲੇ ਨੇ ਕਿਹਾ, 'ਉੱਚ-ਤਕਨੀਕੀ ਖੇਤਰਾਂ 'ਚ ਹਜ਼ਾਰਾਂ ਮੁਲਾਜ਼ਮ ਉਨ੍ਹਾਂ ਕੰਪਨੀਆਂ 'ਚ ਤਾਇਨਾਤ ਹਨ, ਜਿਨ੍ਹਾਂ ਦਾ ਕੈਨੇਡਾ ਤੇ ਅਮਰੀਕਾ ਦੋਵਾਂ 'ਚ ਵੰਡੇ ਕੰਮਕਾਜ ਹਨ। ਅਮਰੀਕਾ ਵਿਚ ਕੰਮ ਕਰਨ ਵਾਲੇ ਲੋਕ ਅਕਸਰ ਐੱਚ-1ਬੀ ਸਪੈਸ਼ਲਿਟੀ ਆਕੂਪੇਸ਼ਨ ਵੀਜ਼ਾ ਰੱਖਦੇ ਹਨ। 16 ਜੁਲਾਈ, 2023 ਤੱਕ ਅਮਰੀਕਾ ਵਿਚ ਐੱਚ-1ਬੀ Speciality Occupation Visa ਧਾਰਕ ਅਤੇ ਉਨ੍ਹਾਂ ਨਾਲ ਆਉਣ ਵਾਲੇ ਤਤਕਾਲ ਪਰਿਵਾਰ ਦੇ ਮੈਂਬਰ, ਕੈਨੇਡਾ ਆਉਣ ਲਈ ਅਰਜ਼ੀ ਦੇਣ ਦੇ ਯੋਗ ਹੋਣਗੇ।'

ਕੈਨੇਡਾ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਫੈਸਲੇ ਤਹਿਤ ਪ੍ਰਵਾਨਿਤ ਬਿਨੈਕਾਰਾਂ ਨੂੰ ਤਿੰਨ ਸਾਲ ਤੱਕ ਦੀ ਮਿਆਦ ਲਈ ਓਪਨ ਵਰਕ ਪਰਮਿਟ ਦਿੱਤੇ ਜਾਣਗੇ। ਮੰਤਰਾਲੇ ਦੀ ਰਿਲੀਜ਼ ਵਿਚ ਕਿਹਾ ਗਿਆ ਹੈ, 'ਯੂ.ਐੱਸ. ਵੀਜ਼ਾ ਧਾਰਕ

■ ਬਾਕੀ ਖਬਰ ਸਫਾ 16 'ਤੇ

## ਅਕਾਲੀ-ਭਾਜਪਾ ਦੀ ਇਕ ਵਾਰ ਫਿਰ ਪੈ ਸਕਦੀ ਹੈ ਗਲਵਕੜੀ!

- ਸਿਆਸੀ ਹਲਕਿਆਂ 'ਚ ਮੁੜ ਨਵੀਂ ਚਰਚਾ ਛਿੜੀ
- ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਚੋਣ ਗੱਠਜੋੜ ਦੀ ਬਣੀ ਸੰਭਾਵਨਾ

**ਸੰਗਰੂਰ, (ਪੰਜਾਬ ਮੇਲ)**- ਰੱਖਿਆ ਮੰਤਰੀ ਰਾਜ ਨਾਥ ਸਿੰਘ ਵਲੋਂ ਆਪਣੇ ਚੰਡੀਗੜ੍ਹ ਦੌਰੇ ਸਮੇਂ ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਬਾਰੇ ਦਿੱਤੇ ਬਿਆਨ ਨੇ ਸਿਆਸੀ ਹਲਕਿਆਂ 'ਚ ਮੁੜ ਨਵੀਂ ਚਰਚਾ ਛੇੜ ਦਿੱਤੀ ਹੈ। ਹੁਣ ਤੱਕ ਭਾਜਪਾ ਆਗੂ ਇੱਥੋਂ ਤੱਕ ਕਿ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਅਤੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਕਹਿੰਦੇ ਰਹੇ ਸਨ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਕਿਸੇ ਵੀ ਹਾਲਤ ਵਿਚ ਚੋਣ ਗੱਠਜੋੜ ਨਹੀਂ ਕੀਤਾ ਜਾਵੇਗਾ। ਇਨ੍ਹਾਂ ਹਲਕਿਆਂ ਅਨੁਸਾਰ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਚੋਣ ਗੱਠਜੋੜ ਦੀ ਸੰਭਾਵਨਾ ਬਣੀ ਹੋਈ ਹੈ ਕਿਉਂਕਿ ਦੋਵੇਂ ਪਾਰਟੀਆਂ ਇਸ ਸਥਿਤੀ 'ਚ ਨਹੀਂ ਹਨ ਕਿ ਅਲੱਗ-ਅਲੱਗ ਰਹਿ ਕੇ ਪੰਜਾਬ ਦੀਆਂ ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਕਰ ਸਕਣ। ਲੋਕ ਸਭਾ ਦੀ ਜਲੰਧਰ ਉੱਪ ਚੋਣ ਦੇ ਨਤੀਜਿਆਂ ਨੇ ਇਹ ਸਾਫ਼ ਕਰ ਹੀ ਦਿੱਤਾ ਹੈ ਕਿ ਅਲੱਗ-ਅਲੱਗ ਚੋਣ ਲੜਨ ਨਾਲ ਪੰਜਾਬ ਵਿਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੂੰ ਫ਼ਾਇਦਾ ਪਹੁੰਚੇਗਾ। 2024 ਦੀਆਂ ਚੋਣਾਂ ਦੌਰਾਨ ਭਾਜਪਾ ਇਕ-ਇਕ ਸੀਟ ਉੱਤੇ ਧਿਆਨ ਕੇਂਦਰਤ ਕਰੇਗੀ ਕਿਉਂਕਿ ਭਾਜਪਾ ਦੀ ਸਥਿਤੀ 2019 ਵਰਗੀ ਨਹੀਂ ਰਹੀ। 2019 'ਚ ਭਾਜਪਾ ਨੇ ਪੰਜਾਬ ਨੂੰ ਬਹੁਤਾ ਗੌਲਿਆ ਨਹੀਂ ਸੀ ਕਿਉਂਕਿ ਇਹ 13 ਸੀਟਾਂ ਵਾਲਾ ਰਾਜ ਹੈ, ਜਿੱਥੇ ਗੱਠਜੋੜ ਕਾਰਨ ਅਕਾਲੀ ਦਲ ਨੇ 10 ਅਤੇ ਭਾਜਪਾ ਨੇ 3 ਸੀਟਾਂ ਉੱਤੇ ਚੋਣ ਲੜੀ ਸੀ। ਸਿਆਸੀ ਹਲਕਿਆਂ ਅਨੁਸਾਰ ਇਸ ਵਾਰ ਭਾਜਪਾ ਵਲੋਂ ਅਕਾਲੀ ਦਲ 'ਤੇ ਵੱਧ ਸੀਟਾਂ ਛੱਡਣ ਲਈ ਦਬਾਅ ਬਣਾਇਆ ਜਾ ਰਿਹਾ ਹੈ ਅਤੇ ਭਾਜਪਾ ਆਗੂਆਂ ਵਲੋਂ ਚੋਣ ਗੱਠਜੋੜ ਨਾ ਕਰਨ ਦੇ ਦਿੱਤੇ ਜਾ ਰਹੇ ਬਿਆਨ ਦੀ ਇਸੇ ਕੜੀ ਦਾ ਹਿੱਸਾ ਹਨ। ਇਸ ਸਮੇਂ ਭਾਜਪਾ ਪੰਜਾਬ 'ਚ ਆਪਣੀ ਸਥਿਤੀ ਤੇਜ਼ੀ ਨਾਲ ਮਜ਼ਬੂਤ ਕਰਨ ਲੱਗੀ ਹੋਈ ਹੈ। ਪਾਰਟੀ ਵਲੋਂ ਕੀਤੀਆਂ ਜ਼ਿਲ੍ਹਾ ਪੱਧਰੀ ਮੀਟਿੰਗਾਂ ਵਿਚ ਭਰਵੇਂ ਇਕੱਠ ਇਸ ਗੱਲ ਦਾ ਸੰਕੇਤ ਹਨ ਕਿ ਭਾਜਪਾ 2019 ਨਾਲੋਂ ਪੰਜਾਬ ਵਿਚ ਮਜ਼ਬੂਤ ਹੋਈ ਹੈ। ਮਜ਼ਬੂਤੀ ਦੀ ਇਹ ਤੋਰ ਇਸ ਸਾਲ ਤੱਕ ਇਸੇ ਤਰ੍ਹਾਂ ਜਾਰੀ ਰੱਖੀ ਜਾਵੇਗੀ

■ ਬਾਕੀ ਖਬਰ ਸਫਾ 16 'ਤੇ

## 10 ਰਾਜ ਸਭਾ ਸੀਟਾਂ ਲਈ ਚੋਣਾਂ 24 ਜੁਲਾਈ ਨੂੰ



ਐਸ. ਜੈਸ਼ੰਕਰ ਅਤੇ ਡੇਰੇਕ ਓ ਬ੍ਰਾਇਨ।

**ਨਵੀਂ ਦਿੱਲੀ, (ਪੰਜਾਬ ਮੇਲ)**- 10 ਰਾਜ ਸਭਾ ਸੀਟਾਂ ਲਈ ਚੋਣਾਂ 24 ਜੁਲਾਈ ਨੂੰ ਹੋਣਗੀਆਂ। ਇਸ ਸੰਬੰਧੀ ਚੋਣ ਕਮਿਸ਼ਨ ਨੇ ਦੱਸਿਆ ਕਿ ਸੰਸਦ ਦੇ ਉਪਰਲੇ ਸਦਨ ਦੀਆਂ 10 ਸੀਟਾਂ ਜੁਲਾਈ ਤੇ ਅਗਸਤ 'ਚ ਖਾਲੀ ਹੋ ਰਹੀਆਂ ਹਨ, ਜਿਸ 'ਚ ਗੋਆ ਤੋਂ ਭਾਜਪਾ ਮੈਂਬਰ ਵਿਨੈ ਡੀ. ਤੇਂਦੁਲਕਰ ਤੇ ਗੁਜਰਾਤ ਤੋਂ ਜੈਸ਼ੰਕਰ, ਜੁਗਲਸਿੰਘ ਲੋਖੰਡਵਾਲਾ ਤੇ ਦਿਨੇਸ਼ਚੰਦਰ ਅਨਾਵਦੀਆ ਆਪਣਾ ਕਾਰਜਕਾਲ ਪੂਰਾ ਕਰਨ ਵਾਲਿਆਂ 'ਚ ਸ਼ਾਮਲ ਹਨ। ਪੱਛਮੀ ਬੰਗਾਲ ਤੋਂ ਟੀ.ਐੱਮ.ਸੀ. ਮੈਂਬਰ ਓ ਬ੍ਰਾਇਨ, ਡੋਲਾ ਸੇਨ, ਸੁਸ਼ਮਿਤਾ ਦੇਵ, ਸ਼ਾਂਤਾ ਛੇਤਰੀ ਤੇ ਸੁਖੇਂਦੂ ਸੇਖਰ ਰੇਅ ਸੇਵਾਮੁਕਤ ਹੋ ਰਹੇ ਹਨ। ਕਾਂਗਰਸ ਮੈਂਬਰ ਪ੍ਰਦੀਪ ਭੱਟਾਚਾਰੀਆ ਵੀ ਅਗਸਤ 'ਚ ਆਪਣਾ ਕਾਰਜਕਾਲ ਪੂਰਾ ਕਰ ਰਹੇ ਹਨ। ਵੋਟਾਂ ਦੀ ਗਿਣਤੀ 24 ਜੁਲਾਈ ਨੂੰ ਸ਼ਾਮ 5 ਵਜੇ ਚੋਣ ਪ੍ਰਕਿਰਿਆ ਦੀ ਸਮਾਪਤੀ ਤੋਂ ਇਕ ਘੰਟੇ ਬਾਅਦ ਹੀ ਹੋਵੇਗੀ। ਚੋਣ ਕਮਿਸ਼ਨ ਵਲੋਂ ਜਾਰੀ ਬਿਆਨ ਅਨੁਸਾਰ 10 ਮੈਂਬਰ ਉਪਰਲੇ ਸਦਨ 'ਚ ਛੇ ਸਾਲ ਦਾ ਕਾਰਜਕਾਲ ਪੂਰਾ ਹੋਣ 'ਤੇ 28 ਜੁਲਾਈ ਤੋਂ 18 ਅਗਸਤ ਦਰਮਿਆਨ ਸੇਵਾਮੁਕਤ ਹੋ ਰਹੇ ਹਨ। ਪੱਛਮੀ ਬੰਗਾਲ ਤੋਂ ਟੀ.ਐੱਮ.ਸੀ. ਦੇ ਲੁਈਜਿਨਹੋ ਜੋਆਕਿਮ ਫਾਲੇਰੋ ਦੇ ਅਸਤੀਫ਼ੇ ਤੋਂ ਬਾਅਦ ਰਾਜ ਸਭਾ 'ਚ ਖਾਲੀ ਥਾਂ ਨੂੰ ਭਰਨ ਲਈ ਉਪ-ਚੋਣ ਵੀ 24 ਜੁਲਾਈ ਨੂੰ ਹੋਵੇਗੀ। ਉਨ੍ਹਾਂ ਅਪ੍ਰੈਲ 'ਚ ਅਸਤੀਫ਼ਾ ਦੇ ਦਿੱਤਾ ਸੀ, ਜਦਕਿ ਉਨ੍ਹਾਂ ਦੀ ਸੀਟ ਦੀ ਮਿਆਦ ਅਪ੍ਰੈਲ 2026 'ਚ ਖ਼ਤਮ ਹੋਣੀ ਸੀ।

## ਭਾਰਤ ਤੋਂ ਵਿਦੇਸ਼ ਜਾਣ ਲਈ ਟਿਕਟਾਂ ਹੋਣਗੀਆਂ ਮਹਿੰਗੀਆਂ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਸਰਕਾਰ ਵੱਲੋਂ ਵਿਦੇਸ਼ ਜਾਣ ਲਈ ਹਵਾਈ



ਸਫਰ ਮਹਿੰਗਾ ਕੀਤਾ ਜਾ ਰਿਹਾ ਹੈ। 1 ਜੁਲਾਈ ਤੋਂ ਵਿਦੇਸ਼ ਜਾਣ ਵਾਲੇ ਯਾਤਰੀਆਂ ਨੂੰ 20 ਫੀਸਦੀ ਟੀ.ਸੀ.ਐੱਸ. ਵਾਧੂ ਚਾਰਜ ਲਾਇਆ ਜਾ ਰਿਹਾ ਹੈ, ਜਿਸ ਨਾਲ ਹਵਾਈ ਸਫਰ ਕਾਫੀ ਮਹਿੰਗਾ ਹੋ ਜਾਵੇਗਾ। ਜੇਕਰ ਕੋਈ ਭਾਰਤੀ ਕਿਸੇ ਸਥਾਨਕ ਟਰੈਵਲ ਏਜੰਟ ਜਾਂ ਆਨਲਾਈਨ ਪੋਰਟਲ ਰਾਹੀਂ ਵਿਦੇਸ਼ੀ ਟੂਰ ਬੁੱਕ ਕਰਨਗੇ, ਤਾਂ ਉਸ ਨੂੰ 20 ਫੀਸਦੀ ਟੀ.ਸੀ.ਐੱਸ. ਦੀ ਮੋਟੀ ਰਕਮ ਅਦਾ ਕਰਨੀ ਪਵੇਗੀ। ਪਰ ਜੇਕਰ ਯਾਤਰੀ ਅੰਤਰਰਾਸ਼ਟਰੀ ਵੈੱਬਸਾਈਟ ਰਾਹੀਂ ਪੇਸ਼ ਕੀਤੇ ਟੂਰ ਪੈਕੇਜ ਲੈਣ ਲਈ ਅੰਤਰਰਾਸ਼ਟਰੀ ਡੇਬਿਟ ਅਤੇ ਕ੍ਰੈਡਿਟ ਕਾਰਡਾਂ ਰਾਹੀਂ ਭੁਗਤਾਨ ਕਰਦੇ ਹਨ, ਤਾਂ ਉਸ ਉੱਤੇ ਟੀ.ਸੀ.ਐੱਸ. ਨਹੀਂ ਹੋਵੇਗਾ ਅਤੇ ਇਸ ਦੀ ਲਿਮਟ 7 ਲੱਖ ਰੁਪਏ ਰੱਖੀ ਗਈ ਹੈ।

## ਸਿਆਟਲ ਵਿਖੇ ਖੋਲ੍ਹਿਆ ਜਾਵੇਗਾ ਇੰਡੀਅਨ ਕੌਂਸਲੇਟ ਦਫਤਰ

- ਸਿਆਟਲ ਵਿਖੇ ਕੌਂਸਲੇਟ ਦਫਤਰ ਖੁੱਲ੍ਹਣ ਨਾਲ ਇਲਾਕੇ ਦੇ ਲੋਕਾਂ ਨੂੰ ਹੋਵੇਗਾ ਫਾਇਦਾ

**ਸਿਆਟਲ, (ਪੰਜਾਬ ਮੇਲ)**- ਭਾਰਤ ਵੱਲੋਂ ਜਲਦ ਹੀ ਅਮਰੀਕਾ ਦੀ ਸਟੇਟ ਵਾਸ਼ਿੰਗਟਨ ਵਿਖੇ ਆਪਣਾ ਕੌਂਸਲੇਟ ਦਫਤਰ ਖੋਲ੍ਹਿਆ ਜਾ ਰਿਹਾ ਹੈ। ਸਿਆਟਲ ਵਿਖੇ ਖੋਲ੍ਹੇ ਜਾਣ ਵਾਲੇ ਇਸ ਕੌਂਸਲੇਟ ਦਫਤਰ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਅਮਰੀਕਾ ਫੇਰੀ ਦੌਰਾਨ ਐਲਾਨ ਕੀਤਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਇਸ ਤੋਂ ਇਲਾਵਾ ਅਮਰੀਕਾ ਵਿਚ ਦੋ ਹੋਰ ਕੌਂਸਲੇਟ ਦਫਤਰ ਖੋਲ੍ਹੇ ਜਾਣਗੇ।

ਜ਼ਿਕਰਯੋਗ ਹੈ ਕਿ ਸਿਆਟਲ ਵਾਸੀ ਭਾਰਤੀਆਂ ਨੂੰ ਪਾਸਪੋਰਟ, ਵੀਜ਼ਾ ਅਤੇ ਹੋਰ ਕਿਸੇ ਵੀ ਕੰਮ ਲਈ ਕੈਲੀਫੋਰਨੀਆ ਦੇ ਸ਼ਹਿਰ ਸਾਨ ਫਰਾਂਸਿਸਕੋ ਵਿਚ ਸਥਿਤ ਕੌਂਸਲੇਟ ਦਫਤਰ ਵਿਖੇ ਜਾਣਾ ਪੈਂਦਾ ਸੀ, ਜੋ ਕਿ ਕਾਫੀ ਦੂਰ ਪੈਂਦਾ ਹੈ। ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਦਫਤਰ ਦੇ ਅਧੀਨ ਅਮਰੀਕਾ ਦੀਆਂ 13 ਸਟੇਟਾਂ ਲਈ ਕੰਮ ਹੁੰਦਾ ਹੈ ਅਤੇ ਭਾਰਤੀਆਂ ਦੀ ਆਬਾਦੀ ਇਥੇ ਵਧ ਜਾਣ ਕਾਰਨ ਇਸ ਦਫਤਰ ਵਿਚ ਕੰਮ ਦਾ ਕਾਫੀ ਬੋਝ ਪੈ ਗਿਆ ਹੈ। ਸਿਆਟਲ ਵਿਖੇ ਕੌਂਸਲੇਟ ਦਫਤਰ ਖੁੱਲ੍ਹਣ ਨਾਲ ਇਲਾਕੇ ਦੇ ਲੋਕਾਂ ਨੂੰ ਫਾਇਦਾ ਹੋਵੇਗਾ, ਉਥੇ ਭਾਰਤੀਆਂ ਦੇ ਕੰਮਾਂ ਦਾ ਵੀ ਜਲਦ ਨਿਬੇੜਾ ਹੋ ਸਕੇਗਾ।

## ਅਮਰੀਕੀ ਅਦਾਲਤ ਵੱਲੋਂ ਪੰਜਾਬੀ ਵਿਅਕਤੀ ਨੂੰ 3 ਸਾਲ ਦੀ ਸਜ਼ਾ

- 800 ਤੋਂ ਵੱਧ ਭਾਰਤੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਕਰਾਉਣ ਦਾ ਸੀ ਦੋਸ਼



**ਸੈਕਰਾਮੈਂਟੋ, (ਪੰਜਾਬ ਮੇਲ)**- 49 ਸਾਲਾ ਭਾਰਤੀ-ਅਮਰੀਕੀ ਵਿਅਕਤੀ ਨੂੰ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੈਨੇਡਾ ਤੋਂ ਸਰਹੱਦ ਪਾਰ ਕਰਵਾ ਕੇ ਅਮਰੀਕਾ ਦਾਖਲ ਕਰਨ ਦੇ ਦੋਸ਼ ਵਿਚ ਤਿੰਨ ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ ਹੈ। ਕੈਲੀਫੋਰਨੀਆ ਦੇ ਐਲਕ ਗਰੋਵ ਦੇ ਰਜਿੰਦਰ ਪਾਲ ਸਿੰਘ ਉਰਫ਼ ਜਸਪਾਲ ਗਿੱਲ ਨੂੰ ਸਿਆਟਲ ਦੀ ਜ਼ਿਲ੍ਹਾ ਅਦਾਲਤ ਨੇ ਸਜ਼ਾ ਸੁਣਾਈ। ਗਿੱਲ ਨੇ ਫਰਵਰੀ ਵਿਚ ਦੋਸ਼ੀ ਕਬੂਲ ਕੀਤਾ ਸੀ ਤੇ ਮੰਨਿਆ ਸੀ ਕਿ ਉਸ ਨੇ ਤਸਕਰੀ ਗਰੋਹ ਦੇ ਪ੍ਰਮੁੱਖ ਮੈਂਬਰ ਵਜੋਂ ਇਸ ਕੰਮ ਲਈ 500,000 ਡਾਲਰ ਤੋਂ ਵੱਧ ਲਏ ਸਨ। ਉਹ ਭਾਰਤੀਆਂ ਨੂੰ ਨਾਜਾਇਜ਼ ਢੰਗ ਨਾਲ ਅਮਰੀਕਾ 'ਚ ਦਾਖਲ ਕਰਾਉਣ ਲਈ ਉਬੇਰ ਦੀ ਵਰਤੋਂ ਕਰਦਾ ਸੀ। ਚਾਰ ਸਾਲਾਂ ਦੇ ਅਰਸੇ ਵਿਚ ਉਸ ਨੇ 800 ਤੋਂ ਵੱਧ ਲੋਕਾਂ ਨੂੰ ਅਮਰੀਕਾ ਵਿਚ ਲਿਆਂਦਾ।

## 'ਸਿੱਖ ਗੁਰਦੁਆਰਾ ਸੋਧ ਬਿੱਲ' ਮਨਜ਼ੂਰੀ ਲਈ ਰਾਜਪਾਲ ਕੋਲ ਭੇਜਿਆ

- 'ਬਿੱਲ' ਨੂੰ ਲੈ ਕੇ ਭਖੀ ਹੋਈ ਸੂਬੇ ਦੀ ਸਿਆਸਤ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਨੇ ਵਿਧਾਨ ਸਭਾ ਦੇ ਦੋ ਰੋਜ਼ਾ ਵਿਸ਼ੇਸ਼ ਸੈਸ਼ਨ ਵਿਚ ਪਾਸ ਕੀਤੇ ਗਏ ਅਹਿਮ ਬਿੱਲ ਰਾਜਪਾਲ ਕੋਲ ਪ੍ਰਵਾਨਗੀ ਲਈ ਭੇਜ ਦਿੱਤੇ ਗਏ ਹਨ। ਜਾਣਕਾਰੀ ਅਨੁਸਾਰ ਪੰਜਾਬ ਵਿਧਾਨ ਸਭਾ ਵਿਚ ਇਸ ਵਾਰ ਚਾਰ ਬਿੱਲ ਪਾਸ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਦੋ ਬਿੱਲ ਰਾਜਪਾਲ ਕੋਲ ਪ੍ਰਵਾਨਗੀ ਲਈ ਭੇਜੇ ਗਏ ਹਨ। ਸੂਤਰਾਂ ਅਨੁਸਾਰ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ 'ਸਿੱਖ ਗੁਰਦੁਆਰਾ ਸੋਧ ਬਿੱਲ' ਅਤੇ 'ਪੰਜਾਬ ਪੁਲਿਸ ਸੋਧ ਬਿੱਲ-2023' ਨੂੰ ਰਾਜਪਾਲ ਕੋਲ ਮਨਜ਼ੂਰੀ ਲਈ ਭੇਜ ਦਿੱਤਾ ਗਿਆ ਹੈ। ਇਨ੍ਹਾਂ ਬਿੱਲਾਂ 'ਚੋਂ 'ਸਿੱਖ ਗੁਰਦੁਆਰਾ ਸੋਧ ਬਿੱਲ' ਨੂੰ ਲੈ ਕੇ ਸੂਬੇ ਦੀ ਸਿਆਸਤ ਪੂਰੀ ਤਰ੍ਹਾਂ ਭਖੀ ਹੋਈ ਹੈ। ਜਾਣਕਾਰੀ ਅਨੁਸਾਰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪਹਿਲਾਂ ਹੀ ਆਖ ਚੁੱਕੇ ਹਨ ਕਿ ਉਹ ਸੰਵਿਧਾਨਿਕ ਨਜ਼ਰੀਏ ਤੋਂ ਇਨ੍ਹਾਂ ਬਿੱਲਾਂ ਦੀ ਘੋਖ ਕਰਨਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਮੁਲਾਕਾਤ ਕਰਕੇ ਰਾਜਪਾਲ ਨੂੰ 'ਸਿੱਖ ਗੁਰਦੁਆਰਾ ਸੋਧ ਬਿੱਲ' ਨੂੰ ਪ੍ਰਵਾਨਗੀ ਨਾ ਦੇਣ ਦੀ ਅਪੀਲ ਕਰ ਚੁੱਕੇ ਹਨ। ਇਹ ਬਿੱਲ ਸ੍ਰੀ ਹਰਿਮੰਦਰ ਸਾਹਿਬ 'ਚੋਂ ਗੁਰਬਾਣੀ ਦੇ ਪ੍ਰਸਾਰਨ ਨਾਲ ਸਬੰਧਤ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇਸ ਬਿੱਲ ਨੂੰ ਸਰਕਾਰ ਦਾ ਸਿੱਖ ਮਾਮਲਿਆਂ ਵਿਚ ਸਿੱਧਾ ਦਾਖ਼ਲ ਦੱਸ ਰਹੀ ਹੈ, ਜਦਕਿ ਮੁੱਖ ਮੰਤਰੀ ਭਗਵੰਤ ਮਾਨ ਗੁਰਬਾਣੀ ਪ੍ਰਸਾਰਨ ਦੇ ਮਾਮਲੇ ਵਿਚ ਕਿਸੇ ਵਿਸ਼ੇਸ਼ ਚੈਨਲ ਦੀ ਅਜਾਰੇਦਾਰੀ ਖ਼ਤਮ ਕਰਨ ਦੀ ਗੱਲ ਕਰ ਰਹੇ ਹਨ। ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ 'ਪੰਜਾਬ ਐਫਿਲੀਏਟਿਡ ਕਾਲਜਿਜ਼ (ਸੇਵਾਵਾਂ ਦੀ ਸੁਰੱਖਿਆ) ਸੋਧ ਬਿੱਲ-2023' ਅਤੇ 'ਪੰਜਾਬ ਯੂਨੀਵਰਸਿਟੀ ਲਾਅਜ਼ ਸੋਧ ਬਿੱਲ' ਨੂੰ ਫ਼ਿਲਹਾਲ ਰਾਜਪਾਲ ਕੋਲ ਨਹੀਂ ਭੇਜਿਆ ਗਿਆ ਹੈ। ਇਸ ਬਿੱਲ ਜ਼ਰੀਏ ਸੂਬਾਈ ਯੂਨੀਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਮੁੱਖ ਮੰਤਰੀ ਹਵਾਲੇ ਕੀਤੇ ਜਾਣਾ ਹੈ ਤੇ

■ ਬਾਕੀ ਖਬਰ ਸਫਾ 16 'ਤੇ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮੀਟਿੰਗ ਦੌਰਾਨ ਅਹੁਦੇਦਾਰਾਂ ਦਾ ਐਲਾਨ

## ● ਦਿਲ ਨਿੱਜਰ ਬਣੇ ਨਵੇਂ ਪ੍ਰਧਾਨ






**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.) ਦੀ ਇਕ ਅਹਿਮ ਮੀਟਿੰਗ ਮਾਊਂਟੇਨ ਮਾਈਕ ਪੀਜ਼ਾ, ਨਟੋਮਸ, ਸੈਕਰਾਮੈਂਟੋ ਵਿਖੇ ਹੋਈ। ਮੀਟਿੰਗ ਦੌਰਾਨ ਸਭਾ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ। ਸਭ ਤੋਂ ਪਹਿਲਾਂ ਜੀਵਨ ਰੱਤੂ ਨੇ ਸਟੇਜ ਸੰਭਾਲੀ ਅਤੇ ਸਭਾ ਦੀਆਂ ਪਿਛਲੀਆਂ ਕਾਰਵਾਈਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਸਭਾ ਦੇ ਨਵੇਂ ਪ੍ਰਧਾਨ ਦਿਲ ਨਿੱਜਰ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਦਿਲ ਨਿੱਜਰ ਨੇ ਸਾਹਿਤ ਸਭਾ ਨਾਲ ਸੰਬੰਧਤ ਆਪਣੇ ਤਜ਼ਰਬਿਆਂ ਨੂੰ ਆਏ ਮਹਿਮਾਨਾਂ ਸਾਹਮਣੇ ਪੇਸ਼ ਕੀਤਾ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸਭਾ ਨੂੰ ਹੋਰ ਵੀ ਬੁਲੰਦੀਆਂ 'ਤੇ ਲਿਜਾਇਆ ਜਾਵੇਗਾ। ਇਸ ਦੌਰਾਨ ਉਨ੍ਹਾਂ ਨੇ ਸਭਾ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ, ਜਿਨ੍ਹਾਂ ਵਿਚ ਗੁਰਜਤਿੰਦਰ ਸਿੰਘ ਰੰਧਾਵਾ ਜਨਰਲ ਸੈਕਟਰੀ, ਅਸਿਸਟੈਂਟ ਸੈਕਟਰੀ ਜੋਤੀ ਸਿੰਘ, ਕੈਸ਼ੀਅਰ ਜੀਵਨ ਰੱਤੂ, ਡਾਇਰੈਕਟਰ ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਮਨਜੀਤ ਕੌਰ ਸੇਖੋਂ ਸ਼ਾਮਲ ਸਨ।

ਇਸ ਉਪਰੰਤ ਸਟੇਜ ਦੀ ਸੇਵਾ ਨਵੇਂ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਸੰਭਾਲੀ ਅਤੇ ਕਿਹਾ ਕਿ ਇਸ ਸਮੇਂ ਸਭਾ ਨੂੰ ਦੋ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪਹਿਲਾ ਸਭਾ ਨੂੰ ਸੰਗਠਿਤ ਕੀਤਾ ਜਾਵੇਗਾ ਅਤੇ ਦੂਜਾ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕੀਤਾ ਜਾਵੇਗਾ।

ਇਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਨਵੇਂ ਬਣੇ ਪ੍ਰਧਾਨ ਦਿਲ ਨਿੱਜਰ ਨੂੰ ਵਧਾਈਆਂ ਦਿੱਤੀਆਂ ਅਤੇ ਉਮੀਦ ਜ਼ਾਹਿਰ ਕੀਤੀ ਕਿ ਉਹ ਆਉਣ ਵਾਲੇ ਸਮੇਂ ਵਿਚ ਪ੍ਰਧਾਨਗੀ ਦੇ ਅਹੁਦੇ 'ਤੇ ਰਹਿੰਦਿਆਂ ਆਪਣੀ ਕਸੌਟੀ 'ਤੇ ਖਰੇ ਉਤਰਨਗੇ। ਬੁਲਾਰਿਆਂ ਵਿਚ ਸੁਖਚੈਨ ਸਿੰਘ, ਜੇ.ਪੀ. ਸਿੰਘ, ਰਾਠੇਸ਼ਵਰ ਸਿੰਘ ਸੁਰਾਪੁਰੀ, ਜੋਤੀ ਸਿੰਘ, ਮਨਜੀਤ ਕੌਰ ਸੇਖੋਂ, ਹਰਨੇਕ ਸਿੰਘ, ਗੁਰਦੀਪ ਕੌਰ, ਜੀਵਨ ਰੱਤੂ, ਹਰਜੀਤ ਹਮਸਫਰ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੇ ਦੂਜੇ ਦੌਰ ਵਿਚ ਕਵੀ ਸੰਮੇਲਨ ਆਯੋਜਿਤ ਕੀਤਾ ਗਿਆ, ਜਿਸ ਵਿਚ ਵੱਖ-ਵੱਖ ਕਵੀਆਂ ਨੇ ਆਪਣੇ ਕਲਾਮ ਪੇਸ਼ ਕੀਤੇ, ਜਿਨ੍ਹਾਂ ਵਿਚ ਦਿਲ ਨਿੱਜਰ, ਰਾਠੇਸ਼ਵਰ ਸਿੰਘ ਸੁਰਾਪੁਰੀ, ਮਨਜੀਤ ਕੌਰ ਸੇਖੋਂ, ਗੁਰਜਤਿੰਦਰ ਸਿੰਘ ਰੰਧਾਵਾ, ਜੀਵਨ ਰੱਤੂ, ਇਮਤਿਆਜ਼ ਮਲਿਕ, ਹਰਜੀਤ ਹਮਸਫਰ, ਡਾ. ਕਾਹਲੋਂ, ਬਿਕਰ ਮਾਨ, ਡਾ. ਪਰਗਣ ਸਿੰਘ ਹੁੰਦਲ, ਇੰਦਰ ਮਾਇਲ, ਅਜੈਬ ਸਿੰਘ ਚੀਮਾ, ਅਨੂਪਿੰਦਰ ਸੰਧੂ ਸ਼ਾਮਲ ਸਨ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪਰਮਿੰਦਰ ਕੌਰ, ਦਲਜੀਤ ਕੌਰ ਸੰਧੂ, ਗੁਰਮੀਤ ਬਾਸੀ, ਗਿੱਲ ਸਾਹਿਬ, ਮਿਸਿਜ਼ ਬਰਾੜ, ਬਲਜੀਤ ਸੋਹੀ, ਤਤਿੰਦਰ ਕੌਰ, ਰਮਨ, ਮਨਜੀਤ ਪੂਰੇਵਾਲ ਨੇ ਵੀ ਸ਼ਿਰਕਤ ਕੀਤੀ।

REALTY ONE GROUP

FOR SALE & PURCHASE OF ANY KIND OF PROPERTY

Recently Sold Properties






Gurjatinder S. Randhawa
REALTOR CA DRE licence # 01490567

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
web: www.RealtorRandhawa.com
916-320-9444
garysingh123@yahoo.com

# ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਸਰਕਾਰ ਦਾ ਸਿੱਖ ਗੁਰਦੁਆਰਾ (ਸੋਧ) ਬਿੱਲ 2023 ਬਿੱਲ ਮੁਕੰਮਲ ਰੱਦ

- ਵਿਸ਼ੇਸ਼ ਇਜਲਾਸ 'ਚ ਲਿਆ ਫੈਸਲਾ;
- ਪੰਜਾਬ ਸਰਕਾਰ ਵਿਰੁੱਧ ਕਰੜਾ ਸੰਘਰਸ਼ ਵਿੱਢਣ ਦੀ ਚੇਤਾਵਨੀ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੱਦੇ ਗਏ ਇਜਲਾਸ ਵਿਚ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਗਏ ਸਿੱਖ ਗੁਰਦੁਆਰਾ ਸੋਧ ਐਕਟ ਨੂੰ ਰੱਦ ਕਰ ਦਿੱਤਾ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸੱਦੇ ਗਏ ਇਜਲਾਸ ਦੌਰਾਨ ਇਸ ਸੋਧ ਐਕਟ ਖ਼ਿਲਾਫ਼ ਮਤਾ ਪਾਸ ਕਰਦਿਆਂ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ 103 ਸਾਲ ਪੁਰਾਣਾ ਇਤਿਹਾਸ ਹੈ ਅਤੇ 1925 ਵਿਚ ਇਹ ਐਕਟ ਬਣਾਇਆ ਗਿਆ ਸੀ। ਕਾਨੂੰਨ ਦਾਅ ਪੇਚ ਰਾਹੀਂ ਐੱਸ.ਜੀ.ਪੀ.ਸੀ. ਦੇ ਹੱਕਾਂ ਨੂੰ ਹਥਿਆਉਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਨਹਿਰੂ ਤੇ ਮਾਸਟਰ ਤਾਰਾ ਸਿੰਘ ਐਕਟ ਦੀ ਉਲੰਘਣਾ ਕੀਤੀ ਗਈ ਹੈ।

ਐੱਸ.ਜੀ.ਪੀ.ਸੀ. ਪ੍ਰਧਾਨ ਨੇ ਕਿਹਾ ਕਿ ਸਿੱਖਾਂ ਦੇ ਨਿੱਜੀ ਮਾਮਲਿਆਂ ਵਿਚ ਸਰਕਾਰੀ ਦਖ਼ਲ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਐੱਸ.ਜੀ.ਪੀ.ਸੀ. ਹਮੇਸ਼ਾ ਤੋਂ ਜਮਹੂਰੀ ਕਮੇਟੀ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਐਕਟ ਵਿਚ ਸੋਧ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ, ਨਾ ਕੇਂਦਰ ਸਰਕਾਰ ਇਸ ਵਿਚ ਦਖਲ ਦੇ ਸਕਦੀ ਹੈ ਅਤੇ ਨਾ ਹੀ ਪੰਜਾਬ ਸਰਕਾਰ ਇਸ ਵਿਚ ਦਖਲਅੰਦਾਜ਼ੀ ਕਰ ਸਕਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੇਜਰੀਵਾਲ ਦੇ ਇਸ਼ਾਰੇ 'ਤੇ ਐੱਸ.ਜੀ.ਪੀ.ਸੀ. ਦੇ ਹੱਕਾਂ ਨੂੰ ਹਥਿਆਉਣ ਅਤੇ ਕੇਜਰੀਵਾਲ ਦੀ ਸਿੱਖ ਵਿਰੋਧੀ ਸੋਚ ਨੂੰ ਲਾਗੂ ਕਰਨ ਦੇ ਚੱਲਦੇ ਇਹ ਫ਼ੈਸਲੇ ਲੈ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਅਧਿਕਾਰਾਂ ਤੋਂ ਬਾਹਰ ਜਾ ਕੇ ਆਪ ਹੁਦਰਾ ਫੈਸਲਾ ਕੀਤਾ ਹੈ। ਲਿਹਾਜ਼ਾ ਪੰਜਾਬ ਸਰਕਾਰ ਤੁਰੰਤ ਗੁਰਦੁਆਰਾ ਐਕਟ ਵਿਚ ਕੀਤੀ ਗਈ ਸੋਧ ਨੂੰ ਰੱਦ ਕਰੇ, ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਹੈ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਮੋਰਚੇ ਦੀ ਸ਼ੁਰੂਆਤ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਕਿਸੇ ਵੀ ਤਰ੍ਹਾਂ ਦੀ ਸੋਧ ਨੂੰ ਪ੍ਰਵਾਨ ਨਹੀਂ ਕਰਦੀ ਹੈ।

# ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਐੱਨ.ਆਈ.ਏ. ਕੋਲ ਖੁਲਾਸਾ

- ਕਿਹਾ: 'ਪੁਲਸ ਕਵਰ' ਲੈਣ ਦੇ ਇੱਛੁਕ ਰਾਜਨੇਤਾ ਤੇ ਕਾਰੋਬਾਰੀ ਮੇਰੀ 'ਧਮਕੀ ਭਰੀ ਕਾਲ' ਦੇ ਬਦਲੇ ਮੈਨੂੰ ਦਿੰਦੇ ਨੇ ਪੈਸੇ

**ਨਵੀਂ ਦਿੱਲੀ, (ਪੰਜਾਬ ਮੇਲ)-** ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ. ਏ.) ਨੂੰ ਦੱਸਿਆ ਕਿ ਰਾਜਨੇਤਾ ਅਤੇ ਕਾਰੋਬਾਰੀ, ਜਿਸ ਕਿਸੇ ਦੀ ਵੀ ਪੁਲਿਸ ਕਵਰ ਲੈਣ ਦੀ ਇੱਛਾ ਹੁੰਦੀ ਸੀ, ਉਹ ਮੇਰੀ 'ਧਮਕੀ ਭਰੀ ਕਾਲ' ਦੇ ਬਦਲੇ ਮੈਨੂੰ ਪੈਸੇ ਦਿੰਦੇ ਹਨ।

ਸਿੱਧੂ ਮੂਸੇਵਾਲਾ ਹੱਤਿਆਕਾਂਡ ਦਾ ਮੁੱਖ ਮੁਲਜ਼ਮ ਬਿਸ਼ਨੋਈ ਫਿਲਹਾਲ ਬਠਿੰਡਾ ਦੀ ਜੇਲ੍ਹ 'ਚ ਹੈ। ਉਹ ਅਪ੍ਰੈਲ ਤੋਂ ਐੱਨ.ਆਈ.ਏ. ਦੀ ਹਿਰਾਸਤ 'ਚ ਹੈ ਅਤੇ ਖਾਲਿਸਤਾਨੀ ਸੰਗਠਨਾਂ ਲਈ ਫੰਡਿੰਗ ਨਾਲ ਜੁੜੇ ਮਾਮਲੇ 'ਚ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਸ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਸ਼ਰਾਬ ਡੀਲਰਾਂ, ਕਾਲ ਸੈਂਟਰ ਦੇ ਮਾਲਕਾਂ, ਦਵਾਈ ਸਪਲਾਇਰਾਂ ਅਤੇ ਰੀਅਲ ਅਸਟੇਟ ਕਾਰੋਬਾਰੀਆਂ ਤੋਂ ਹਰ ਮਹੀਨੇ 2.5 ਕਰੋੜ ਰੁਪਏ ਦੀ ਵਸੂਲੀ ਕਰ ਰਿਹਾ ਹੈ। ਉਸ ਨੇ ਦਾਅਵਾ ਕੀਤਾ ਕਿ ਇਨ੍ਹੀਂ ਦਿਨੀਂ ਕਈ ਰਾਜਨੇਤਾ ਅਤੇ ਕਾਰੋਬਾਰੀ ਸਬੰਧਤ ਸੂਬੇ ਦੀ ਪੁਲਿਸ ਤੋਂ ਸੁਰੱਖਿਆ ਲੈਣ ਲਈ ਧਮਕੀ ਭਰੇ ਜ਼ਬਰਨ ਵਸੂਲੀ ਦੇ ਕਾਲ ਕਰਨ ਲਈ ਉਸ ਨੂੰ ਪੈਸੇ ਦੇ ਰਹੇ ਹਨ।

# ਵਿਜੀਲੈਂਸ ਵੱਲੋਂ ਬਲਬੀਰ ਸਿੱਧੂ ਕੋਲੋਂ 5 ਘੰਟੇ ਪੁੱਛਗਿੱਛ

- ਤੀਜੀ ਵਾਰ ਵਿਜੀਲੈਂਸ ਜਾਂਚ ਟੀਮ ਅੱਗੇ ਹੋਏ ਪੇਸ਼



ਵਿਜੀਲੈਂਸ ਦਫ਼ਤਰ 'ਚੋਂ ਬਾਹਰ ਆਉਂਦੇ ਹੋਏ ਬਲਬੀਰ ਸਿੰਘ ਸਿੱਧੂ।

**ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਭਾਜਪਾ ਆਗੂ ਬਲਬੀਰ ਸਿੰਘ ਸਿੱਧੂ ਤੀਜੀ ਵਾਰ ਮੁਹਾਲੀ ਸਥਿਤ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਵਿਚ ਜਾਂਚ ਟੀਮ ਅੱਗੇ ਪੇਸ਼ ਹੋਏ। ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਹੋ ਰਹੀ ਇਸ ਜਾਂਚ ਸਬੰਧੀ ਵਿਜੀਲੈਂਸ ਦੀ ਟੀਮ ਨੇ ਭਾਜਪਾ ਆਗੂ ਕੋਲੋਂ ਲਗਪਗ 5 ਘੰਟੇ ਪੁੱਛ-ਪੜਤਾਲ ਕੀਤੀ। ਇਸ ਸਬੰਧੀ ਸਿੱਧੂ ਪਹਿਲਾਂ ਹੀ ਆਪਣੀ ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਜਾਇਦਾਦ ਅਤੇ ਕਾਰੋਬਾਰ ਸਬੰਧੀ ਸਾਰਾ ਰਿਕਾਰਡ ਵਿਜੀਲੈਂਸ ਨੂੰ ਸੌਂਪ ਚੁੱਕੇ ਹਨ। ਜਾਣਕਾਰੀ ਅਨੁਸਾਰ ਬਲਬੀਰ ਸਿੱਧੂ 'ਤੇ ਕਾਂਗਰਸ ਸਰਕਾਰ ਵਿਚ ਕੈਬਨਿਟ ਮੰਤਰੀ ਹੁੰਦਿਆਂ ਮੁਹਾਲੀ, ਰੂਪਨਗਰ, ਬਰਨਾਲਾ ਤੇ ਬਠਿੰਡਾ ਜ਼ਿਲ੍ਹਿਆਂ ਸਣੇ ਚੰਡੀਗੜ੍ਹ ਵਿਚ ਆਮਦਨ ਤੋਂ ਵੱਧ ਬਹੁ-ਕਰੋੜੀ ਜਾਇਦਾਦਾਂ ਬਣਾਉਣ ਦਾ ਦੋਸ਼ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਹੋਏ ਸੱਤਾ ਪਰਿਵਰਤਨ ਮਗਰੋਂ ਬਲਬੀਰ ਸਿੱਧੂ ਅਤੇ ਉਨ੍ਹਾਂ ਦੇ ਛੋਟੇ ਭਰਾ ਜੀਤੀ ਸਿੱਧੂ ਕਾਂਗਰਸ ਨੂੰ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਜਾਣਕਾਰੀ ਅਨੁਸਾਰ ਮੇਅਰ ਜੀਤੀ ਸਿੱਧੂ ਖ਼ਿਲਾਫ਼ ਵੀ ਵੱਖਰੇ ਤੌਰ 'ਤੇ ਜਾਂਚ ਚੱਲ ਰਹੀ ਹੈ। ਸਰਕਾਰ ਵੱਲੋਂ ਸਿੱਧੂ ਭਰਾਵਾਂ ਖ਼ਿਲਾਫ਼ ਨਵੰਬਰ 2022 ਵਿਚ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਗਏ ਸਨ।

ਵਿਜੀਲੈਂਸ ਅਨੁਸਾਰ ਸਿੱਧੂ ਭਰਾਵਾਂ ਨੇ ਸਿਆਸੀ ਰਸੂਖ਼ ਦੀ ਦੁਰਵਰਤੋਂ ਕਰਦਿਆਂ ਮੁਹਾਲੀ ਸਮੇਤ ਦੂਜੇ ਜ਼ਿਲ੍ਹਿਆਂ ਵਿਚ ਜਾਇਦਾਦਾਂ ਬਣਾਈਆਂ ਹਨ, ਜਿਸ ਬਾਰੇ ਵਿਜੀਲੈਂਸ ਟੀਮ ਨੇ ਮੁੜ ਬਲਬੀਰ ਸਿੱਧੂ ਤੋਂ ਪੁੱਛ-ਪੜਤਾਲ ਕੀਤੀ ਹੈ। ਇਸ ਤੋਂ ਪਹਿਲਾਂ ਬੀਤੀ 21 ਅਪ੍ਰੈਲ ਨੂੰ ਸਿੱਧੂ ਤੋਂ ਕਰੀਬ 8 ਘੰਟੇ ਅਤੇ 5 ਜੂਨ ਨੂੰ ਲਗਪਗ 5 ਘੰਟੇ ਪੁੱਛ-ਪੜਤਾਲ ਕੀਤੀ ਗਈ ਸੀ।

ਜਾਂਚ ਮਗਰੋਂ ਵਿਜੀਲੈਂਸ ਭਵਨ ਤੋਂ ਬਾਹਰ ਆਉਣ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਬਲਬੀਰ ਸਿੱਧੂ ਨੇ ਦੱਸਿਆ ਕਿ ਵਿਜੀਲੈਂਸ ਨੇ ਉਨ੍ਹਾਂ ਦੀਆਂ ਫਰਮਾਂ, ਜ਼ਮੀਨ ਜਾਇਦਾਦ, ਬੈਂਕਾਂ ਦੇ ਲੈਣ-ਦੇਣ ਅਤੇ ਹੋਰ ਸਬੰਧਤ ਦਸਤਾਵੇਜ਼ ਮੰਗੇ ਸਨ ਤੇ ਉਹ ਵਿਜੀਲੈਂਸ ਨੂੰ ਇਹ ਦਸਤਾਵੇਜ਼ ਦੇ ਆਏ ਹਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਭਾਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਕਪੂਰਥਲਾ ਦੇ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਕਮਰਾਏ ਵੱਲੋਂ ਖੁਦਕੁਸ਼ੀ



ਸਾਬਕਾ ਪ੍ਰਧਾਨ ਸੁਰਜੀਤ ਸਿੰਘ ਦੀ ਯਾਦਗਰੀ ਤਸਵੀਰ।

**ਭੁਲੱਥ, (ਅਜੈ ਗੋਗਨਾ/ਪੰਜਾਬ ਮੇਲ)-** ਬੀਤੇ ਦਿਨੀਂ ਨਜ਼ਦੀਕੀ ਪਿੰਡ ਕਮਰਾਏ ਦੇ ਵਾਸੀ ਅਤੇ ਨਗਰ ਪੰਚਾਇਤ ਭੁਲੱਥ ਦੇ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਕਮਰਾਏ ਨੇ ਆਪਣੇ ਘਰ ਅੰਦਰ ਹੀ ਆਪਣੇ ਲਾਇਸੰਸੀ ਰਿਵਾਲਵਰ ਨਾਲ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਸੁਰਜੀਤ ਸਿੰਘ ਕਮਰਾਏ ਘਰ ਵਿਚ ਇੱਕਲਾ ਹੀ ਰਹਿੰਦਾ ਸੀ। ਉਸਦੇ ਦੋ ਬੇਟੇ ਵਿਦੇਸ਼ ਅਮਰੀਕਾ ਅਤੇ ਤਿੰਨੋਂ ਬੇਟੀਆਂ ਸ਼ਾਦੀ-ਸੁਦਾ ਹਨ ਅਤੇ ਉਸਦੀ ਪਤਨੀ ਉਸ ਤੋਂ ਵੱਖ ਰਹਿ ਰਹੀ ਸੀ। ਇਸ ਘਟਨਾ ਬਾਰੇ ਪਰਿਵਾਰਕ ਮੈਂਬਰਾਂ ਨੂੰ ਉਸ ਸਮੇਂ ਪਤਾ ਲੱਗਾ, ਜਦੋ ਉਸਦੀ ਬੇਟੀ ਵਾਰ-ਵਾਰ ਫੋਨ ਲਗਾ ਰਹੀ ਸੀ ਪ੍ਰੰਤੂ ਕੋਈ ਫੋਨ ਨਹੀਂ ਚੁੱਕਦਾ ਸੀ। ਉਸ ਨੇ ਆਪਣੇ ਪੇਕੇ ਪਰਿਵਾਰ ਦੇ ਗੁਆਢੀਆਂ ਨੂੰ ਫੋਨ ਕਰਕੇ ਆਪਣੇ ਪਿਤਾ ਬਾਰੇ ਪੁੱਛਿਆ, ਤਾਂ ਉਨ੍ਹਾਂ ਕਿਹਾ ਕਿ ਘਰ ਦੇ ਅੰਦਰ ਲਾਇਟ ਤੇ ਪੱਖਾ ਚੱਲ ਰਿਹਾ ਹੈ, ਦੁੱਧ ਵਾਲਾ ਵੀ ਆਵਾਜ਼ਾਂ ਮਾਰ ਕੇ ਚਲਾ ਗਿਆ ਹੈ ਪ੍ਰੰਤੂ ਅੰਦਰੋਂ ਸੁਰਜੀਤ ਸਿੰਘ ਕੋਈ ਜਵਾਬ ਨਹੀਂ ਦੇ ਰਿਹਾ ਅਤੇ ਨਾ ਹੀ ਉਸਨੂੰ ਦੋ ਦਿਨ ਤੋਂ ਦੇਖਿਆ ਗਿਆ ਹੈ। ਸਵੇਰੇ ਮ੍ਰਿਤਕ ਦੀ ਬੇਟੀ ਉਸਦਾ ਪੁੱਤਰ ਆਪਣੇ ਪੇਕੇ ਘਰ ਆਏ, ਤਾਂ ਬਾਹਰ ਦਾ ਮੇਨ ਦਰਵਾਜ਼ਾ ਖੜਕਾਇਆ, ਤਾਂ ਕੋਈ ਬਾਹਰ ਨਹੀਂ ਆਇਆ।

Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA Certified Insurance Agent

Designed By Punjab Mail USA

Ph.: (916) 900-2000

# ਸ਼੍ਰੋਮਣੀ ਕਮੇਟੀ ਦਾ ਵਫ਼ਦ ਗੁਰਦੁਆਰਾ ਸੋਧ ਬਿੱਲ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਨਾਲ ਕਰੇਗਾ ਮੁਲਾਕਾਤ

**ਰਾਸ਼ਟਰਪਤੀ ਮੁਰਮੂ ਨਾਲ ਵੀ ਕੀਤੀ ਜਾ ਸਕਦੀ ਹੈ ਮੁਲਾਕਾਤ**

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਦਾ ਇਕ ਵਫਦ ਜਲਦੀ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲੇਗਾ। ਇਹ ਸਿੱਖ ਵਫ਼ਦ ਕੇਂਦਰੀ ਗ੍ਰਹਿ ਮੰਤਰੀ ਨੂੰ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿੱਲ 2023 ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਸਰਬਸੰਮਤੀ ਨਾਲ ਰੱਦ ਕੀਤੇ ਗਏ ਮਤੇ ਦੀ ਸਮੁੱਚੀ ਕਾਰਵਾਈ ਬਾਰੇ ਜਾਣੂ ਕਰਵਾਏਗਾ।

ਸ਼੍ਰੋਮਣੀ ਕਮੇਟੀ ਨੇ ਸੋਮਵਾਰ ਨੂੰ ਜਨਰਲ ਹਾਊਸ ਦਾ ਵਿਸ਼ੇਸ਼ ਇਜਲਾਸ ਸੱਦਿਆ ਸੀ, ਜਿਸ ਵਿਚ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿੱਲ ਨੂੰ ਜਨਰਲ ਹਾਊਸ ਨੇ ਮੁੱਢੋਂ ਰੱਦ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ ਜਨਰਲ ਹਾਊਸ ਦੀ ਇਸ ਸਮੁੱਚੀ ਕਾਰਵਾਈ ਅਤੇ ਰੱਦ ਕੀਤੇ ਗਏ ਮਤੇ ਨੂੰ ਦਸਤਾਵੇਜ਼ੀ ਕਾਰਵਾਈ ਦੇ ਰੂਪ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਲਦੀ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਜਾਵੇਗੀ। ਇਸ ਸਬੰਧ ਵਿਚ ਮੁਲਾਕਾਤ ਵਾਸਤੇ ਸਮਾਂ ਲੈਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਰਾਸ਼ਟਰਪਤੀ ਨਾਲ ਵੀ ਮੁਲਾਕਾਤ ਕਰਨਾ ਚਾਹੁੰਦੀ ਹੈ ਅਤੇ ਬਾਅਦ ਵਿਚ ਇਸ ਸਬੰਧੀ ਮੁਲਾਕਾਤ ਲਈ ਵੀ ਯਤਨ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪੰਜਾਬ ਦੇ ਰਾਜਪਾਲ ਨੂੰ ਪਹਿਲਾਂ ਹੀ ਮਿਲ ਚੁੱਕੀ ਹੈ। ਸ਼੍ਰੋਮਣੀ ਕਮੇਟੀ ਨੇ ਰਾਜਪਾਲ ਨੂੰ ਅਪੀਲ ਕੀਤੀ ਸੀ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿੱਲ 2023 ਨੂੰ ਮਨਜ਼ੂਰੀ ਨਾ ਦਿੱਤੀ ਜਾਵੇ। ਗੌਰਤਲਬ ਹੈ ਕਿ ਬੀਤੇ ਦਿਨੀਂ ਪੰਜਾਬ ਸਰਕਾਰ ਨੇ ਪੰਜਾਬ ਵਿਧਾਨ ਸਭਾ 'ਚ ਗੁਰਦੁਆਰਾ ਸੋਧ ਬਿੱਲ ਪਾਸ ਕੀਤਾ ਸੀ, ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਹਰੇਕ ਚੈਨਲ ਨੂੰ ਹੱਕ ਦੇਣ ਦੀ ਤਜਵੀਜ਼ ਸ਼ਾਮਲ ਹੈ।

## ਸਾਬਕਾ ਵਿਧਾਇਕ ਕਿੱਕੀ ਢਿੱਲੋਂ ਦੀ ਅਦਾਲਤੀ ਹਿਰਾਸਤ 'ਚ 5 ਜੁਲਾਈ ਤੱਕ ਦਾ ਵਾਧਾ



**ਫ਼ਰੀਦਕੋਟ, (ਪੰਜਾਬ ਮੇਲ)-** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਜਨਰਲ ਸਕੱਤਰ ਤੇ ਫਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਦੀ ਅਦਾਲਤੀ ਹਿਰਾਸਤ ਇਲਾਕਾ ਮੈਜਿਸਟਰੇਟ ਨੇ 5 ਜੁਲਾਈ ਤੱਕ ਵਧਾ ਦਿੱਤੀ ਹੈ। ਬੀਤੇ ਹਫਤੇ ਬੁੱਧਵਾਰ ਉਸ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਇਸੇ ਦਰਮਿਆਨ ਸਾਬਕਾ ਵਿਧਾਇਕ ਦੇ ਕਰੀਬੀ ਸਾਥੀ ਤੇ ਕੇਸ ਵਿਚ ਸਹਿ-ਮੁਲਜ਼ਮ ਵਜੋਂ ਨਾਮਜ਼ਦ ਰਾਜਵਿੰਦਰ ਸਿੰਘ ਨੇ ਇਥੇ ਵਧੀਕ ਸ਼ੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕਰ ਕੇ ਗ੍ਰਿਫ਼ਤਾਰੀ ਉੱਪਰ ਰੋਕ ਦੀ ਮੰਗ ਕੀਤੀ ਹੈ।

## ਗਿਆਨੀ ਹਰਪ੍ਰੀਤ ਸਿੰਘ ਨੇ ਅਸਿੱਧੇ ਤੌਰ 'ਤੇ 'ਦਬਾਅ' ਕਾਰਨ ਸੇਵਾ ਛੱਡਣ ਦੀ ਗੱਲ ਕਬੂਲੀ



**ਅੰਮ੍ਰਿਤਸਰ, (ਪੰਜਾਬ ਮੇਲ)-** ਅਕਾਲ ਤਖ਼ਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਸਿੱਧੇ ਤੌਰ 'ਤੇ ਮੰਨਿਆ ਕਿ ਉਨ੍ਹਾਂ ਦਬਾਅ ਕਾਰਨ ਸੇਵਾ ਛੱਡੀ ਹੈ। ਉਹ ਅਕਾਲ ਤਖ਼ਤ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਸੇਵਾ ਸੰਭਾਲ ਸਮਾਗਮ 'ਚ ਸ਼ਾਮਲ ਹੋਣ ਪੁੱਜੇ ਸਨ। ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿੱਲ ਬਾਰੇ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦਾ ਨਾਮ ਲਏ ਬਗੈਰ ਆਖਿਆ ਕਿ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਸਮਾਗਮ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹੁਣ ਉਹ ਤਣਾਅ ਮੁਕਤ ਹਨ ਅਤੇ ਸਕੂਨ ਮਹਿਸੂਸ ਕਰ ਰਹੇ ਹਨ। ਜ਼ਿੰਮੇਵਾਰੀ ਕਾਰਨ ਪਹਿਲਾਂ ਉਹ ਆਪਣਾ ਸਿਮਰਨ ਵੀ ਪੂਰਾ ਨਹੀਂ ਕਰ ਸਕਦੇ ਸਨ। ਵਿਧਾਨ ਸਭਾ ਵਿਚ ਪਾਸ ਕੀਤੇ ਗਏ ਗੁਰਦੁਆਰਾ ਸੋਧ ਬਿੱਲ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਪੈਦਾ ਹੋਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, "ਇਸ ਲਈ ਵੱਡੇ ਅਹੁਦਿਆਂ 'ਤੇ ਬੈਠੇ ਅਸੀਂ ਸਾਰੇ ਜ਼ਿੰਮੇਵਾਰ ਹਾਂ।" ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ।

# ਵਿਜੀਲੈਂਸ ਵੱਲੋਂ ਪਰਲਜ਼ ਗਰੁੱਪ ਦੀਆਂ ਖ਼ੁਰਦ-ਬੁਰਦ ਜਾਇਦਾਦਾਂ ਦੀ ਜਾਂਚ ਆਰੰਭੀ

**ਮਾਲ ਮਹਿਕਮੇ ਨੂੰ ਲਿਖਿਆ ਪੱਤਰ; ਖੱਟੀ ਖਾਣ ਵਾਲੇ ਅਫ਼ਸਰਾਂ ਦੀ ਆਏਗੀ ਸ਼ਾਮਤ**




**ਚੰਡੀਗੜ੍ਹ, (ਪੰਜਾਬ ਮੇਲ)-** ਵਿਜੀਲੈਂਸ ਬਿਊਰੋ ਨੇ ਪੰਜਾਬ 'ਚ ਪਰਲਜ਼ ਗਰੁੱਪ ਦੀਆਂ ਖ਼ੁਰਦ-ਬੁਰਦ ਹੋਈਆਂ ਜਾਇਦਾਦਾਂ ਦੀ ਜਾਂਚ ਆਰੰਭ ਦਿੱਤੀ ਹੈ। ਇਨ੍ਹਾਂ ਜਾਇਦਾਦਾਂ ਨੂੰ ਖ਼ੁਰਦ-ਬੁਰਦ ਕਰਨ ਵਿਚ ਭੂਮਿਕਾ ਨਿਭਾਉਣ ਵਾਲੇ ਅਫ਼ਸਰਾਂ 'ਤੇ ਵੀ ਉਂਗਲ ਉੱਠੇਗੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕਰੀਬ ਇੱਕ ਮਹੀਨਾ ਪਹਿਲਾਂ ਪਰਲਜ਼ ਗਰੁੱਪ ਦੀ ਕਰੋੜਾਂ ਰੁਪਏ ਦੀ ਧੋਖਾਧੜੀ ਦੀ ਜਾਂਚ ਵਿਜੀਲੈਂਸ ਨੂੰ ਸੌਂਪੀ ਸੀ। ਵਿਜੀਲੈਂਸ ਨੇ ਇਸ ਲਈ ਜ਼ੀਰਾ ਥਾਣੇ ਵਿਚ ਪਰਲਜ਼ ਗਰੁੱਪ ਦੇ ਘਪਲੇ ਬਾਰੇ ਵਰ੍ਹਾ 2020 ਵਿਚ ਦਰਜ ਐੱਫ.ਆਈ.ਆਰ. ਨੰਬਰ 79 ਅਤੇ 2023 ਵਿਚ ਮੁਹਾਲੀ ਦੇ ਸਟੇਟ ਕ੍ਰਾਈਮ ਥਾਣੇ ਵਿਚ ਦਰਜ ਐੱਫ.ਆਈ.ਆਰ. ਨੰਬਰ ਇੱਕ ਨੂੰ ਆਧਾਰ ਬਣਾਇਆ ਹੈ।

ਵਿਜੀਲੈਂਸ ਬਿਊਰੋ ਨੇ ਹੁਣ ਮਾਲ ਵਿਭਾਗ ਨੂੰ ਪੱਤਰ ਲਿਖਿਆ ਹੈ, ਜਿਸ ਵਿਚ ਪਰਲਜ਼ ਗਰੁੱਪ ਦੀਆਂ ਜਾਇਦਾਦਾਂ ਦੀ ਪੜਤਾਲ ਅਤੇ ਇਨ੍ਹਾਂ ਦੀ ਸੰਪਤੀ ਵਿਚ ਹੋਏ ਫੇਰਬਦਲ ਨੂੰ ਲੈ ਕੇ ਵੇਰਵੇ ਮੰਗੇ ਗਏ ਹਨ। ਜਾਂਚ ਏਜੰਸੀ ਨੇ ਉਨ੍ਹਾਂ ਸੰਪਤੀਆਂ ਬਾਰੇ ਪੁੱਛਿਆ ਹੈ, ਜਿਨ੍ਹਾਂ ਦੇ ਜ਼ਮੀਨੀ ਰਿਕਾਰਡ ਵਿਚ ਨਵੀਆਂ ਐਂਟਰੀਆਂ ਦਰਜ ਹੋਈਆਂ ਹਨ। ਡਿਪਟੀ ਕਮਿਸ਼ਨਰਾਂ ਨੂੰ ਮਾਲ ਰਿਕਾਰਡ ਵਿਚ ਦਰਜ ਇਨ੍ਹਾਂ ਐਂਟਰੀਆਂ ਦੀ ਨਿੱਜੀ ਤੌਰ 'ਤੇ ਤਸਦੀਕ ਕੀਤੇ ਜਾਣ ਦੀ ਗੱਲ ਆਖੀ ਗਈ ਹੈ। ਇਨ੍ਹਾਂ ਜਾਇਦਾਦਾਂ ਦੇ ਹੋਏ ਤਬਾਦਲਿਆਂ ਅਤੇ ਰਜਿਸਟਰੀਆਂ ਆਦਿ ਬਾਰੇ ਵੀ ਪੁੱਛਿਆ ਹੈ। ਇਸ ਬਾਰੇ ਡਿਪਟੀ ਕਮਿਸ਼ਨਰਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਵਾਸਤੇ ਆਖਿਆ ਗਿਆ ਹੈ। ਡਿਪਟੀ ਕਮਿਸ਼ਨਰ ਨੂੰ ਇਹ ਵੀ ਕਿਹਾ ਗਿਆ ਹੈ ਕਿ ਜਿੱਥੇ ਵੀ ਅਜਿਹੇ ਮਾਮਲਿਆਂ 'ਚ ਅਧਿਕਾਰੀਆਂ ਦੀ ਭੂਮਿਕਾ ਨਜ਼ਰ ਆਉਂਦੀ ਹੈ, ਤਾਂ ਉਸ ਬਾਰੇ ਵੀ ਵਿਜੀਲੈਂਸ ਨੂੰ ਦੱਸਿਆ ਜਾਵੇ।

## ਅਨੁਰਾਗ ਵਰਮਾ ਹੋਣਗੇ ਪੰਜਾਬ ਦੇ ਨਵੇਂ ਮੁੱਖ ਸਕੱਤਰ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਹੁਕਮਾਂ ਤਹਿਤ 1993 ਬੈਚ ਦੇ ਆਈ.ਏ.ਐੱਸ. ਅਧਿਕਾਰੀ ਅਨੁਰਾਗ ਵਰਮਾ ਸੂਬੇ ਦੇ ਨਵੇਂ ਮੁੱਖ ਸਕੱਤਰ ਹੋਣਗੇ। ਉਹ ਪਹਿਲੀ ਜੁਲਾਈ, 2023 ਨੂੰ ਸੂਬੇ ਦੇ 42ਵੇਂ ਮੁੱਖ ਸਕੱਤਰ ਵਜੋਂ ਕਾਰਜਭਾਰ ਸੰਭਾਲਣਗੇ। ਵਰਮਾ ਮੌਜੂਦਾ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਦੀ ਥਾਂ ਲੈਣਗੇ ਜੋ 30 ਜੂਨ 2023 ਨੂੰ ਸੇਵਾਮੁਕਤ ਹੋ ਰਹੇ ਹਨ। ਅਨੁਰਾਗ ਵਰਮਾ ਮੌਜੂਦਾ ਸਮੇਂ ਵਧੀਕ ਮੁੱਖ ਸਕੱਤਰ ਗ੍ਰਹਿ, ਉਦਯੋਗ ਤੇ ਕਾਮਰਸ, ਕਾਨੂੰਨੀ ਤੇ ਵਿਧਾਨਕ ਮਾਮਲੇ, ਸੂਚਨਾ ਤਕਨਾਲੋਜੀ ਅਤੇ ਨਿਵੇਸ਼ ਪ੍ਰੋਤਸਾਹਨ ਹਨ। ਨਵੇਂ ਆਦੇਸ਼ਾਂ ਮੁਤਾਬਕ ਸ੍ਰੀ ਵਰਮਾ ਕੋਲ ਮੁੱਖ ਸਕੱਤਰ ਤੋਂ ਇਲਾਵਾ ਪ੍ਰਮੁੱਖ ਸਕੱਤਰ ਪ੍ਰਸੋਨਲ ਤੇ ਵਿਜੀਲੈਂਸ ਦਾ ਵਾਧੂ ਚਾਰਜ ਰਹੇਗਾ।

ਪਟਿਆਲਾ ਵਿਖੇ ਅਧਿਆਪਕ ਪਰਿਵਾਰ ਵਿਚ ਜਨਮੇ ਅਨੁਰਾਗ ਵਰਮਾ ਦੇ ਪਿਤਾ ਕੈਮਿਸਟਰੀ ਦੇ ਪ੍ਰੋਫੈਸਰ ਅਤੇ ਮਾਤਾ ਅੰਗਰੇਜ਼ੀ ਅਧਿਆਪਕਾ ਰਹੇ ਹਨ।






# VALLEJO TEEYAN MELA 2023

## Sunday, July 16th, 2023 from 12-6pm

Hosted By



Asha Sharma

*Only for Ladies and Children*

**At Dan Foley Cultural Center**

(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.

Organizer



Sunita Verma

Come and enjoy a day filled with entertainment and festiveties, including Punjabi Folk songs and dances, Gidha, Boliyan and much more...



Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

Email: sonalideep@gmail.com









# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਖੀ ਸਰੂਪ ਦਾ ਮਜ਼ਾਕ ਉਡਾਉਣ ਨੂੰ ਲੈ ਕੇ ਸਿੱਖ ਜਗਤ 'ਚ ਭਾਰੀ ਰੋਸ

- **ਜਨਤਕ ਤੌਰ 'ਤੇ ਸਿੱਖ ਕੌਮ ਕੋਲੋਂ ਮੁਆਫ਼ੀ ਮੰਗਣ ਦੀ ਮੰਗ**
- **ਵੱਖ-ਵੱਖ ਰਾਜਨੀਤਿਕ ਤੇ ਧਾਰਮਿਕ ਆਗੂਆਂ ਵੱਲੋਂ ਸਖ਼ਤ ਆਲੋਚਨਾ**

**ਜਲੰਧਰ, (ਪੰਜਾਬ ਮੇਲ)**- ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਦੇ ਪ੍ਰਸਾਰਨ ਸਬੰਧੀ ਵਿਧਾਨ ਸਭਾ 'ਚ ਸੋਧ ਬਿੱਲ ਪਾਸ ਕਰਵਾ ਕੇ ਗੈਰ-ਸੰਵਿਧਾਨਿਕ ਕਾਰਵਾਈਆਂ ਤੇ ਸਿੱਖ ਕੌਮ ਦੇ ਧਾਰਮਿਕ ਮਸਲਿਆਂ 'ਚ ਸਿੱਧੀ ਦਖਲਅੰਦਾਜ਼ੀ ਦੇ ਦੋਸ਼ਾਂ ਕਾਰਨ ਲਗਾਤਾਰ ਵਿਵਾਦਾਂ 'ਚ ਘਿਰੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਮੁਸ਼ਕਿਲਾਂ ਉਸ ਵੇਲੇ ਹੋਰ ਵਧ ਗਈਆਂ, ਜਦੋਂ ਉਨ੍ਹਾਂ ਨੇ ਸਿੱਖ ਕੌਮ ਦੇ ਧਾਰਮਿਕ ਚਿੰਨ੍ਹਾਂ ਦਾੜ੍ਹੀ-ਕੇਸ (ਕਕਾਰਾਂ) ਦਾ ਮਜ਼ਾਕ ਉਡਾਉਂਦੇ ਹੋਏ ਸਿਆਸੀ ਆਗੂਆਂ ਦੇ ਕਿਰਦਾਰ 'ਤੇ ਗੰਭੀਰ ਸਵਾਲ ਉਠਾਏ। ਮੁੱਖ ਮੰਤਰੀ ਵੱਲੋਂ ਦਾੜ੍ਹੀ-ਕੇਸਾਂ 'ਤੇ ਕੀਤੀ ਗਈ ਟਿੱਪਣੀ 'ਤੇ ਵੱਖ-ਵੱਖ ਰਾਜਨੀਤਿਕ ਤੇ ਧਾਰਮਿਕ ਆਗੂਆਂ ਨੇ ਸਖ਼ਤ ਇਤਰਾਜ਼ ਕਰਦਿਆਂ ਕਿਹਾ ਕਿ ਭਗਵੰਤ ਮਾਨ ਨੂੰ ਸਿੱਖ ਕੌਮ ਕੋਲੋਂ ਫੌਰੀ ਤੌਰ 'ਤੇ ਮੁਆਫ਼ੀ ਮੰਗਣੀ ਚਾਹੀਦੀ ਹੈ। ਵੱਖ-ਵੱਖ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਮਾਮਲੇ 'ਚ ਲੰਬੇ ਹੱਥੀਂ ਲੈਂਦੇ ਹੋਏ ਕਿਹਾ ਕਿ ਇਕ ਅਜਿਹੇ ਵਿਅਕਤੀ, ਜੋ ਖ਼ੁਦ ਸਿੱਖ ਧਾਰਮਿਕ ਮਾਣ-ਮਰਿਆਦਾ ਤੋਂ ਕੋਹਾਂ ਦੂਰ ਹੋਵੇ ਅਤੇ ਜਿਸ ਨੇ ਖ਼ੁਦ ਦਾੜ੍ਹੀ-ਕੇਸਾਂ ਦੀ ਬੇਅਦਬੀ ਕੀਤੀ ਹੋਵੇ, ਨੂੰ ਸਿੱਖ ਕੌਮ ਦੇ ਧਾਰਮਿਕ ਚਿੰਨ੍ਹਾਂ ਬਾਰੇ ਟਿੱਪਣੀ ਕਰਨ ਦਾ ਕੋਈ ਅਧਿਕਾਰ ਨਹੀਂ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੇ ਪਵਿੱਤਰ ਸਦਨ 'ਚ ਮੁੱਖ ਮੰਤਰੀ ਦੇ ਇਸ ਗੈਰ-ਜ਼ਿੰਮੇਵਾਰਾਨਾ ਬਿਆਨ ਨਾਲ ਸਿੱਖ ਕੌਮ ਦੇ ਹਿਰਦੇ ਬੁਰੀ ਤਰ੍ਹਾਂ ਨਾਲ ਵਲੂੰਧਰੇ ਗਏ ਹਨ ਤੇ ਇਸ ਤੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਹੰਕਾਰ ਸਪੱਸ਼ਟ ਝਲਕਦਾ ਹੈ ਪਰ ਸਿੱਖ ਕੌਮ ਅਜਿਹੀਆਂ ਕਾਰਵਾਈਆਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਧਾਨ ਸਭਾ ਅੰਦਰ ਦਾੜ੍ਹੇ ਨੂੰ ਲੈ ਕੇ ਕੀਤੀ ਟਿੱਪਣੀ 'ਤੇ ਸਖ਼ਤ ਇਤਰਾਜ਼ ਕਰਦੇ ਹੋਏ ਕਿਹਾ ਕਿ ਸਨਮਾਨਯੋਗ ਅਹੁਦੇ 'ਤੇ ਰਹਿ ਕੇ ਸੂਬੇ ਦੀ ਅਗਵਾਈ ਕਰ ਰਹੇ ਇਕ ਜ਼ਿੰਮੇਵਾਰ ਵਿਅਕਤੀ ਤੋਂ ਅਜਿਹੇ ਬਿਆਨ ਦੀ ਉੱਕਾ ਹੀ ਉਮੀਦ ਨਹੀਂ ਕੀਤੀ ਜਾ ਸਕਦੀ।

## 700 ਵਿਦਿਆਰਥੀਆਂ ਨੂੰ ਫਰਜ਼ੀ ਦਸਤਾਵੇਜ਼ਾਂ 'ਤੇ ਕੈਨੇਡਾ ਭੇਜਣ ਵਾਲਾ ਏਜੰਟ ਬ੍ਰਿਜੇਸ਼ ਮਿਸ਼ਰਾ ਗ੍ਰਿਫ਼ਤਾਰ

**ਟੋਰਾਂਟੋ, (ਪੰਜਾਬ ਮੇਲ)**- ਫਰਜ਼ੀ ਦਸਤਾਵੇਜ਼ਾਂ 'ਤੇ 700 ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਭੇਜਣ ਵਾਲੇ ਜਲੰਧਰ ਦੇ ਏਜੰਟ ਬ੍ਰਿਜੇਸ਼ ਮਿਸ਼ਰਾ ਨੂੰ ਕੈਨੇਡਾ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਬ੍ਰਿਜੇਸ਼ ਮਿਸ਼ਰਾ ਦੀ ਗ੍ਰਿਫ਼ਤਾਰੀ ਉਦੋਂ ਹੋਈ, ਜਦੋਂ ਉਹ ਕੈਨੇਡਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਮਿਸ਼ਰਾ ਨੂੰ ਕੈਨੇਡਾ ਬਾਰਡਰ ਸੁਰੱਖਿਆ ਏਜੰਸੀ ਨੇ ਫੜ ਲਿਆ ਹੈ। ਦੱਸ ਦਈਏ ਕਿ ਬ੍ਰਿਜੇਸ਼ ਮਿਸ਼ਰਾ ਜਲੰਧਰ ਵਿਚ ਇੱਕ ਇਮੀਗ੍ਰੇਸ਼ਨ ਏਜੰਸੀ ਚਲਾਉਂਦਾ ਹੈ। ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ ਨਾਲ ਧੋਖਾਧੜੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਉਹ ਫਰਾਰ ਹੋ ਗਿਆ ਸੀ। ਜਾਅਲੀ ਕਾਲਜ ਦਾਖਲਾ ਪੱਤਰ ਘੁਟਾਲੇ ਕਾਰਨ ਪੰਜਾਬ ਅਤੇ ਭਾਰਤ ਦੇ ਹੋਰ ਰਾਜਾਂ ਦੇ ਸੈਂਕੜੇ ਵਿਦਿਆਰਥੀ ਕਥਿਤ ਤੌਰ 'ਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਹਨ।

# ਸੀਨੀਅਰ ਐਡਵੋਕੇਟ ਸ. ਫੂਲਕਾ ਵੱਲੋਂ ਸਿੱਖ ਗੁਰਦੁਆਰਾ ਸੋਧ ਬਿੱਲ ਵਾਪਸ ਲੈਣ ਦੀ ਅਪੀਲ

- **ਕਿਹਾ: ਗੁਰਦੁਆਰਾ ਸੋਧ ਬਿੱਲ ਪਾਸ ਕਰਨਾ ਖ਼ਤਰਨਾਕ**

**ਚੰਡੀਗੜ੍ਹ, (ਪੰਜਾਬ ਮਲ)**- ਸੀਨੀਅਰ ਐਡਵੋਕੇਟ ਅਤੇ ਸਾਬਕਾ ਵਿਧਾਇਕ



ਹਰਵਿੰਦਰ ਸਿੰਘ ਫੂਲਕਾ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿੱਖ ਗੁਰਦੁਆਰਾ ਸੋਧ ਬਿੱਲ ਨੂੰ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ-1925 ਵਿਚ ਆਪਮੁਹਾਰੇ ਸੋਧ ਕਰਨਾ ਖ਼ਤਰਨਾਕ ਪ੍ਰੰਪਰਾ ਹੈ, ਜੋ ਸਰਕਾਰਾਂ ਲਈ ਰਵਾਇਤ ਬਣ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਸਿੱਖ ਗੁਰਦੁਆਰਾ ਐਕਟ ਬਣਿਆ ਹੈ, ਉਦੋਂ ਤੋਂ ਅੱਜ ਤੱਕ ਜਿੰਨੀਆਂ ਵੀ ਸੋਧਾਂ ਜਾਂ ਤਬਦੀਲੀਆਂ ਹੋਈਆਂ ਹਨ, ਉਹ ਸ਼੍ਰੋਮਣੀ ਕਮੇਟੀ ਜਾਂ ਸਿੱਖ ਕੌਮ ਦੀ ਸਹਿਮਤੀ ਨਾਲ ਹੋਈਆਂ ਹਨ, ਕਿਸੇ ਵੀ ਸਰਕਾਰ ਨੇ ਖੁਦ ਅਜਿਹੀ ਸੋਧ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ 1958-59 ਵਿਚ ਇੱਕ ਵਾਰੀ ਇੱਕ ਤਬਦੀਲੀ ਕੀਤੀ ਸੀ, ਉਸ ਵੇਲੇ ਸਿੱਖਾਂ ਵੱਲੋਂ ਵੱਡਾ ਵਿਰੋਧ ਹੋਇਆ ਸੀ। ਉਨ੍ਹਾਂ ਕਿਹਾ ਕਿ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤੇ ਵਿਚ ਇਹ ਤੈਅ ਹੋਇਆ ਸੀ ਕਿ ਸ਼੍ਰੋਮਣੀ ਕਮੇਟੀ ਦੇ ਪਾਸ ਕੀਤੇ ਮਤੇ ਤੋਂ ਬਿਨਾਂ ਕੋਈ ਸੋਧ ਨਹੀਂ ਹੋਵੇਗੀ ਪਰ ਮੌਜੂਦਾ ਸਰਕਾਰ ਨੇ ਆਪ ਮੁਹਾਰੇ ਸੋਧ ਕਰਕੇ ਖਤਰਨਾਕ ਪ੍ਰੰਪਰਾ ਦੀ ਸ਼ੁਰੂਆਤ ਕਰ ਦਿੱਤੀ ਹੈ। ਸ਼੍ਰੀ ਫੂਲਕਾ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਸਿੱਖ ਜਥੇਬੰਦੀਆਂ ਅਤੇ ਪਤਵੰਤੇ ਸਿੱਖ ਰਾਸ਼ਟਰਪਤੀ, ਰਾਜਪਾਲ, ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਚਿੱਠੀਆਂ ਲਿਖਣ ਕਿ ਸਿੱਖਾਂ ਅਤੇ ਭਾਰਤ ਸਰਕਾਰ ਦੇ ਸਮਝੌਤੇ ਦੀ ਕਿਸੇ ਵੀ ਹਾਲਤ ਵਿਚ ਉਲੰਘਣਾ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਸੋਧ ਕਰਕੇ ਬਾਦਲਾਂ ਦਾ ਨੁਕਸਾਨ ਨਹੀਂ ਕੀਤਾ, ਬਲਕਿ ਬਾਦਲਾਂ ਨੂੰ ਆਕਸੀਜਨ ਦੇਣ ਦਾ ਕੰਮ ਕੀਤਾ ਹੈ ਕਿਉਂਕਿ ਬਾਦਲਾਂ ਕੋਲ ਹੁਣ ਤੱਕ ਕੋਈ ਮੁੱਦਾ ਨਹੀਂ ਸੀ।

# ਨਗਰ ਨਿਗਮ ਚੋਣਾਂ: ਨਵੇਂ ਸਿਰੇ ਤੋਂ ਵਾਰਡਬੰਦੀ ਦਾ ਡਰਾਫਟ ਨੋਟੀਫਿਕੇਸ਼ਨ ਇਸ ਮਹੀਨੇ ਹੋ ਸਕਦੈ ਜਾਰੀ



**ਲੁਧਿਆਣਾ, (ਪੰਜਾਬ ਮੇਲ)**- ਨਗਰ ਨਿਗਮ ਚੋਣ ਲਈ ਨਵੇਂ ਸਿਰੇ ਤੋਂ ਵਾਰਡਬੰਦੀ ਫਾਈਨਲ ਕਰਨ ਨੂੰ ਲੈ ਕੇ ਆਖਿਰ ਵਿਧਾਇਕਾਂ 'ਚ ਸਹਿਮਤੀ ਬਣ ਗਈ ਹੈ, ਜਿਸ ਦੇ ਅਧੀਨ ਡਰਾਫਟ ਨੋਟੀਫਿਕੇਸ਼ਨ ਇਸੇ ਮਹੀਨੇ ਜਾਰੀ ਹੋ ਸਕਦਾ ਹੈ। ਇੱਥੇ ਦੱਸਣਾ ਜ਼ਰੂਰੀ ਹੋਵੇਗਾ ਕਿ ਸਰਕਾਰ ਵਲੋਂ ਨਗਰ ਨਿਗਮ ਚੋਣਾਂ ਕਰਵਾਉਣ ਲਈ ਨਵੇਂ ਸਿਰੇ ਤੋਂ ਵਾਰਡਬੰਦੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਲਈ ਆਬਾਦੀ ਦਾ ਡੋਰ-ਟੂ-ਡੋਰ ਸਰਵੇ ਕਰਨ ਤੋਂ ਬਾਅਦ ਨਵੇਂ ਸਿਰੇ ਤੋਂ ਬਾਊਂਡਰੀ ਮਾਰਕ ਕਰਨ ਦਾ ਕੰਮ ਕਾਫੀ ਦੇਰ ਪਹਿਲਾਂ ਪੂਰਾ ਹੋ ਗਿਆ ਹੈ ਪਰ ਵਾਰਡ ਦੀ ਰਿਜ਼ਰਵੇਸ਼ਨ ਦੇ ਆਧਾਰ 'ਤੇ ਨੰਬਰਿੰਗ ਫਾਈਨਲ ਕਰਨ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ, ਜਿਸ ਨੂੰ ਲੈ ਕੇ ਵਿਧਾਇਕਾਂ ਦੇ ਵਿਚਕਾਰ ਸਹਿਮਤੀ ਨਾ ਬਣਨ ਦੀ ਚਰਚਾ ਹੋ ਰਹੀ ਹੈ। ਇਸ ਦੌਰਾਨ ਫਗਵਾੜਾ, ਅੰਮ੍ਰਿਤਸਰ ਦੇ ਬਾਅਦ ਹੁਣ ਜਲੰਧਰ 'ਚ ਨਵੇਂ ਸਿਰੇ ਤੋਂ ਵਾਰਡਬੰਦੀ ਫਾਈਨਲ ਹੋ ਗਈ ਹੈ, ਜਿਸ ਤੋਂ ਬਾਅਦ ਲੁਧਿਆਣਾ ਦਾ ਮਾਮਲਾ ਅਧ ਵਿਚਾਲੇ ਲਟਕਿਆ ਹੋਣ ਨੂੰ ਲੈ ਕੇ ਸਰਕਾਰ ਦਾ ਦਬਾਅ ਵਧਣ ਤੋਂ ਬਾਅਦ ਵਿਧਾਇਕਾਂ ਵਲੋਂ ਸ਼ੁੱਕਰਵਾਰ ਨੂੰ ਨਗਰ ਨਿਗਮ ਕਮਿਸ਼ਨਰ ਦੇ ਕੈਂਪ ਆਫਿਸ 'ਚ ਮੀਟਿੰਗ ਕੀਤੀ ਗਈ।

ਜਾਣਕਾਰੀ ਮੁਤਾਬਕ ਇਸ ਮੀਟਿੰਗ ਦੌਰਾਨ ਲੋਕਲ ਬਾਡੀਜ਼ ਵਿਭਾਗ ਤੋਂ ਇਲੈਕਸ਼ਨ ਸੈੱਲ ਦੇ ਅਧਿਕਾਰੀਆਂ ਨੂੰ ਵੀ ਬੁਲਾਇਆ ਗਿਆ ਸੀ, ਜਿਨ੍ਹਾਂ ਨਾਲ ਚਰਚਾ ਕਰਨ ਤੋਂ ਬਾਅਦ ਨਵੇਂ ਸਿਰੇ ਤੋਂ ਵਾਰਡ ਬਾਊਂਡਰੀ 'ਚ ਬਦਲਾਅ ਦੇ ਬਾਅਦ ਰਿਜ਼ਰਵੇਸ਼ਨ ਅਤੇ ਨੰਬਰਿੰਗ ਲਗਾਉਣ ਨੂੰ ਲੈ ਕੇ ਜੋ ਫਾਰਮੂਲਾ ਤਿਆਰ ਕੀਤਾ ਗਿਆ ਹੈ। ਉਸ ਦੇ ਆਧਾਰ 'ਤੇ ਨਵੇਂ ਸਿਰੇ ਤੋਂ ਵਾਰਡਬੰਦੀ ਦਾ ਡਰਾਫਟ ਇਸੇ ਮਹੀਨੇ ਦੇ ਅੰਦਰ ਫਾਈਨਲ ਕਰਨ ਦਾ ਟਾਰਗੈੱਟ ਰੱਖਿਆ ਗਿਆ ਹੈ।

ਭਾਵੇਂ ਨਗਰ ਨਿਗਮ ਦੇ ਜਨਰਲ ਹਾਊਸ ਦਾ ਕਾਰਜਕਾਲ ਮਾਰਚ 'ਚ ਪੂਰਾ ਹੋਇਆ ਹੈ ਪਰ ਨਵੇਂ ਸਿਰੇ ਤੋਂ ਵਾਰਡਬੰਦੀ ਫਾਈਨਲ ਕਰਨ ਦਾ ਕੰਮ 1 ਸਾਲ ਤੋਂ ਅੱਧ-ਵਿਚਾਲੇ ਲਟਕਿਆ ਹੋਇਆ ਹੈ ਕਿਉਂਕਿ ਸਰਕਾਰ ਵਲੋਂ ਇਕ ਹਫਤੇ ਦੇ ਅੰਦਰ ਸਿਰੇ ਤੋਂ ਵਾਰਡਬੰਦੀ ਫਾਈਨਲ ਕਰਨ ਦੇ ਆਰਡਰ ਪਿਛਲੇ ਸਾਲ ਜੂਨ ਦੌਰਾਨ ਜਾਰੀ ਕੀਤੇ ਗਏ ਸੀ ਪਰ ਪਹਿਲਾਂ ਆਬਾਦੀ ਦੇ ਅੰਕੜਿਆਂ ਦਾ ਡੋਰ-ਟੂ-ਡੋਰ ਸਰਵੇ ਕਰਨ ਵਿਚ ਹੀ ਕਾਫੀ ਸਮਾਂ ਲਗਾ ਦਿੱਤਾ ਗਿਆ, ਜਿਸ ਦੇ ਬਾਅਦ ਤੋਂ ਨਵੇਂ ਸਿਰੇ ਵਾਰਡਾਂ ਦੀ ਬਾਊਂਡਰੀ ਵਿਚ ਬਦਲਾਅ ਕਰਨ ਦੀ ਗੇਂਦ ਵਿਧਾਇਕਾਂ ਦੇ ਪਾਲੇ 'ਚ ਹੈ।




# ਕੈਨੇਡਾ 'ਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਪੰਜਾਬੀ ਵਿਦਿਆਰਥੀਆਂ ਵੱਲੋਂ ਇਨਸਾਫ਼ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ

**■ ਸਬੰਧਤ ਕੈਨੇਡੀਅਨ ਅਧਿਕਾਰੀਆਂ ਨਾਲ ਸੰਪਰਕ ਕਰਕੇ ਪ੍ਰਭਾਵਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਕਾਲਤ ਕਰਨ ਦੀ ਕੀਤੀ ਮੰਗ**

**ਟੋਰਾਂਟੋ, (ਦਲਜੀਤ ਕੌਰ/ਪੰਜਾਬ ਮੇਲ)-** ਕੈਨੇਡਾ 'ਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਭਾਰਤੀ ਪੰਜਾਬ ਦੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖਿਆ ਗਿਆ ਹੈ। ਇਸ ਪੱਤਰ ਵਿਚ ਵਿਦਿਆਰਥੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸਬੰਧਤ ਕੈਨੇਡੀਅਨ ਅਧਿਕਾਰੀਆਂ ਨਾਲ ਸੰਪਰਕ ਕਰਕੇ ਪ੍ਰਭਾਵਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਕਾਲਤ ਕਰਨ ਦੀ ਮੰਗ ਕਰਨ ਦੇ ਨਾਲ-ਨਾਲ ਉਨ੍ਹਾਂ ਧੋਖੇਬਾਜ਼ ਇਮੀਗ੍ਰੇਸ਼ਨ ਸਲਾਹਕਾਰਾਂ ਦੇ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਫਰਜ਼ੀ ਪੇਸ਼ਕਸ਼ ਪੱਤਰ ਜਾਰੀ ਕੀਤੇ ਸਨ, ਦੇ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸ ਦੇ ਨਾਲ ਹੀ ਸਬੰਧਤ ਕੈਨੇਡੀਅਨ ਅਧਿਕਾਰੀਆਂ ਨਾਲ ਸੰਪਰਕ ਕਰਕੇ ਪ੍ਰਭਾਵਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਕਾਲਤ ਕਰਨ ਦੀ ਵੀ ਅਪੀਲ ਕੀਤੀ ਗਈ ਹੈ। ਵਿਦਿਆਰਥੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖੀ ਆਪਣੇ ਚਿੱਠੀ ਵਿਚ ਇਨ੍ਹਾਂ ਵਿਦਿਆਰਥੀਆਂ ਦੀ ਦਸ਼ਾ ਅਤੇ ਦੇਸ਼ ਨਿਕਾਲੇ ਦੇ ਖਤਰੇ ਦਾ ਸਾਹਮਣਾ ਕਰਨ ਬਾਰੇ ਦੱਸਿਆ ਹੈ। ਕੈਨੇਡੀਅਨ ਸਰਕਾਰ ਨੇ ਇਨ੍ਹਾਂ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਨੂੰ ਰੋਕ ਦਿੱਤਾ ਹੈ ਅਤੇ ਪੰਜਾਬ ਸਰਕਾਰ ਨੂੰ ਇਸ ਮੁੱਦੇ 'ਚ ਸਹਾਇਤਾ ਕਰਨ ਲਈ ਮੰਗ ਕੀਤੀ ਹੈ।

ਪੱਤਰ 'ਚ ਪੰਜਾਬ ਦੇ ਮੁੱਖ ਮੰਤਰੀ ਨੂੰ ਦੁਖੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਤਰਫੋਂ ਤੁਰੰਤ ਕਾਰਵਾਈ ਕਰਨ ਅਤੇ ਦਖਲ ਦੇਣ ਲਈ ਬੇਨਤੀ ਕੀਤੀ ਗਈ ਹੈ।

# ਨਵਜੋਤ ਸਿੱਧੂ ਦੇ ਘਰ ਜਲਦ ਵੱਜੇਗੀ ਸ਼ਹਿਨਾਈ!



**ਪਟਿਆਲਾ, (ਪੰਜਾਬ ਮੇਲ)-** ਸਿੱਧੂ ਪਰਿਵਾਰ 'ਚ ਜਲਦ ਦੀ ਸ਼ਹਿਨਾਈ ਵੱਜਣ ਵਾਲੀ ਹੈ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਦੇ ਬੇਟੇ ਕਰਨ ਦੀ ਮੰਗਣੀ ਹੋ ਗਈ ਹੈ। ਕੁੜੀ ਕੋਈ ਹੋਰ ਨਹੀਂ ਬਲਕਿ ਪਟਿਆਲਾ ਦੀ ਹੀ ਹੈ। ਨਵਜੋਤ ਸਿੰਘ ਸਿੱਧੂ ਨੇ ਆਪਣੇ ਬੇਟੇ ਦੀ 'ਵੁਡ ਬੀ ਵਾਈਫ' ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੀਆਂ ਹਨ। ਤਸਵੀਰਾਂ 'ਚ ਇਨਾਇਤ ਰੰਧਾਵਾ ਸਿੱਧੂ ਪਰਿਵਾਰ ਨਾਲ ਨਜ਼ਰ ਆ ਰਹੀ ਹੈ।

ਇਨਾਇਤ ਪਟਿਆਲਾ ਦੀ ਹੀ ਰਹਿਣ ਵਾਲੀ ਹੈ। ਉਹ ਪਟਿਆਲਾ ਦੇ ਮੰਨੇ-ਪ੍ਰਮੰਨੇ ਮਨਿੰਦਰ ਰੰਧਾਵਾ ਦੀ ਧੀ ਹੈ। ਮਨਿੰਦਰ ਰੰਧਾਵਾ ਫੌਜ ਵਿਚ ਸੇਵਾਵਾਂ ਨਿਭਾਅ ਚੁੱਕੇ ਹਨ। ਇਸ ਸਮੇਂ ਉਹ ਪੰਜਾਬ ਰੱਖਿਆ ਸੇਵਾਵਾਂ ਭਲਾਈ ਵਿਭਾਗ ਵਿਚ ਡਿਪਟੀ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਨਵਜੋਤ ਸਿੱਧੂ ਨੇ ਸੋਸ਼ਲ ਮੀਡੀਆ 'ਤੇ ਆਪਣੀ ਨੂੰਹ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ ਹਨ। ਸਿੱਧੂ ਨੇ ਆਪਣੇ ਪੁੱਤਰ ਦੀ ਮੰਗਣੀ ਗੰਗਾ ਦੇ ਕੰਢੇ ਕਰਵਾ ਦਿੱਤੀ।

# ਧੋਖਾਧੜੀ ਮਾਮਲੇ 'ਚ ਕਾਂਗਰਸ ਦੇ ਸਾਬਕਾ ਵਿਧਾਇਕ ਕੋਟਭਾਈ ਤੇ 6 ਹੋਰਾਂ ਖ਼ਿਲਾਫ਼ ਕੇਸ ਦਰਜ

**ਲੁਧਿਆਣਾ, (ਪੰਜਾਬ ਮੇਲ)-** ਪਰਲ ਕੰਪਨੀ ਦੇ ਮਾਲਕ ਨਿਰਮਲ ਸਿੰਘ ਭੰਗੂ ਦੀ ਜ਼ਮਾਨਤ ਕਰਵਾਉਣ ਬਦਲੇ ਸਾਢੇ ਤਿੰਨ ਕਰੋੜ ਦੀ ਠੱਗੀ ਕਰਨ ਦੇ ਦੋਸ਼ ਤਹਿਤ ਪੁਲਿਸ ਨੇ ਸਾਬਕਾ ਕਾਂਗਰਸੀ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਅਤੇ ਉਸ ਦੇ 6 ਸਾਥੀਆਂ ਖ਼ਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿਚ ਕੁਝ ਵਿਅਕਤੀਆਂ ਦੀ ਗ੍ਰਿਫ਼ਤਾਰੀ ਵੀ ਕੀਤੀ ਹੈ। ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪੁਲਿਸ ਵਲੋਂ ਕੇਸ ਦਰਜ ਕੀਤਾ ਗਿਆ ਹੈ।

# ਬੁੱਢਾ ਦਲ ਵੱਲੋਂ ਨਿਹੰਗ ਸਿੰਘਾਂ ਦੀ ਛਾਉਣੀ ਅਮਰੀਕਾ ਵਿਖੇ ਸਥਾਪਤ

**■ ਬਾਣੀ ਬੋਧ, ਸੰਥਿਆ ਦੇ ਨਾਲ-ਨਾਲ ਘੋੜ ਸਵਾਰੀ ਤੇ ਗਤਕਾ ਵੀ ਸਿਖਾਇਆ ਜਾਵੇਗਾ**



**ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਪਲੇਨਫੀਲਡ ਅਮਰੀਕਾ ਵਿਖੇ ਬੁੱਢਾ ਦਲ ਦੇ ਨਿਹੰਗ ਸਿੰਘ ਫੌਜਾਂ ਆਰਤਾ ਕਰਦੇ ਹੋਏ।**

**ਸ੍ਰੀ ਫਤਿਹਗੜ੍ਹ ਸਾਹਿਬ, (ਪੰਜਾਬ ਮੇਲ)-** ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹੇ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਸ਼ਹੀਦੀ ਦੀ ਦੂਜੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਜਥੇ: ਜਸਵਿੰਦਰ ਸਿੰਘ ਜੱਸੀ ਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਅਮਰੀਕਾ ਸਥਿਤ ਪਲੇਨਫੀਲਡ ਇੰਡੀਆਨਾ ਵਿਖੇ ਗੁਰਦੁਆਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਖਾਲਸਾਈ ਜਾਹੋ ਜਲਾਲ ਨਾਲ ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਨਿਸ਼ਾਨ ਸਾਹਿਬ ਲਹਿਰਾਉਣ ਉਪਰੰਤ ਗੁਰਦੁਆਰਾ ਸਾਹਿਬ ਦੀ ਮੁਕੰਮਲ ਰੂਪ ਵਿਚ ਰੋਜ਼ਾਨਾ ਦੀ ਮਰਿਯਾਦਾ ਲਾਗੂ ਹੋ ਗਈ ਹੈ।

ਅਮਰੀਕਾ ਸਥਿਤ ਬੁੱਢਾ ਦਲ ਦੇ ਇੰਚਾਰਜ਼ ਜਥੇ: ਜਸਵਿੰਦਰ ਸਿੰਘ ਜੱਸੀ ਨੇ ਪ੍ਰੋਗਰਾਮ ਸਬੰਧੀ ਵੇਰਵਾ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨਾਲ ਸਾਂਝਾ ਕਰਦਿਆਂ ਦੱਸਿਆ ਕਿ 22 ਜੂਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ ਦੇ ਪਾਠ ਆਰੰਭ ਹੋਏ ਸਨ, ਜਿਨ੍ਹਾਂ ਦੇ ਭੋਗ 24 ਜੂਨ ਨੂੰ ਨਿਹੰਗ ਸਿੰਘਾਂ ਨੇ ਦਲ ਪੰਥ ਦੀ ਮਰਿਯਾਦਾ ਅਨੁਸਾਰ ਪਾਏ ਗਏ। ਉਪਰੰਤ ਵੱਖ-ਵੱਖ ਨਿਹੰਗ ਸਿੰਘਾਂ ਦੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਤੋਂ ਪਹਿਲਾਂ ਸਿੱਖ ਰਹੁਰੀਤਾਂ ਤੇ ਪ੍ਰੰਪਰਾਵਾਂ ਤੇ ਮਰਿਯਾਦਾ ਅਨੁਸਾਰ ਖਾਲਸਾਈ ਜੈਕਾਰਿਆਂ ਨਾਲ ਸ੍ਰੀ ਨਿਸ਼ਾਨ ਸਾਹਿਬ ਲਹਿਰਾਏ ਗਏ।

# ਭਾਰਤੀ ਵਿਦਿਆਰਥੀਆਂ ਨੂੰ ਕੈਨੇਡੀਅਨ ਵੀਜ਼ਾ ਤੋਂ ਪਹਿਲਾਂ ਲਾਜ਼ਮੀ ਸ਼ਰਤ 'ਤੇ ਕਰਨੇ ਹੋਣਗੇ ਹਸਤਾਖ਼ਰ : ਇੰਡੋ-ਕੈਨੇਡੀਅਨ ਚੈਂਬਰ

**ਟੋਰਾਂਟੋ, (ਪੰਜਾਬ ਮੇਲ)-** ਨਵੇਂ ਭਾਰਤੀ ਵਿਦਿਆਥੀਆਂ ਦੇ ਕੈਨੇਡੀਆਈ ਕਾਨੂੰਨਾਂ ਬਾਰੇ ਅਨਜਾਣ ਹੋਣ ਦਾ ਸ਼ਿਕਾਰ ਹੋਣ ਵਿਚਕਾਰ, ਇੰਡੋ-ਕੈਨੇਡਾ ਚੈਂਬਰ ਆਫ਼ ਕਾਮਰਸ (ਆਈ.ਸੀ.ਸੀ.ਸੀ.) ਸਮਸਿਆ ਦੇ ਹੱਲ ਲਈ ਇਮੀਗਰੇਸ਼ਨ ਮੰਤਰੀ ਨਾਲ ਮਾਮਲਾ ਚੁੱਕ ਰਹੇ ਹਨ।

ਸਭ ਤੋਂ ਪੁਰਾਣੇ ਇੰਡੋ-ਕੈਨੇਡੀਅਨ ਜਥੇਬੰਦੀ ਦੇ ਪ੍ਰਧਾਨ ਮੁਰਾਰੀ ਲਾਲ ਥਪਲਿਆਲ ਕਹਿੰਦੇ ਹਨ ਕਿ ਕੈਨੇਡੀਆਈ ਕਾਨੂੰਨਾਂ ਤੋਂ ਭਾਰਤੀ ਵਿਦਿਆਰਥੀਆਂ ਦੇ ਅਨਜਾਣ ਹੋਣ ਕਾਰਨ ਇਨ੍ਹਾਂ ਵਿਦਿਆਰਥੀਆਂ ਅਤੇ ਇੰਡੋ-ਕੈਨੇਡੀਅਨ ਨੂੰ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਉਹ ਸਥਾਨਕ ਕਾਨੂੰਨਾਂ ਨੂੰ ਨਹੀਂ ਜਾਣਦੇ/ਉਨ੍ਹਾਂ 'ਤੇ ਧਿਆਨ ਨਹੀਂ ਦਿੰਦੇ। ਉਹ ਤਣਾਅ ਦਾ ਸ਼ਿਕਾਰ ਹੋ ਰਹੇ ਹਨ ਅਤੇ ਕੁਝ ਲੋਕ ਖ਼ੁਦਕੁਸ਼ੀ ਕਰ ਰਹੇ ਹਨ ਕਿਉਂਕਿ ਉਹ ਨਹੀਂ ਜਾਣਦੇ ਕਿ ਉਹ ਕਿਸ ਕੋਲ ਜਾਣ। ਕਿਉਂਕਿ ਭਾਰਤ 'ਚ ਏਜੰਟ ਉਨ੍ਹਾਂ ਲਈ ਜ਼ਿਆਦਾਤਰ ਕਾਗ਼ਜ਼ੀ ਕੰਮ ਕਰਦੇ ਹਨ, ਇਸ ਲਈ ਉਹ ਵਿਦਿਆਰਥੀ ਅਤੇ ਉਨ੍ਹਾਂ ਤੇ ਮਾਪੇ ਕੈਨੇਡੀਆਨ ਕਾਨੂੰਨਾਂ ਅਤੇ ਨਿਯਮਾਂ ਬਾਰੇ ਬਹੁਤ ਘੱਟ ਜਾਣਦੇ ਹਨ। ਮੁਰਾਲੀ ਲਾਲ ਕਹਿੰਦੇ ਹਨ ਕਿ ਇੰਡੋ-ਕੈਨੇਡਾ ਚੈਂਬਰ ਹੁਣ ਇਮੀਗਰੇਸ਼ਨ ਮੰਤਰੀ ਨੂੰ ਵਿਦਿਆਰਥੀਆਂ ਲਈ ਦਾਖ਼ਲਾ ਫ਼ਾਰਮ 'ਤੇ ਇਕ ਹਾਮੀ ਫ਼ਾਰਮ ਜੋੜਨ ਦੀ ਅਪੀਲ ਕਰ ਰਿਹਾ ਹੈ। ਕੈਨੇਡਾ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਫ਼ਾਰਮ 'ਤੇ ਹਸਤਾਖ਼ਰ ਕਰਨੇ ਹੋਣਗੇ, ਜਿਸ 'ਚ ਲਿਖਿਆ ਹੋਵੇਗਾ ਕਿ ਉਹ ਬੁਨਿਆਦੀ ਕੈਨੇਡੀਅਨ ਕਾਨੂੰਨ ਪੜ੍ਹੇ ਹਨ ਅਤੇ ਉਹ ਇਸ ਦੀ ਉਲੰਘਣਾ ਦੇ ਨਤੀਜਿਆਂ ਨੂੰ ਜਾਣਦੇ ਹਨ।


Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕਾ 2024 'ਚ ਭਾਰਤੀ ਪੁਲਾੜ ਯਾਤਰੀ ਨੂੰ ਭੇਜੇਗਾ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀਰਵਾਰ ਨੂੰ ਵਾਸ਼ਿੰਗਟਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਕਿਹਾ ਕਿ ਦੋਵੇਂ ਦੇਸ਼ 2024 ਵਿਚ ਭਾਰਤੀ ਪੁਲਾੜ ਯਾਤਰੀ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਭੇਜਣ ਲਈ ਸਹਿਮਤ ਹੋ ਗਏ ਹਨ। ਦੁਵੱਲੀ ਗੱਲਬਾਤ ਤੋਂ ਬਾਅਦ ਮੀਡੀਆ ਨੂੰ ਸੰਬੋਧਿਤ ਕਰਦੇ ਹੋਏ ਬਾਇਡਨ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੇ ਸਬੰਧ ਦੁਨੀਆ 'ਚ ਸਭ ਤੋਂ ਮਹੱਤਵਪੂਰਨ ਅਤੇ ਇਤਿਹਾਸ 'ਚ ਹੁਣ ਤੱਕ ਦੇ ਸਭ ਤੋਂ ਮਜ਼ਬੂਤ, ਨਜ਼ਦੀਕੀ ਅਤੇ ਗਤੀਸ਼ੀਲ ਹਨ।



ਬਾਇਡਨ ਨੇ ਕਿਹਾ ਕਿ ਅਸੀਂ ਮਿਲ ਕੇ ਦੁਨੀਆਂ ਦਾ ਸਾਂਝਾ ਭਵਿੱਖ ਬਣਾ ਰਹੇ ਹਾਂ। ਇਸ ਵਿਚ ਬੇਅੰਤ ਸੰਭਾਵਨਾਵਾਂ ਹਨ। ਸਹਿਯੋਗ ਦੇ ਨਵੇਂ ਖੇਤਰ ਲੱਭਣ ਲਈ ਦੋਵਾਂ ਦੇਸ਼ਾਂ ਦੀ ਸਮਰੱਥਾ ਤੋਂ ਪ੍ਰਭਾਵਿਤ ਹਾਂ। ਪੀ.ਐੱਮ. ਮੋਦੀ ਦੀ ਇਸ ਫੇਰੀ ਨਾਲ ਭਾਰਤ ਅਤੇ ਸੰਯੁਕਤ ਰਾਜ ਦਿਖਾ ਰਹੇ ਹਨ ਕਿ ਕਿਵੇਂ ਉਹ ਦੁਨੀਆਂ ਭਰ ਵਿਚ ਸਕਾਰਾਤਮਕ ਤਬਦੀਲੀ ਅਤੇ ਇੱਕ ਬਿਹਤਰ ਸਥਾਨ ਬਣਾਉਣ ਲਈ ਕੰਮ ਕਰ ਰਹੇ ਹਨ। ਦੋਵੇਂ ਦੇਸ਼ ਕੈਂਸਰ ਅਤੇ ਸ਼ੂਗਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਨਵੇਂ ਤਰੀਕਿਆਂ ਦੀ ਖੋਜ ਕਰ ਰਹੇ ਹਨ। ਦੋਵੇਂ ਦੇਸ਼ ਪੁਲਾੜ ਖੋਜ ਨਾਲ ਜੁੜੇ ਪ੍ਰੋਜੈਕਟਾਂ 'ਤੇ ਵੀ ਸਹਿਯੋਗ ਕਰ ਰਹੇ ਹਨ, ਜਿਸ ਵਿਚ 2024 'ਚ ਇੱਕ ਭਾਰਤੀ ਪੁਲਾੜ ਯਾਤਰੀ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਭੇਜਣਾ ਵੀ ਸ਼ਾਮਲ ਹੈ। ਭਾਰਤੀ ਪੁਲਾੜ ਯਾਤਰੀ 2024 ਵਿਚ ਪੁਲਾੜ ਵਿਚ ਜਾਣਗੇ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ-ਅਮਰੀਕਾ ਸਬੰਧਾਂ ਦੇ ਇਤਿਹਾਸ ਵਿਚ ਇੱਕ ਖਾਸ ਦਿਨ ਹੈ। ਆਰਟੇਮਿਸ ਸਮਝੌਤੇ ਵਿਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ ਮੋਦੀ ਨੇ ਕਿਹਾ ਕਿ "ਅਸੀਂ ਪੁਲਾੜ ਸਹਿਯੋਗ ਵਿਚ ਇੱਕ ਵੱਡੀ ਛਾਲ ਮਾਰੀ ਹੈ।" ਪੀ.ਐੱਮ. ਮੋਦੀ ਦੇ ਨਾਲ ਵਿਦੇਸ਼ ਮੰਤਰੀ ਜੈਸ਼ੰਕਰ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵੀ ਮੌਜੂਦ ਸਨ।

ਭਾਰਤ ਨੇ 'ਆਰਟੇਮਿਸ ਸਮਝੌਤੇ' ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਹੈ। ਇਹ ਨਾਗਰਿਕ ਪੁਲਾੜ ਖੋਜ ਦੇ ਮੁੱਦੇ 'ਤੇ ਸਮਾਨ ਸੋਚ ਵਾਲੇ ਦੇਸ਼ਾਂ ਨੂੰ ਇਕੱਠਾ ਕਰਦਾ ਹੈ। ਨਾਸਾ ਅਤੇ ਇਸਰੋ 2024 ਵਿਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲਈ ਇੱਕ ਸਾਂਝੇ ਮਿਸ਼ਨ 'ਤੇ ਸਹਿਮਤ ਹੋਏ ਹਨ। ਆਰਟੇਮਿਸ ਸੰਧੀ 1967 ਦੀ ਬਾਹਰੀ ਪੁਲਾੜ ਸੰਧੀ 'ਤੇ ਅਧਾਰਤ, ਗੈਰ-ਬਾਈਡਿੰਗ ਸਿਧਾਂਤਾਂ ਦਾ ਇੱਕ ਸਮੂਹ ਹੈ ਜੋ ਨਾਗਰਿਕ ਪੁਲਾੜ ਖੋਜ ਦੀ ਅਗਵਾਈ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਤਰ੍ਹਾਂ 21ਵੀਂ ਸਦੀ ਵਿਚ ਨਾਗਰਿਕ ਪੁਲਾੜ ਖੋਜ ਅਤੇ ਵਰਤੋਂ ਦੀ ਅਗਵਾਈ ਕਰਨ ਲਈ ਤਿਆਰ ਕੀਤਾ ਗਿਆ ਹੈ।

# ਮੋਦੀ-ਬਾਇਡਨ ਦਾ ਅੱਤਵਾਦ ਦੇ ਖ਼ਾਤਮੇ ਸੰਬੰਧੀ ਸਾਂਝਾ ਸੱਦਾ ਪਾਕਿਸਤਾਨ ਮੀਡੀਆ 'ਚ ਬਣਿਆ ਸੁਰਖ਼ੀ

**ਵਾਸ਼ਿੰਗਟਨ, (ਪੰਜਾਬ ਮੇਲ)**- ਪਾਕਿਸਤਾਨ ਦੇ ਪ੍ਰਮੁੱਖ ਮੀਡੀਆ ਸੰਗਠਨਾਂ ਨੇ ਭਾਰਤ ਅਤੇ ਅਮਰੀਕਾ ਦੀ ਸਾਂਝੀ ਮੰਗ 'ਤੇ ਧਿਆਨ ਕੇਂਦਰਿਤ ਕੀਤਾ ਹੈ, ਤਾਂ ਜਿਸ ਵਿਚ ਇਹ ਯਕੀਨੀ ਬਣਾਉਣ ਦੀ ਬੇਨਤੀ ਕੀਤੀ ਗਈ ਕਿ ਉਸ ਦੇ ਕੰਟਰੋਲ ਅਧੀਨ ਕਿਸੇ ਵੀ ਖੇਤਰ ਦੀ ਵਰਤੋਂ ਸਰਹੱਦ ਪਾਰ ਤੋਂ ਅੱਤਵਾਦੀ ਹਮਲਿਆਂ ਲਈ ਨਾ ਕੀਤੀ ਜਾਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਪਾਕਿਸਤਾਨ ਨੂੰ 26 ਨਵੰਬਰ 2008 ਦੇ ਮੁੰਬਈ ਹਮਲੇ ਅਤੇ ਪਠਾਨਕੋਟ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਅਪੀਲ ਕੀਤੀ ਹੈ।

'ਡਾਨ' ਅਖਬਾਰ 'ਚ ਵਾਸ਼ਿੰਗਟਨ ਤੋਂ ਜਾਰੀ ਖ਼ਬਰ 'ਚ ਕਿਹਾ ਗਿਆ ਹੈ ਕਿ ਇਕ ਸਾਂਝੇ ਬਿਆਨ ਵਿਚ ਪਾਬੰਦੀਸ਼ੁਦਾ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੇ ਪਾਕਿਸਤਾਨੀ ਅੱਤਵਾਦੀ ਸੰਗਠਨਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਹੈ। ਸਾਂਝੇ ਬਿਆਨ 'ਚ ਵੀਰਵਾਰ ਨੂੰ ਕਿਹਾ ਗਿਆ, "ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਗਲੋਬਲ ਅੱਤਵਾਦ ਨਾਲ ਨਜਿੱਠਣ ਲਈ ਇਕੱਠੇ ਖੜ੍ਹੇ ਹਨ ਅਤੇ ਅੱਤਵਾਦ ਦੇ ਸਾਰੇ ਰੂਪਾਂ ਦੀ ਨਿਰਪੱਖ ਨਿੰਦਾ ਕਰਦੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਬਾਇਡਨ ਨੇ ਸਰਹੱਦ ਪਾਰ ਦੇ ਅੱਤਵਾਦ ਦੀ ਸਖਤ ਨਿੰਦਾ ਕੀਤੀ ਅਤੇ ਪਾਕਿਸਤਾਨ ਨੂੰ ਇਹ ਯਕੀਨੀ ਬਣਾਉਣ ਲਈ ਤੁਰੰਤ ਕਾਰਵਾਈ ਕਰਨ ਲਈ ਕਿਹਾ ਕਿ ਉਸ ਦੇ ਕੰਟਰੋਲ ਅਧੀਨ ਕੋਈ ਵੀ ਖੇਤਰ ਅੱਤਵਾਦੀ ਹਮਲਿਆਂ ਲਈ ਨਾ ਵਰਤਿਆ ਜਾਵੇ।

# ਨਾਮ ਸਿਮਰਨ ਅਤੇ ਦੂਖ ਨਿਵਾਰਨ ਕੈਂਪ 13 ਜੁਲਾਈ ਨੂੰ

**ਫੀਨਿਕਸ (ਪੰਜਾਬ ਮੇਲ)**- ਫੀਨਿਕਸ ਵਿਚ ਗੁਰਬਾਣੀ ਸ਼ਬਦਾਂ ਦੇ ਜਾਪ ਦੁਆਰਾ ਰੋਗ ਅਤੇ ਦੁੱਖ ਦੂਰ ਕਰਨ ਲਈ ਕੈਂਪ ਲਗਾਇਆ ਜਾ ਰਿਹਾ ਹੈ। ਇਹ ਕੈਂਪ ਗੁਰੂ ਨਾਨਕ ਦਵਾਰਾ, 2303 N 9th St. Phoenix, AZ 85006 ਵਿਖੇ 13 ਜੁਲਾਈ ਤੋਂ 16 ਜੁਲਾਈ ਤੱਕ ਦੁਪਹਿਰ 2 ਵਜੇ ਤੋਂ 7 ਵਜੇ ਤੱਕ ਲੱਗੇਗਾ। ਇਸ ਕੈਂਪ ਦੀ ਸੇਵਾ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰਜੀ ਜੀ ਨਿਭਾਉਣਗੇ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਕੈਂਪ ਵਿਚ ਸ਼ਾਮਲ ਹੋ ਕੇ ਲਾਹੇ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਨਵਾਡਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ



ਨਵਾਡਾ (ਅਮਰੀਕਾ), (ਪੰਜਾਬ ਮੇਲ)- ਅਮਰੀਕਾ ਦੇ ਨਵਾਡਾ ਸ਼ਹਿਰ 'ਚ ਇਕ ਪੰਜਾਬੀ ਨੌਜਵਾਨ ਦੀ ਭਿਆਨਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਜਾਣਕਾਰੀ ਮੁਤਾਬਕ ਮ੍ਰਿਤਕ ਮਨਦੀਪ ਸਿੰਘ ਪੁੱਤਰ ਜਰਨੈਲ ਸਿੰਘ (ਏ.ਐੱਸ.ਆਈ.) ਪੰਜਾਬ ਦੇ ਪਿੰਡ ਮੁਰਾਦਪੁਰ ਅਵਾਣਾ (ਮੁਕੇਰੀਆਂ) ਦਾ ਰਹਿਣ ਵਾਲਾ ਸੀ ਅਤੇ 4 ਸਾਲ ਪਹਿਲਾਂ ਰੋਜ਼ੀ-ਰੋਟੀ ਲਈ ਅਮਰੀਕਾ ਆਇਆ ਸੀ।

ਉਹ ਟਰੱਕ ਚਲਾਉਂਦਾ ਸੀ। ਬੀਤੇ ਦਿਨੀਂ ਉਸ ਦੇ ਟਰੱਕ ਦੀ ਟੱਕਰ ਕਿਸੇ ਦੂਜੇ ਟਰੱਕ ਨਾਲ ਹੋ ਗਈ ਅਤੇ ਉਸ ਦੇ ਟਰੱਕ ਨੂੰ ਅੱਗ ਲੱਗ ਗਈ, ਜਿਸ ਦੌਰਾਨ ਉਹ ਬੁਰੀ ਤਰ੍ਹਾਂ ਝੁਲਸ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਾਇਆ ਗਿਆ, ਜਿੱਥੇ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਉਹ ਦਮ ਤੋੜ ਗਿਆ। ਉਹ ਆਪਣੇ ਪਿੱਛੇ ਮਾਤਾ-ਪਿਤਾ ਤੋਂ ਇਲਾਵਾ ਇਕ ਭੈਣ ਛੱਡ ਗਿਆ ਹੈ। ਉਸ ਦੀ ਮੌਤ ਦੀ ਖ਼ਬਰ ਕਾਰਨ ਪਰਿਵਾਰ ਡੂੰਘੇ ਸਦਮੇ 'ਚ ਹੈ ਅਤੇ ਪੂਰੇ ਪਿੰਡ 'ਚ ਸੋਗ ਦੀ ਲਹਿਰ ਛਾਈ ਹੋਈ ਹੈ।

# ਸਰੀ 'ਚ ਪੰਜਾਬਣ ਦੀ ਸ਼ੱਕੀ ਹਾਲਾਤ 'ਚ ਹੋਈ ਮੌਤ

**ਸਰੀ/ਮੁਕੇਰੀਆਂ (ਪੰਜਾਬ ਮੇਲ)**- 6 ਮਹੀਨੇ ਪਹਿਲਾਂ ਕੈਨੇਡਾ ਗਈ ਨੂੰਹ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਜਾਣ ਦਾ ਦੁੱਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਅਮਨਪ੍ਰੀਤ ਕੌਰ ਦੇ ਪਤੀ ਲਖਬੀਰ ਸਿੰਘ ਵਾਸੀ ਡੁੱਗਰੀ ਅਵਾਣਾ ਥਾਣਾ ਮੁਕੇਰੀਆਂ ਨੇ ਦੱਸਿਆ ਕਿ ਉਸ ਦਾ ਵਿਆਹ 7 ਸਾਲ ਪਹਿਲਾਂ ਅਮਨਪ੍ਰੀਤ ਕੌਰ ਵਾਸੀ ਉਦੇਸੀਆਂ (ਆਦਮਪੁਰ) ਨਾਲ ਹੋਇਆ ਸੀ ਅਤੇ ਉਸ ਦੀ ਇਕ 6 ਸਾਲ ਦੀ ਬੇਟੀ ਹੈ, ਜੋ ਉਸ ਦੇ ਨਾਲ ਪਿੰਡ ਵਿਚ ਰਹਿੰਦੀ ਹੈ।

ਅਮਨਪ੍ਰੀਤ ਕੌਰ ਵਿਦੇਸ਼ 'ਚ ਪੜ੍ਹਾਈ ਕਰਨਾ ਚਾਹੁੰਦੀ ਸੀ, ਅਸੀਂ ਉਸ ਨੂੰ 21 ਦਸੰਬਰ 2022 ਨੂੰ ਸਟੱਡੀ ਵੀਜ਼ੇ 'ਤੇ ਪੜ੍ਹਨ ਲਈ ਕੈਨੇਡਾ ਭੇਜਿਆ, ਉਹ ਕੈਨੇਡਾ ਦੇ ਸਰੀ ਸ਼ਹਿਰ 'ਚ ਰਹਿ ਰਹੀ ਸੀ। ਰੋਜ਼ਾਨਾ ਫੋਨ 'ਤੇ ਗੱਲਬਾਤ ਹੁੰਦੀ ਸੀ, ਜੋ ਪੜ੍ਹਾਈ ਦੇ ਨਾਲ-ਨਾਲ ਨੌਕਰੀ ਮਿਲਣ 'ਤੇ ਪੂਰੀ ਤਰ੍ਹਾਂ ਖੁਸ਼ ਸੀ। ਉਸ ਨੇ ਵੀ ਆਪਣੀ ਪਤਨੀ ਕੋਲ ਜਾਣ ਲਈ ਫਾਈਲ ਲਗਾਈ ਸੀ। ਉਸ ਨੇ ਦੱਸਿਆ ਕਿ 2 ਦਿਨ ਤੱਕ ਅਮਨਪ੍ਰੀਤ ਨਾਲ ਗੱਲ ਨਾ ਹੋਣ ਤੋਂ ਬਾਅਦ ਜਦੋਂ ਉਸ ਨੇ ਕੈਨੇਡਾ ਵਿਚ ਕਿਸੇ ਹੋਰ ਨਾਲ ਸੰਪਰਕ ਕੀਤਾ ਤਾਂ ਉਸ ਨੇ ਦੱਸਿਆ ਕਿ ਅਮਨਪ੍ਰੀਤ ਨੇ ਖੁਦਕੁਸ਼ੀ ਕਰ ਲਈ ਹੈ। ਉਨ੍ਹਾਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇ ਤਾਂ ਜੋ ਸਾਨੂੰ ਇਨਸਾਫ਼ ਮਿਲ ਸਕੇ। ਪਰਿਵਾਰ ਵੱਲੋਂ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਹੈ।





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਸਿਆਟਲ 'ਚ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**-ਗੁਰਦੁਆਰਾ ਸੱਚਾ ਮਾਰਗ ਐਬਰਨ 'ਚ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸੱਚਾ ਮਾਰਗ 'ਚ ਹਫ਼ਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਸੁਖਮਨੀ ਸਾਹਿਬ ਜੀ ਦੇ ਪਾਠ ਹੋਏ। ਗੁਰੂ ਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਜੱਸ ਗਾਇਨ ਕੀਤਾ। ਇਸ ਤੋਂ ਬਾਅਦ ਭਾਈ ਗੁਰਬਚਨ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਕਰਕੇ ਹਾਜ਼ਰੀ ਲਗਵਾਈ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਮੌਕੇ ਅਮਰੀਕ ਸਿੰਘ ਬੱਲ ਦੇ ਬੱਲ ਪਰਿਵਾਰ ਨੇ ਹਫਤਾਵਾਰੀ ਧਾਰਮਿਕ ਦੀਵਾਨ ਤੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ। ਅਖੀਰ ਵਿਚ ਭਾਈ ਜਰਨੈਲ ਸਿੰਘ ਗ੍ਰੰਥੀ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਗੁਰੂ ਘਰ ਵਲੋਂ ਭਾਈ ਜਰਨੈਲ ਸਿੰਘ ਨੇ ਲੰਗਰਾਂ ਦੀ ਸੇਵਾ ਕਰਨ ਵਾਲੇ ਬੱਲ ਪਰਿਵਾਰ ਦੇ ਮੁਖੀ ਅਮਰੀਕ ਸਿੰਘ ਨੂੰ ਸਿਰੋਪਾਓ ਦੇ ਕੇ ਨਿਵਾਜਿਆ।



ਭਾਈ ਜਰਨੈਲ ਸਿੰਘ ਗੁਰੂ ਘਰ ਵੱਲੋਂ ਅਮਰੀਕ ਸਿੰਘ ਬੱਲ ਨੂੰ ਸਿਰੋਪਾਓ ਦੇ ਕੇ ਨਿਵਾਜ਼ਦੇ ਸਮੇਂ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨਾਲ ਖੜ੍ਹੇ ਹਨ।




ਭਾਈ ਅਮਰੀਕ ਸਿੰਘ ਬੱਲ ਪਰਿਵਾਰ ਦੀ ਪਾਠ ਤੇ ਲੰਗਰਾਂ ਦੀ ਸੇਵਾ ਨਿਭਾਉਣ ਤੋਂ ਬਾਅਦ ਯਾਦਗਾਰੀ ਫੋਟੋ।

# ਓਹਾਇਓ ਦੇ ਸਿੱਖਾਂ ਨੇ ਸਿੱਖ ਧਰਮ ਨੂੰ ਸਕੂਲੀ ਪਾਠਕ੍ਰਮ 'ਚ ਸ਼ਾਮਲ ਕਰਵਾਉਣ ਲਈ ਕੀਤੀ ਪਹਿਲ

**ਕੋਲੰਬਸ (ਓਹਾਇਓ), (ਡਾ. ਚਰਨਜੀਤ ਸਿੰਘ ਗੁਮਟਾਲਾ/ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕਾ ਦੇ ਓਹਾਇਓ ਸੂਬੇ ਦੀ ਰਾਜਧਾਨੀ ਕੋਲੰਬਸ ਵਿਚ ਸਿੱਖ ਕੋਲੀਸ਼ਨ ਵਲੋਂ ਦਿੱਤੇ ਗਏ ਸੱਦੇ 'ਤੇ ਕੋਲੰਬਸ, ਸਿਨਸਿਨਾਟੀ, ਡੇਟਨ, ਕਲੀਵਲੈਂਡ ਤੇ ਹੋਰਨਾਂ ਸ਼ਹਿਰਾਂ ਤੋਂ ਵੱਡੀ ਗਿਣਤੀ ਵਿਚ ਸਿੱਖ ਓਹਾਇਓ ਸਟੇਟ ਹਾਉਸ ਪੁੱਜੇ। ਇੱਥੇ ਉਨ੍ਹਾਂ ਨੇ ਸੂਬੇ ਦੇ ਵੱਖ-ਵੱਖ ਪਾਰਟੀਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਹਾਉਸ ਬਿੱਲ 171 ਦੇ ਹੱਕ ਵਿਚ ਵੋਟਾਂ ਪਾਉਣ ਦੀ ਅਪੀਲ ਕੀਤੀ।

ਇਹ ਬਿੱਲ ਓਹਾਇਓ ਸੂਬੇ ਦੀ ਡਿਸਟ੍ਰਿਕਟ 4 ਦੇ ਪ੍ਰਤੀਨਿਧ ਮੈਰੀ ਲਾਈਟਬੋਡੀ ਜੋ ਕਿ ਡੈਮੋਕਰੈਟ ਪਾਰਟੀ ਤੋਂ ਹਨ, ਵਲੋਂ ਪੇਸ਼ ਕੀਤਾ ਗਿਆ ਹੈ। ਇਸ ਬਿੱਲ ਵਿਚ ਏਸ਼ੀਅਨ ਅਮਰੀਕੀ ਤੇ ਪੈਸੀਫਿਕ ਆਈਲੈਂਡ ਕਮਿਊਨਿਟੀ ਬਾਰੇ ਸਮਾਜਿਕ ਵਿਗਿਆਨ ਵਿਚ ਜਾਣਕਾਰੀ ਸ਼ਾਮਲ ਕਰਨ ਦੀ ਵਿਵਸਥਾ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਇਸ ਨਾਲ ਏਸ਼ੀਅਨ ਖਿੱਤੇ ਦੇ ਵੱਖ-ਵੱਖ ਭਾਈਚਾਰਿਆਂ ਦੀ ਜਾਣਕਾਰੀ ਸਮੇਤ ਸਿੱਖ ਧਰਮ ਬਾਰੇ ਵੀ ਜਾਣਕਾਰੀ ਸਕੂਲ ਦੇ ਪਾਠਕ੍ਰਮ ਵਿਚ ਸ਼ਾਮਲ ਹੋ ਸਕੇਗੀ। ਇਸ ਨਾਲ ਸਿੱਖ ਬੱਚਿਆਂ ਨਾਲ ਸਿੱਖ ਕਕਾਰਾਂ ਬਾਰੇ ਕੀਤੀ ਜਾਂਦੀ ਛੇੜਖਾਣੀ ਨੂੰ ਵੀ ਠੱਲ੍ਹ ਪਵੇਗੀ।



ਓਹਾਇਓ ਦੀ ਰਾਜਧਾਨੀ ਕੋਲੰਬਸ ਦੇ ਅਸੈਂਬਲੀ ਹਾਲ ਵਿਚ ਪੁੱਜੇ ਸਿੱਖ।



ਸਿੱਖਾਂ ਦਾ ਇੱਕ ਵਫਦ ਸੂਬੇ ਦੇ ਪ੍ਰਤੀਨਿਧ ਏਲੀਅਟ ਫੋਰਹੇਨ ਨੂੰ ਮਿਲਦੇ ਹੋਏ।

ਓਹਾਇਓ ਦੇ ਸਿੱਖਾਂ ਨੇ ਵੱਖ-ਵੱਖ ਵਫਦ ਬਣਾ ਕੇ ਹਾਉਸ ਦੇ ਪ੍ਰਤੀਨਿਧ ਜੈਨੀਫਰ ਗਰੋਸ, ਏਲੀਅਟ ਫੋਰਹੈਨ, ਸੇਡਰਿਕ ਡੈਨਸਨ ਸਮੇਤ ਕਈ ਹੋਰਨਾਂ ਨਾਲ ਮੁਲਾਕਾਤ ਕਰਕੇ ਬਿੱਲ ਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕੀਤੀ।

ਇੱਥੇ ਵਰਨਣਯੋਗ ਹੈ ਕਿ ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵਲੋਂ ਵੀ ਇਸ ਬਿਲ ਦੇ ਹੱਕ ਵਿਚ ਦਸਤਖਤੀ ਮੁਹਿੰਮ ਆਰੰਭੀ ਗਈ ਤੇ ਆਪਣੇ ਆਪਣੇ ਇਲਾਕੇ ਦੇ ਨੁਮਾਇੰਦਿਆਂ ਨੂੰ ਮੰਗ ਪੱਤਰ ਦਿੱਤੇ ਗਏ। ਸਿੱਖ ਕੋਲੀਸ਼ਨ ਦੇ ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਯਸ਼ਪ੍ਰੀਤ ਸਿੰਘ ਅਤੇ ਵਕੀਲ ਮਰੀਸਾ ਰੋਸੇਟੀ ਨੇ ਇਸ ਬਿੱਲ ਸੰਬੰਧੀ ਸਿੱਖ ਭਾਈਚਾਰੇ ਨਾਲ ਜਾਣਕਾਰੀ ਸਾਂਝੀ ਕੀਤੀ।

## ਨਿਊਯਾਰਕ ਦੇ ਸਰਕਾਰੀ ਸਕੂਲਾਂ 'ਚ ਦੀਵਾਲੀ ਮੌਕੇ ਹੋਵੇਗੀ ਛੁੱਟੀ

**ਨਿਊਯਾਰਕ, (ਪੰਜਾਬ ਮੇਲ)**- ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਮੌਕੇ ਨਿਊਯਾਰਕ ਸ਼ਹਿਰ ਦੇ ਸਕੂਲਾਂ ਵਿਚ ਛੁੱਟੀ ਰਹੇਗੀ। ਇਹ ਐਲਾਨ ਕਰਦਿਆਂ ਅਧਿਕਾਰੀਆਂ ਨੇ ਇਸ ਨੂੰ ਭਾਰਤੀ ਭਾਈਚਾਰੇ ਸਮੇਤ ਸ਼ਹਿਰ ਵਾਸੀਆਂ ਦੀ 'ਜਿੱਤ' ਦੱਸਿਆ। ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਵਿਧਾਨ ਸਭਾ ਤੇ ਪ੍ਰੀਸ਼ਦ ਨੇ ਨਿਊਯਾਰਕ ਸਿਟੀ ਦੇ ਸਰਕਾਰੀ ਸਕੂਲਾਂ ਨੂੰ ਦੀਵਾਲੀ 'ਤੇ ਬੰਦ ਰੱਖਣ ਦੀ ਇਜਾਜ਼ਤ ਦੇਣ ਵਾਲਾ ਬਿੱਲ ਪਾਸ ਕੀਤਾ ਹੈ।

## ਬੋਇੰਗ ਜਹਾਜ਼ ਕਨਿਸ਼ਕ 'ਚ ਹੋਏ ਬੰਬ ਧਮਾਕੇ ਦੀ ਜਾਂਚਕਰਤਾ ਵੱਲੋਂ ਹਾਲੇ ਵੀ ਜਾਂਚ ਜਾਰੀ!

**ਟੋਰਾਂਟੋ, (ਪੰਜਾਬ ਮੇਲ)**- ਲਗਭਗ 38 ਸਾਲ ਪਹਿਲਾਂ ਏਅਰ ਇੰਡੀਆ ਦੇ ਬੋਇੰਗ ਜਹਾਜ਼ ਕਨਿਸ਼ਕ ਵਿਚ ਹੋਏ ਧਮਾਕੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰ ਵਾਲਿਆਂ ਨੂੰ ਅੱਜ ਵੀ ਨਿਆਂ ਦੀ ਉਡੀਕ ਹੈ। ਘਟਨਾ ਦੀ 38ਵੀਂ ਬਰਸੀ 'ਤੇ ਕੈਨੇਡਾ 'ਚ ਵੈਨਕੂਵਰ ਦੇ ਸਟੇਨਲੀ ਪਾਰਕ ਵਿਚ ਹਾਦਸੇ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿਚ ਮ੍ਰਿਤਕਾਂ ਦੇ ਪਰਿਵਾਰ ਵਾਲਿਆਂ ਨੇ ਇਸ ਘਟਨਾ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ 'ਤੇ ਦੁੱਖ਼ ਪ੍ਰਗਟ ਕੀਤਾ।

## ਗੂਗਲ ਭਾਰਤ ਦੇ ਡਿਜ਼ੀਟਲਾਈਜ਼ੇਸ਼ਨ ਫੰਡ 'ਚ 10 ਅਰਬ ਡਾਲਰ ਕਰੇਗਾ ਨਿਵੇਸ਼

**ਵਾਸ਼ਿੰਗਟਨ, (ਪੰਜਾਬ ਮੇਲ)**- ਇੰਟਰਨੈੱਟ ਦਾ ਆਕਾ ਗੂਗਲ ਭਾਰਤ ਦੇ ਡਿਜ਼ੀਟਲਾਈਜੇਸ਼ਨ ਫੰਡ 'ਚ 10 ਅਰਬ ਡਾਲਰ ਦਾ ਨਿਵੇਸ਼ ਕਰ ਰਿਹਾ ਹੈ, ਇਸ ਦੇ ਸੀ.ਈ.ਓ. ਸੁੰਦਰ ਪਿਚਾਈ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਦੱਸਿਆ ਹੈ ਕਿ ਇਹ ਕਦਮ ਫਿਨਟੈਕ 'ਤੇ ਭਾਰਤ ਦੀ ਅਗਵਾਈ ਨੂੰ ਮਾਨਤਾ ਦੇਵੇਗਾ ਅਤੇ ਭਾਰਤ, ਯੂ.ਐਸ. ਸਮੇਤ ਪੂਰੇ ਵਿਸ਼ਵ 'ਚ ਛੋਟੇ ਤੇ ਵੱਡੇ ਕਾਰੋਬਾਰਾਂ ਦੀ ਮਦਦ ਕਰੇਗਾ। ਪਿਚਾਈ ਬੀਤੇ ਸ਼ੁੱਕਰਵਾਰ ਨੂੰ ਇੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ ਅਤੇ ਗਾਂਧੀਨਗਰ ਸਥਿਤ ਗੁਜਰਾਤ ਇੰਟਰਨੈਸ਼ਨਲ ਫਾਈਨਾਂਸ ਟੈਕ-ਸਿਟੀ (ਜੀ.ਆਈ.ਐੱਫ.ਟੀ.) 'ਚ ਗੂਗਲ ਦੇ ਕੌਮਾਂਤਰੀ ਫਿਨਟੈਕ ਆਪ੍ਰੇਸ਼ਨ ਸੈਂਟਰ ਖੋਲ੍ਹਣ ਦਾ ਐਲਾਨ ਵੀ ਕੀਤਾ। ਪਿਚਾਈ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਦੀ ਇਤਿਹਾਸਕ ਯਾਤਰਾ ਦੌਰਾਨ ਉਨ੍ਹਾਂ ਨੂੰ ਮਿਲਣਾ ਇਕ ਮਾਣ ਵਾਲੀ ਗੱਲ ਸੀ। ਉਨ੍ਹਾਂ ਕਿਹਾ ਅਸੀਂ ਪ੍ਰਧਾਨ ਮੰਤਰੀ ਨਾਲ ਸਾਂਝਾ ਕੀਤਾ ਕਿ ਗੂਗਲ ਭਾਰਤ ਦੇ ਡਿਜ਼ੀਟਲਾਈਜੇਸ਼ਨ ਫੰਡ 'ਚ 10 ਅਰਬ ਡਾਲਰ ਦਾ ਨਿਵੇਸ਼ ਕਰਨ ਜਾ ਰਿਹਾ ਹੈ।







# ਅਮਰੀਕਾ ਦੀ ਇੰਡਿਆਨਾ ਸਟੇਟ ’ਚ ਕਰਵਾਇਆ ਗਿਆ ਵਿਸ਼ਾਲ ਖੇਡ ਮੇਲਾ

- **ਅਵਤਾਰ ਸਿੰਘ ਸਪਰਿੰਗਫੀਲਡ ਨੇ ਆਸਣ ਲਗਾਕੇ ਲੋਕਾਂ ਦਾ ਦਿਲ ਜਿੱਤਿਆ**






ਇੰਡਿਆਨਾ ਖੇਡ ਮੇਲੇ ਸਮੇਂ ਅਵਤਾਰ ਸਿੰਘ ਸਪਰਿੰਗਫੀਲਡ ਆਸਣ ਕਲਾ ਨਾਲ ਕਰੱਤਵ ਵਿਖਾਉਂਦੇ ਹੋਏ। (ਸੱਜੇ) ਖ਼ਾਲਸਾ ਰੰਗ ’ਚ ਸੱਜੇ ਟਰੱਕ ਸਾਹਮਣੇ ਖੱਬਿਓਂ ਦੂਜੇ ਅਰਜਨ ਐਵਾਰਡੀ ਬਲਵਿੰਦਰ ਸਿੰਘ ਫਿੱਡਾ ਅਤੇ ਸੱਜਿਓਂ ਦੂਜੇ ਅਵਤਾਰ ਸਿੰਘ ਸਪਰਿੰਗਫੀਲਡ।

**ਸਪਰਿੰਗਫੀਲਡ, (ਗੁਰਮੀਤ ਪਲਾਹੀ /ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਦੀ ਇੰਡਿਆਨਾ ਸਟੇਟ ’ਚ 25 ਜੂਨ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਵਲੋਂ ਦੂਜਾ ਖੇਡ ਮੇਲਾ ਕਰਵਾਇਆ ਗਿਆ। ਇਸ ਖੇਡ ਮੇਲੇ ’ਚ ਕਬੱਡੀ ਦੇ ਮੁਕਾਬਲੇ ਕਰਵਾਏ ਗਏ। ਇਸ ਵਿਚ ਕੈਨੇਡਾ ਤੋਂ ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ ਅਰਜਨ ਐਵਾਰਡੀ ਬਲਵਿੰਦਰ ਸਿੰਘ ਫਿੱਡਾ ਟਰਾਂਟੋ (ਕੈਨੇਡਾ) ਤੋਂ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਤੌਰ ’ਤੇ ਇਸ ਖੇਡ ਮੇਲੇ ’ਚ ਪੁੱਜੇ ਹੋਏ ਸਨ। ਇਹ ਖੇਡ ਮੇਲਾ ਇਸ ਇਲਾਕੇ ਦੇ ਕਾਰੋਬਾਰੀਆਂ ਵਲੋਂ ਸਾਂਝੇ ਤੌਰ ’ਤੇ ਕਰਵਾਇਆ ਜਾਂਦਾ ਹੈ ਅਤੇ ਖੇਡ ਮੇਲੇ ’ਚ ਜੇਤੂਆਂ ਨੂੰ ਭਰਵੇਂ ਇਨਾਮ ਦਿੱਤੇ ਜਾਦੇ ਹਨ।

ਇਸ ਖੇਡ ਮੇਲੇ ਸਮੇਂ ਅਵਤਾਰ ਸਿੰਘ ਸਪਰਿੰਡਫੀਲਡ ਨੇ ਸੀਸ ਆਸਣ ਲਗਾਕੇ ਆਪਣੇ ਕਰੱਤਵ ਵਿਖਾਵੇ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਉਨ੍ਹਾਂ ਦੀ ਇਸ ਕਲਾ ਤੋਂ ਖੁਸ਼ ਹੋ ਕੇ ਇਲਾਕੇ ਦੇ ਉੱਘੇ ਕਾਰੋਬਾਰੀ ਪ੍ਰਿਤਪਾਲ ਸਿੰਘ ਘੋਤੜਾ ਨੇ, ਅਵਤਾਰ ਸਿੰਘ ਸਪਰਿੰਗਫੀਲਡ ਜੋ ਆਪ ਵੀ ਕਾਰੋਬਾਰੀ ਹਨ, ਨੂੰ 500 ਡਾਲਰ ਦਾ ਇਨਾਮ ਦਿੱਤਾ। ਉਨ੍ਹਾਂ ਦੀ ਸੀਸ ਆਸਣ ਦੀ ਕਲਾ ਦਾ ਦਰਸ਼ਕਾਂ ਨੇ ਤਾਲੀਆਂ ਵਜਾਕੇ ਸਵਾਗਤ ਕੀਤਾ। ਇਸ ਖੇਡ ਸਮਾਗਮ ਸਮੇਂ ਅਰਜਨ ਐਵਾਰਡੀ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡਾ ਨੇ ਆਪਣੇ ਜੀਵਨ ਸਬੰਧੀ ਲਿਖੀ ਪੁਸਤਕ "ਰੁਸਤਮਾਂ-ਏ-ਕਬੱਡੀ" ਅਵਤਾਰ ਸਿੰਘ ਸਪਰਿੰਗਫੀਲਡ ਨੂੰ ਭੇਂਟ ਕੀਤੀ।

## ‘ਐਪਲ’ ਅਮਰੀਕਾ ਤੋਂ ਬਾਅਦ ਹੁਣ ਭਾਰਤ ’ਚ ਲਾਂਚ ਕਰੇਗਾ ਆਪਣਾ ਕ੍ਰੈਡਿਟ ਕਾਰਡ

**ਵਾਸ਼ਿੰਗਟਨ, (ਪੰਜਾਬ ਮੇਲ)**- ਆਈਫੋਨ ਬਣਾਉਣ ਵਾਲੀ ਕੰਪਨੀ ਐਪਲ ਹਰ ਸਾਲ ਨਵਾਂ ਆਈਫੋਨ ਲਾਂਚ ਕਰਦੀ ਹੈ, ਇਸ ਦੇ ਨਾਲ ਹੀ ਐਪਲ ਇਸ ਵਾਰ ਨਵਾਂ ਪ੍ਰੋਡਕਟ ਲਿਆਉਣ ਜਾ ਰਹੀ ਹੈ। ਐਪਲ ਭਾਰਤ ’ਚ ਆਪਣਾ ਕ੍ਰੈਡਿਟ ਕਾਰਡ ਲਾਂਚ ਕਰਨ ਦੀ ਤਿਆਰੀ ਕਰ ਰਿਹਾ ਹੈ। ਦੱਸ ਦੇਈਏ ਕਿ ਇਸ ਕ੍ਰੈਡਿਟ ਕਾਰਡ ਨੂੰ ਐਪਲ ਕਾਰਡ ਦੇ ਨਾਂ ਨਾਲ ਜਾਣਿਆ ਜਾਵੇਗਾ। ਮਨੀਕੰਟਰੋਲ ਨੇ ਆਪਣੀ ਇਕ ਰਿਪੋਰਟ ’ਚ ਸੂਤਰਾਂ ਦੇ ਹਵਾਲੇ ਤੋਂ ਕਿਹਾ ਹੈ ਕਿ ਐਪਲ ਇਸ ਕਾਰਡ ਲਈ ਐੱਚ.ਡੀ.ਐੱਫ.ਸੀ. ਬੈਂਕ ਨਾਲ ਸਮਝੌਤਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਵਰਤਮਾਨ ’ਚ ਐਪਲ ਇਸ ਕਾਰਡ ਨੂੰ ਅਮਰੀਕਾ ਵਿਚ ਚਲਾ ਰਿਹਾ ਹੈ। ‘ਐਪਲ ਕਾਰਡ’ ਦੀ ਵਰਤੋਂ ਕਰਨ ਵਾਲੇ ਗਾਹਕ 1% ਤੱਕ ਕੈਸ਼ਬੈਕ ਕਮਾ ਸਕਦੇ ਹਨ, ਜੋ ‘ਐਪਲ ਪੇਅ’ ਨਾਲ ਭੁਗਤਾਨ ਕਰਨ ’ਤੇ 2% ਤੱਕ ਵੱਧ ਜਾਂਦਾ ਹੈ।

## ਕੋਲੋਰਾਡੋ ਦੇ ਨਾਈਟ ਕਲੱਬ ’ਚ 5 ਹੱਤਿਆਵਾਂ ਕਰਨ ਦੇ ਮਾਮਲੇ ’ਚ ਦੋਸ਼ੀ ਨੂੰ 2208 ਸਾਲ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਇਕ ਅਦਾਲਤ ਵੱਲੋਂ ਪਿਛਲੇ ਸਾਲ ਕੋਲੋਰਾਡੋ ਦੇ ਇਕ ਐੱਲ.ਜੀ.ਬੀ.ਟੀ. ਕਿਊ ਨਾਈਟ ਕਲੱਬ ਵਿਚ ਏ.ਆਰ. ਸਟਾਈਲ ਰਾਈਫਲ ਨਾਲ ਅੰਧਾਧੁੰਦ ਗੋਲੀਬਾਰੀ ਕਰਕੇ 5 ਹੱਤਿਆਵਾਂ ਕਰਨ ਤੇ 19 ਹੋਰ ਲੋਕਾਂ ਨੂੰ ਜ਼ਖਮੀ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ 23 ਸਾਲਾ ਐਂਡਰਸਨ ਲੀ ਐਲਡਰਿਚ ਨੂੰ 2000 ਸਾਲ ਤੋਂ ਵਧ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਜੱਜ ਮਾਈਕਲ ਹੈਨਰੀ ਨੇ ਐਲਡਰਿਚ ਨੂੰ ਕਲੱਬ ਕਿਊ ਵਿਚ ਗੋਲੀਬਾਰੀ ਕਰਕੇ 5 ਪਹਿਲਾ ਦਰਜਾ ਹੱਤਿਆਵਾਂ ਕਰਨ ਦੇ ਦੋਸ਼ਾਂ ਤਹਿਤ 5 ਵਾਰ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਸੁਣਾਉਣ ਤੋਂ ਇਲਾਵਾ ਹੱਤਿਆਵਾਂ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ 2208 ਸਾਲ ਕੈਦ ਦੀ ਸਜ਼ਾ ਸੁਣਾਈ। ਸਜ਼ਾ ਕੱਟਣ ਦੌਰਾਨ ਉਸ ਦੀ ਪੈਰੋਲ ਦੀ ਕੋਈ ਸੰਭਾਵਨਾ ਨਹੀਂ ਹੈ। ਇਸਤਗਾਸਾ ਪੱਖ ਨੇ ਐਲਡਰਿਚ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਨਹੀਂ ਕੀਤੀ ਕਿਉਂਕਿ ਕੋਲੋਰਾਡੋ ਨੇ 2020 ’ਚ ਮੌਤ ਦੀ ਸਜ਼ਾ ਦੀ ਵਿਵਸਥਾ ਖਤਮ ਕਰ ਦਿੱਤੀ ਸੀ।



ਸੁਣਾਈ ਦੌਰਾਨ ਐਂਡਰਸਨ ਲੀ ਐਲਡਰਿਚ (ਖੱਬੇ)।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
**www.punjabmailusa.com**

## ਅਮਰੀਕੀ ਅਰਬਪਤੀ ਜੇਮਜ ਕਰਾਊਨ ਦੀ ਕੋਲੋਰਾਡੋ ’ਚ ਰੇਸਟਰੈਕ ’ਤੇ ਕਾਰ ਹਾਦਸੇ ’ਚ ਮੌਤ



ਜੇਮਜ ਕਰਾਊਨ (ਸੱਜੇ) ਦੀ ਫਾਈਲ ਤਸਵੀਰ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕੀ ਅਰਬਪਤੀ ਜੇਮਜ਼ ਕਰਾਊਨ ਦੀ ਕੋਲੋਰਾਡੋ ’ਚ ਇਕ ਰੇਸਟਰੈਕ ’ਤੇ ਹੋਏ ਕਾਰ ਹਾਦਸੇ ’ਚ ਮੌਤ ਹੋਣ ਦੀ ਖਬਰ ਹੈ। ਉਹ 70 ਸਾਲ ਦੇ ਸਨ। ਪਿਟਕਿਨ ਕਾਊਂਟੀ ਕੋਰੋਨਰ ਦਫਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸ਼ਿਕਾਗੋ ’ਚ ਲੋਕਪ੍ਰਿਯ ਜੇਮਜ਼ ਕਰਾਊਨ ਦੀ ਕਾਰ ਵੁੱਡੀ ਕਰੀਕ ਵਿਚ ਐਸਪਨ ਮੋਟਰਸਪੋਰਟਸ ਪਾਰਕ ’ਚ ਹਾਦਸਾਗ੍ਰਸਤ ਹੋ ਗਈ। ਇਸ ਹਾਦਸੇ ਵਿਚ ਹੋਰ ਕੋਈ ਵਾਹਨ ਸ਼ਾਮਲ ਨਹੀਂ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਉਸ ਦੀ ਕਾਰ ਇਕ ਮੋੜ ’ਤੇ ਨਿਰਧਾਰਤ ਮਾਰਗ ਉਪਰ ਜਾਣ ਦੀ ਬਜਾਏ ਇਕ ਰੋਕ ਨਾਲ ਟਕਰਾਅ ਗਈ। ਹਾਲਾਂਕਿ ਮੌਤ ਦੇ ਕਾਰਨ ਦਾ ਪਤਾ ਡਾਕਟਰੀ ਜਾਂਚ ਉਪਰੰਤ ਹੀ ਲੱਗੇਗਾ ਪ੍ਰੰਤ ਸਮਝਿਆ ਜਾਂਦਾ ਹੈ ਕਿ ਮਾਨਸਿਕ ਸਦਮਾ ਉਸ ਦੀ ਮੌਤ ਦਾ ਕਾਰਨ ਬਣਿਆ। ਫੋਰਬਸ ਅਨੁਸਾਰ ਜੇਮਜ਼ ਕਰਾਊਨ ਦੀ ਅਨੁਮਾਨਤ ਜਾਇਦਾਦ 10.2 ਅਰਬ ਡਾਲਰ ਹੈ।

## ਅਮਰੀਕੀ ਨਿਆਂ ਵਿਭਾਗ ਵੱਲੋਂ ਟਰੰਪ ਖਿਲਾਫ ਅਪਰਾਧਿਕ ਮੁਕੱਦਮੇ ਨੂੰ ਮੁਲਤਵੀ ਕਰਨ ਦੀ ਬੇਨਤੀ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਨਿਆਂ ਵਿਭਾਗ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ ਗੁਪਤ ਦਸਤਾਵੇਜ਼ ਰੱਖਣ ਦੇ ਮਾਮਲੇ ’ਚ ਅਪਰਾਧਿਕ ਮੁਕੱਦਮੇ ਨੂੰ ਮੁਲਤਵੀ ਕਰਨ ਦੀ ਬੇਨਤੀ ਕੀਤੀ ਹੈ। ਜ਼ਿਲ੍ਹਾ ਜੱਜ ਏਲੀਨ ਕੈਨਨ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਮਾਮਲੇ ਦੀ ਸੁਣਵਾਈ 14 ਅਗਸਤ ਨੂੰ ਤੈਅ ਕੀਤੀ ਸੀ। ਟਰੰਪ ਨੂੰ ਨਿਆਂ ਵਿਭਾਗ ਦੀਆਂ ਕਲਾਸੀਫਾਈਡ ਦਸਤਾਵੇਜ਼ਾਂ ਨੂੰ ਇਕੱਠਾ ਕਰਨ ਅਤੇ ਮੁੜ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਰੁਕਾਵਟ ਪਾਉਣ ਦੇ 37 ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸ਼ੇਸ਼ ਵਕੀਲ ਜੈਕ ਸਮਿਥ ਦੀ ਟੀਮ ਸਮੇਤ ਸਰਕਾਰੀ ਵਕੀਲਾਂ ਨੇ ਜਸਟਿਸ ਕੈਨਨ ਨੂੰ 11 ਦਸੰਬਰ ਲਈ ਮੁਕੱਦਮੇ ਦੀ ਤਰੀਕ ਤੈਅ ਕਰਨ ਦੀ ਅਪੀਲ ਕੀਤੀ। ਉਸ ਨੇ ਕਿਹਾ ਕਿ ਸੁਣਵਾਈ ਨੂੰ ਮੁਲਤਵੀ ਕਰਨਾ ਜ਼ਰੂਰੀ ਸੀ ਕਿਉਂਕਿ ਇਸ ਮਾਮਲੇ ਵਿਚ ਕਲਾਸੀਫਾਈਡ ਦਸਤਾਵੇਜ਼ ਸ਼ਾਮਲ ਸਨ ਅਤੇ ਟਰੰਪ ਦੇ ਵਕੀਲਾਂ ਨੂੰ ਸੁਰੱਖਿਆ ਮਨਜ਼ੂਰੀ ਦੀ ਲੋੜ ਹੋਵੇਗੀ, ਜੋ ਪ੍ਰਕਿਰਿਆ ਅਧੀਨ ਹੈ। ਨਿਆਂ ਵਿਭਾਗ ਨੇ ਇਸ ਹਫਤੇ ਕਿਹਾ ਕਿ ਉਸ ਨੇ ਟਰੰਪ ਦੀ ਕਾਨੂੰਨੀ ਟੀਮ ਨਾਲ ਮਾਮਲੇ ਨਾਲ ਸਬੰਧਤ ਸਬੂਤ ਸਾਂਝੇ ਕਰਨੇ ਸ਼ੁਰੂ ਕਰ ਦਿੱਤੇ ਹਨ।



# ਅਮਰੀਕਾ ਨਵਿਆਉਣਯੋਗ ਐੱਚ-1ਬੀ ਵੀਜ਼ੇ ਦੀ ਕਰੇਗਾ ਸ਼ੁਰੂਆਤ




**■ 'ਵਰਕ ਵੀਜ਼ਾ' ਦੇ ਨਵੀਨੀਕਰਨ ਲਈ ਨਹੀਂ ਕਰਨੀ ਪਵੇਗੀ ਦੇਸ਼ ਦੀ ਯਾਤਰਾ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨਵਿਆਉਣਯੋਗ ਐੱਚ-1ਬੀ ਵੀਜ਼ੇ ਦੀ ਸ਼ੁਰੂਆਤ ਕਰਨ ਵਾਲਾ ਹੈ ਅਤੇ ਇਹ ਮਹੱਤਵਪੂਰਨ ਫੈਸਲਾ ਦੇਸ਼ 'ਚ ਰਹਿ ਰਹੇ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਇੱਥੇ ਰਹਿਣ 'ਚ ਮਦਦ ਕਰਨਗੇ ਅਤੇ ਉਨ੍ਹਾਂ ਨੂੰ ਆਪਣੇ 'ਵਰਕ ਵੀਜ਼ਾ' ਦਾ ਨਵੀਨੀਕਰਨ ਕਰਨ ਲਈ ਦੇਸ਼ ਦੀ ਯਾਤਰਾ ਨਹੀਂ ਕਰਨੀ ਪਵੇਗੀ। ਅਮਰੀਕੀ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋਅ ਬਾਇਡਨ ਵਿਚਾਲੇ ਵੀਰਵਾਰ ਨੂੰ ਵ੍ਹਾਈਟ ਹਾਊਸ 'ਚ ਹੋਣ ਵਾਲੀ ਦੁਵੱਲੀ ਬੈਠਕ ਤੋਂ ਪਹਿਲਾਂ ਇਹ ਪਹਿਲ ਕੀਤੀ ਗਈ ਹੈ। ਐੱਚ-1ਬੀ ਵੀਜ਼ਾ ਇੱਕ ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਪੇਸ਼ਿਆਂ ਵਿਚ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਅਮਰੀਕਾ ਲਿਆਉਣ ਲਈ ਇਸ 'ਤੇ ਨਿਰਭਰ ਕਰਦੀਆਂ ਹਨ। ਅਮਰੀਕਾ ਨੇ ਪਿਛਲੇ ਸਾਲ ਭਾਰਤੀ ਵਿਦਿਆਰਥੀਆਂ ਨੂੰ ਸਵਾ ਲੱਖ ਵੀਜੇ ਜਾਰੀ ਕੀਤੇ ਸਨ, ਜੋ ਇਕ ਰਿਕਾਰਡ ਹੈ। ਪਿਛਲੇ ਸਾਲ ਇਸ ਗਿਣਤੀ 'ਚ 20 ਫ਼ੀਸਦੀ ਵਾਧਾ ਹੋਣ ਦੇ ਨਾਲ ਅਮਰੀਕਾ 'ਚ ਸਭ ਤੋਂ ਵਧ ਗਿਣਤੀ ਵਾਲੇ ਵਿਦੇਸ਼ੀ ਵਿਦਿਆਰਥੀ ਭਾਈਚਾਰਾ ਬਣਨ ਦੀ ਦਿਸ਼ਾ 'ਚ ਉਹ ਅੱਗੇ ਵਧ ਰਹੇ ਹਨ। ਦੂਸਰੀ ਚੀਜ਼ ਇਹ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਇਸ ਸਾਲ ਦੇ ਅਖੀਰ 'ਚ ਕੁਝ ਵਿਸ਼ੇਸ਼ ਤਰ੍ਹਾਂ ਦੇ ਟੈਂਪਰੇਰੀ ਵਰਕ ਵੀਜ਼ਾ ਦੇ ਅਮਰੀਕਾ 'ਚ ਨਵੀਨੀਕਰਨ ਕਰਨ ਦੀ ਸ਼ੁਰੂਆਤ ਕਰਨ ਵਾਲਾ ਹੈ। ਇਸ 'ਚ ਐੱਚ-1 ਅਤੇ ਐੱਲ. ਵੀਜ਼ਾ ਧਾਰਕਾਂ ਦੀ ਗਿਣਤੀ ਲਈ ਇਸ ਨੂੰ ਲਾਗੂ ਕਰਨ ਦੇ ਇਰਾਦੇ ਨਾਲ ਭਾਰਤੀ ਨਾਗਰਿਕਾਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ। ਅਧਿਕਾਰੀ ਨੇ ਕਿਹਾ, "ਇਹ ਭਾਰਤ ਦੇ ਲੋਕਾਂ ਲਈ, ਅਮਰੀਕਾ ਦੇ ਲੋਕਾਂ ਲਈ, ਸਾਡੇ ਕਾਰੋਬਾਰਾਂ ਲਈ ਅਸਲ ਵਿੱਚ ਚੰਗਾ ਹੈ।" 2004 ਤੱਕ ਕੁਝ ਵਿਸ਼ੇਸ਼ ਸ਼੍ਰੇਣੀਆਂ ਦੇ ਅਪ੍ਰਵਾਸੀ ਵੀਜ਼ਾ, ਵਿਸ਼ੇਸ਼ ਤੌਰ 'ਤੇ ਐੱਚ-1ਬੀ ਦਾ ਅਮਰੀਕਾ ਦੇ ਅੰਦਰ ਹੀ ਨਵੀਨੀਕਰਨ ਕੀਤਾ ਜਾ ਸਕਦਾ ਸੀ। ਇਸ ਤੋਂ ਬਾਅਦ ਐੱਚ-ਬੀ ਵੀਜ਼ਾ ਧਾਰਕ ਵਿਦੇਸ਼ੀ ਤਕਨਾਲੋਜੀ ਕਰਮਚਾਰੀਆਂ ਨੂੰ ਆਪਣੇ ਪਾਸਪੋਰਟ 'ਤੇ ਐੱਚ-1ਬੀ ਦੀ ਮਿਆਦ ਵਧਾਏ ਜਾਣ ਦੀ ਮੋਹਰ ਲਗਵਾਉਣ ਲਈ ਆਪਣੇ ਦੇਸ਼ 'ਚ ਜਾਣਾ ਪੈਂਦਾ ਹੈ। ਐੱਚ-1ਬੀ ਵੀਜ਼ਾ ਇਕ ਵਾਰ 'ਚ 3 ਸਾਲ ਦੀ ਮਿਆਦ ਲਈ ਜਾਰੀ ਕੀਤਾ ਜਾਂਦਾ ਹੈ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : **www.punjabmailusa.com**

# ਸਿਆਟਲ 'ਚ ਅੰਤਰਰਾਸ਼ਟਰੀ ਖਿਡਾਰਨ ਸ਼ਰਨਜੀਤ ਕੌਰ ਦਾ ਨਿੱਘਾ ਸਵਾਗਤ



**ਸਿਆਟਲ ਵਿਚ ਇੰਦਰਜੀਤ ਕੌਰ ਫੁੱਲਾਂ ਦਾ ਗੁਲਦਸਤਾ ਦੇ ਕੇ ਅੰਤਰਰਾਸ਼ਟਰੀ ਖਿਡਾਰਨ ਸ਼ਰਨਜੀਤ ਕੌਰ ਦਾ ਸੁਆਗਤ ਕਰਦੇ ਸਮੇਂ। ਨਾਲ ਖੜ੍ਹੇ ਹਨ ਪ੍ਰਿੰਸ ਤੇ ਅਮਨ ਅਤੇ ਕਰਮਜੀਤ ਸਿੰਘ ਤੇ ਅਜਾਧ ਸਿੰਘ।**

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਪਤਾਨ ਰਹੀ ਅੰਤਰਰਾਸ਼ਟਰੀ ਖਿਡਾਰਨ ਸ਼ਰਨਜੀਤ ਕੌਰ ਦਾ ਸਿਆਟਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਅੰਤਰਰਾਸ਼ਟਰੀ ਖਿਡਾਰਨ ਸ਼ਰਨਜੀਤ ਕੌਰ ਹੈਂਡਬਾਲ ਤੇ ਬਾਸਕਟਬਾਲ 'ਚ ਨੈਸ਼ਨਲ ਚੈਂਪੀਅਨ ਰਹੀ। ਸੁਲਤਾਨਵਿੰਡ, (ਅੰਮ੍ਰਿਤਸਰ) ਦੀ ਵਸਨੀਕ ਵਿਆਹ ਤੋਂ ਬਾਅਦ ਅਮਰੀਕਾ ਦੇ ਨਿਊਜਰਸੀ ਸ਼ਹਿਰ 'ਚ ਰਹਿ ਕੇ ਹਰੇਕ ਸਾਲ ਤੀਆਂ ਦਾ ਮੇਲਾ ਕਰਵਾ ਕੇ ਪੰਜਾਬੀ ਸੱਭਿਆਚਾਰ ਨੂੰ ਬੜਾਵਾ ਦਿੱਤਾ। ਅੱਜਕੱਲ੍ਹ ਆਪਣੇ ਬੱਚਿਆਂ ਪ੍ਰਿੰਸ ਤੇ ਅਮਨ ਨਾਲ ਸਿਆਟਲ ਪਹੁੰਚਣ 'ਤੇ ਪੰਜਾਬੀ ਭਾਈਚਾਰੇ ਵੱਲੋਂ ਸੁਆਗਤ ਤੇ ਸਨਮਾਨਿਤ ਕੀਤਾ ਗਿਆ।

# ਅਮਰੀਕੀ ਏਜੰਸੀਆਂ ਵੱਲੋਂ ਕੋਵਿਡ ਵਾਇਰਸ ਦੇ ਲੈਬ 'ਚੋਂ ਲੀਕ ਹੋਣ ਬਾਰੇ ਦਾਅਵੇ ਖਾਰਜ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਅਧਿਕਾਰੀਆਂ ਨੇ ਇਕ ਖ਼ੁਫੀਆ ਰਿਪੋਰਟ ਜਾਰੀ ਕਰਕੇ ਉਨ੍ਹਾਂ ਲੋਕਾਂ ਵੱਲੋਂ ਚੁੱਕੇ ਗਏ ਕੁਝ ਨੁਕਤਿਆਂ ਨੂੰ ਖਾਰਜ ਕਰ ਦਿੱਤਾ ਹੈ, ਜਿਨ੍ਹਾਂ ਦਲੀਲ ਦਿੱਤੀ ਸੀ ਕਿ ਕੋਵਿਡ-19 ਚੀਨ ਦੀ ਇਕ ਲੈਬ 'ਚੋਂ ਲੀਕ ਹੋਇਆ ਸੀ। ਰਿਪੋਰਟ 'ਚ ਇਕ ਵਾਰ ਮੁੜ ਦੁਹਰਾਇਆ ਗਿਆ ਹੈ ਕਿ ਅਮਰੀਕੀ ਖ਼ੁਫ਼ੀਆ ਏਜੰਸੀਆਂ ਦੀ ਰਾਇ ਇਸ ਬਾਰੇ ਵੰਡੀ ਹੋਈ ਹੈ ਕਿ ਮਹਾਮਾਰੀ ਦੀ ਸ਼ੁਰੂਆਤ ਕਿਵੇਂ ਹੋਈ। ਰਿਪੋਰਟ ਸ਼ੁੱਕਰਵਾਰ ਨੂੰ ਅਮਰੀਕੀ ਕਾਂਗਰਸ ਦੇ ਕਹਿਣ ਉਤੇ ਜਾਰੀ ਕੀਤੀ ਗਈ। ਕਾਂਗਰਸ ਨੇ ਮਾਰਚ 'ਚ ਇਕ ਬਿੱਲ ਪਾਸ ਕਰ ਕੇ ਵੁਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਨਾਲ ਸਬੰਧਤ ਖ਼ੁਫੀਆ ਰਿਪੋਰਟ ਨੂੰ ਜਨਤਕ ਕਰਨ ਲਈ ਅਮਰੀਕੀ ਖ਼ੁਫੀਆ ਏਜੰਸੀਆਂ ਨੂੰ 90 ਦਿਨਾਂ ਦਾ ਸਮਾਂ ਦਿੱਤਾ ਸੀ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਤਹਿਤ ਕੰਮ ਕਰਨ ਵਾਲੇ ਖ਼ੁਫੀਆ ਅਧਿਕਾਰੀਆਂ 'ਤੇ ਸੰਸਦ ਮੈਂਬਰ ਵਾਇਰਸ ਦੇ ਪੈਦਾ ਹੋਣ ਸਬੰਧੀ ਹੋਰ ਜਾਣਕਾਰੀ ਜਾਰੀ ਕਰਨ ਦਾ ਦਬਾਅ ਬਣਾਉਂਦੇ ਰਹੇ ਹਨ। ਹਾਲਾਂਕਿ ਅਧਿਕਾਰੀਆਂ ਦੀ ਦਲੀਲ ਰਹੀ ਹੈ ਕਿ ਸੁਤੰਤਰ ਸਮੀਖਿਆ 'ਚ ਚੀਨ ਵੱਲੋਂ ਅੜਿੱਕਾ ਪਾਉਣ ਕਾਰਨ ਇਹ ਪਤਾ ਲਾਉਣਾ ਸ਼ਾਇਦ ਅਸੰਭਵ ਹੋ ਗਿਆ ਹੈ ਕਿ ਮਹਾਮਾਰੀ ਦੀ ਸ਼ੁਰੂਆਤ ਕਿਵੇਂ ਹੋਈ। ਨਵੀਂ ਰਿਪੋਰਟ ਨੇ ਰਿਪਬਲਿਕਨ ਪਾਰਟੀ ਨਾਲ ਜੁੜੇ ਕੁਝ ਲੋਕਾਂ ਨੂੰ ਨਾਰਾਜ਼ ਕਰ ਦਿੱਤਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਪ੍ਰਸ਼ਾਸਨ ਗਲਤ ਤਰੀਕੇ ਨਾਲ ਖ਼ੁਫੀਆ ਸੂਚਨਾਵਾਂ ਤੇ ਖੋਜਕਰਤਾਵਾਂ ਨੂੰ ਰੋਕ ਰਿਹਾ ਹੈ। ਇਸ ਸਾਲ ਦੇ ਸ਼ੁਰੂ ਵਿਚ ਊਰਜਾ ਵਿਭਾਗ ਦੀ ਖ਼ੁਫੀਆ ਸ਼ਾਖਾ ਨੇ ਰਿਪੋਰਟ ਜਾਰੀ ਕਰ ਕੇ ਲੈਬਾਰਟਰੀ ਸਬੰਧੀ ਘਟਨਾ ਦੀ ਦਲੀਲ ਦਿੱਤੀ ਸੀ।

# ਅਮਰੀਕਾ 'ਚ ਪੰਜਾਬੀ ਨੌਜਵਾਨ ਬਣਿਆ ਡਿਪਟੀ ਸ਼ੈਰਿਫ

**ਵਰਜੀਨੀਆ/ਗੜ੍ਹਦੀਵਾਲਾ, (ਪੰਜਾਬ ਮੇਲ)-** ਅਮਰੀਕਾ 'ਚ 33 ਵਰ੍ਹਿਆਂ ਦੇ ਨੌਜਵਾਨ ਜਸਪਿੰਦਰ ਸਹੋਤਾ (ਬੱਬੂ) ਪੁੱਤਰ ਪ੍ਰੋ. ਕਸ਼ਮੀਰ ਸਿੰਘ ਨੇ ਅਲੈਗਜੈਂਡਰੀਆ ਵਰਜੀਨੀਆ ਸ਼ੈਰਿਫ ਡਿਪਾਰਟਮੈਂਟ 'ਚ ਡਿਪਟੀ ਸ਼ੈਰਿਫ ਵਜੋਂ ਅਹੁਦਾ ਸੰਭਾਲਿਆ ਹੈ। ਉਹ ਪੰਜਾਬ ਦੇ ਪਿੰਡ ਗੜ੍ਹਦੀਵਾਲਾ ਦੇ ਨਜ਼ਦੀਕੀ ਪਿੰਡ ਡੱਫਰ ਦਾ ਜੰਮਪਲ ਹੈ ਅਤੇ 4 ਸਾਲ ਪਹਿਲਾਂ ਅਮਰੀਕਾ ਆਇਆ ਸੀ ਅਤੇ ਆਪਣੀ ਸਖਤ ਮਿਹਨਤ ਸਦਕਾ ਇਸ ਅਹੁਦੇ 'ਤੇ ਪਹੁੰਚਿਆ।

ਇਸ ਖਬਰ ਨਾਲ ਉਸ ਦੇ ਪਰਿਵਾਰਿਕ ਮੈਂਬਰਾਂ ਅਤੇ ਇਲਾਕੇ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇਸ ਮੌਕੇ ਜਸਪਿੰਦਰ ਸਹੋਤਾ ਬੱਬੂ ਦੀ ਮਾਤਾ ਨਰਿੰਦਰ ਕੌਰ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਇਹ ਉਸ ਦੀ ਦ੍ਰਿੜ੍ਹ ਇਰਾਦੇ ਨਾਲ ਕੀਤੀ ਸਖ਼ਤ ਮਿਹਨਤ ਦਾ ਨਤੀਜਾ ਹੈ।

4 ਸਾਲ ਪਹਿਲਾਂ ਅਮਰੀਕਾ ਆਏ ਜਸਪਿੰਦਰ ਸਹੋਤਾ ਨੇ ਇਥੇ ਸਖਤ ਮਿਹਨਤ ਕੀਤੀ। ਉਹ ਟਰੱਕ ਵੀ ਚਲਾਉਂਦਾ ਰਿਹਾ। ਉਸ ਨੇ ਦਸੰਬਰ 2022 'ਚ ਪੁਲਿਸ 'ਚ ਭਰਤੀ ਹੋਣ ਲਈ ਪਹਿਲਾ ਟੈਸਟ ਦਿੱਤਾ ਸੀ ਪਰ ਕਿਸੇ ਨੂੰ ਭਿਣਕ ਨਹੀਂ ਲੱਗਣ ਦਿੱਤੀ। ਉਸ ਦੀ ਮਾਤਾ ਨੇ ਦੱਸਿਆ ਕਿ ਜਦੋਂ ਚੌਥਾ ਫਾਈਨਲ ਟੈਸਟ ਦੇਣਾ ਸੀ, ਤਾਂ ਉਸ ਵੇਲੇ ਉਨ੍ਹਾਂ ਨੂੰ ਪਤਾ ਲੱਗਿਆ ਜਦੋਂ ਫੋਨ ਕਰਕੇ ਉਸ ਨੇ ਕਿਹਾ ਕਿ ਗੁਰਦੁਆਰਾ ਗਰਨਾ ਸਾਹਿਬ ਮੱਥਾ ਟੇਕ ਕੇ ਆਓ ਅਤੇ ਅਰਦਾਸ ਕਰਿਓ ਕਿ ਉਹ ਫਾਈਨਲ ਟੈਸਟ 'ਚ ਸਫ਼ਲ ਹੋ ਜਾਵੇ। ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਕਿਹਾ ਕਿ ਸੱਚੇ ਪਾਤਸ਼ਾਹ ਨੇ ਉਸ ਦੀ ਮਿਹਨਤ ਨੂੰ ਬੂਰ ਪਾਇਆ।



# ਲਿੰਗਿਕ ਸਮਾਨਤਾ ਦੇ ਮਾਮਲੇ ’ਚ ਭਾਰਤ 146 ਦੇਸ਼ਾਂ ’ਚੋਂ 127ਵੇਂ ਸਥਾਨ ’ਤੇ

ਨਵੀਂ ਦਿੱਲੀ, (ਪੰਜਾਬ ਮੇਲ)- ਵਰਲਡ ਇਕਨਾਮਿਕ ਫੋਰਮ ਦੀ ਸਾਲਾਨਾ ‘ਜੈਂਡਰ ਗੈਪ ਰਿਪੋਰਟ 2023’ ਦੇ ਅਨੁਸਾਰ ਲਿੰਗਿਕ ਸਮਾਨਤਾ ਦੇ ਮਾਮਲੇ ’ਚ ਭਾਰਤ 146 ਦੇਸ਼ਾਂ ’ਚੋਂ 127ਵੇਂ ਸਥਾਨ ’ਤੇ ਹੈ, ਜਿਸ ਨਾਲ ਇਸ ’ਚ 8 ਸਥਾਨਾਂ ਦਾ ਸੁਧਾਰ ਹੋਇਆ ਹੈ। ਵਰਲਡ ਇਕਨਾਮਿਕ ਫੋਰਮ ਨੇ ਰਿਪੋਰਟ ਦੇ 2022 ਸੰਸਕਰਣ ’ਚ ਗਲੋਬਲ ‘ਜੈਂਡਰ ਗੈਪ ਇੰਡੈਕਸ’ ’ਚ 146 ਦੇਸ਼ਾਂ ’ਚੋਂ ਭਾਰਤ ਨੂੰ 135ਵੇਂ ਸਥਾਨ ’ਤੇ ਰੱਖਿਆ ਸੀ। ਰਿਪੋਰਟ ’ਚ ਕਿਹਾ ਗਿਆ ਹੈ ਕਿ ਪਿਛਲੇ ਪਿਛਲੇ ਸੰਸਕਰਨ ਦੇ ਬਾਅਦ ਭਾਰਤ ’ਚ 1.4 ਫੀਸਦੀ ਅੰਕਾਂ ਅਤੇ 8 ਪਾਇਦਾਨ ਦਾ ਸੁਧਾਰ ਹੋਇਆ ਹੈ, ਜੋ 2020 ਦੇ ਸਮਾਨਤਾ ਪੱਧਰ ਵਲੋਂ ਅੰਸ਼ਿਕ ਸੁਧਾਰ ਨੂੰ ਦਰਸਾਉਂਦਾ ਹੈ। ਇਸ ’ਚ ਕਿਹਾ ਗਿਆ ਹੈ ਕਿ ਦੇਸ਼ ਨੇ ਸਿੱਖਿਆ ਦੇ ਸਾਰੇ ਪੱਧਰਾਂ ’ਤੇ ਨਾਮਜ਼ਦਗੀ ’ਚ ਸਮਾਨਤਾ ਹਾਸਲ ਕਰ ਲਈ ਹੈ। ਰਿਪੋਰਟ ਅਨੁਸਾਰ ਭਾਰਤ ਨੇ ਕੁੱਲ ਲਿੰਗਿਕ ਅੰਤਰ ਦਾ 64.3 ਫੀਸਦੀ ਪਾੜ੍ਹਾ ਭਰਿਆ ਹੈ। ਹਾਲਾਂਕਿ ਇਹ ਰੇਖਾਂਕਿਤ ਕੀਤਾ ਗਿਆ ਕਿ ਭਾਰਤ ਆਰਥਿਕ ਭਾਈਵਾਲੀ ਅਤੇ ਮੌਕੇ ’ਤੇ ਕੇਵਲ 36.7 ਫੀਸਦੀ ਸਮਾਨਤਾ ’ਤੇ ਪਹੁੰਚ ਗਿਆ ਹੈ। ਸੂਚਕ ਅੰਕ ’ਚ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਨੂੰ 142, ਬੰਗਲਾਦੇਸ਼ ਨੂੰ 59, ਚੀਨ ਨੂੰ 107, ਨੇਪਾਲ ਨੂੰ 116, ਸ੍ਰੀਲੰਕਾ ਨੂੰ 115 ਅਤੇ ਭੂਟਾਨ ਨੂੰ 103ਵੇਂ ਸਥਾਨ ’ਤੇ ਰੱਖਿਆ ਗਿਆ ਹੈ। ਰਿਪੋਰਟ ਦੇ ਮੁਤਾਬਕ ਆਈਸਲੈਂਡ ਲਗਾਤਾਰ 14ਵੇਂ ਸਾਲ ਦੁਨੀਆਂ ’ਚ ਸਭ ਤੋਂ ਜ਼ਿਆਦਾ ਲਿੰਗਿਕ ਸਮਾਨਤਾ ਵਾਲਾ ਦੇਸ਼ ਹੈ ਅਤੇ 90 ਫੀਸਦੀ ਤੋਂ ਜ਼ਿਆਦਾ ਲਿੰਗਕ ਅੰਤਰ ਨੂੰ ਪੂਰਾ ਕਰਨ ਵਾਲਾ ਇਕਲੌਤਾ ਦੇਸ਼ ਹੈ। ਰਿਪੋਰਟ ’ਚ ਦੱਸਿਆ ਗਿਆ ਹੈ ਕਿ ਭਾਰਤ ’ਚ, ਜਦਕਿ ਤਨਖਾਹ ਅਤੇ ਆਮਦਨ ’ਚ ਸਮਾਨਤਾ ’ਚ ਵਾਧਾ ਹੋਇਆ ਹੈ। ਵੱਡੇ ਅਹੁਦਿਆਂ ਅਤੇ ਤਕਨੀਕੀ ਭੂਮਿਕਾਵਾਂ ’ਚ ਔਰਤਾਂ ਦੀ ਹਿੱਸੇਦਾਰੀ ਪਿਛਲੇ ਸੰਸਕਰਨ ਦੇ ਬਾਅਦ ਤੋਂ ਥੋੜ੍ਹੀ ਘੱਟ ਹੋਈ ਹੈ। ਰਾਜਨੀਤਿਕ ਸਸ਼ਕਤੀਕਰਨ ’ਤੇ ਭਾਰਤ ਨੇ 25.3 ਫੀਸਦੀ ਸਮਾਨਤਾ ਦਰਜ ਕੀਤੀ ਹੈ, ਜਿਸ ’ਚ ਔਰਤਾਂ 15.1 ਫੀਸਦੀ ਸੰਸਦਾਂ ਦੀ ਅਗਵਾਈ ਕਰਦੀਆਂ ਹਨ। ਰਿਪੋਰਟ ’ਚ ਕਿਹਾ ਗਿਆ ਹੈ ਕਿ ਭਾਰਤ ਲਈ ਜਨਮ ਦੇ ਸਮੇਂ ਲਿੰਗ ਅਨੁਪਾਤ ’ਚ 1.9 ਫੀਸਦੀ ਸੁਧਾਰ ਦੇ ਨਾਲ ਇਕ ਦਹਾਕੇ ਤੋਂ ਜ਼ਿਆਦਾ ਦੀ ਹੌਲੀ ਤਰੱਕੀ ਦੇ ਬਾਅਦ ਸਮਾਨਤਾ ਨੂੰ ਬੜ੍ਹਾਵਾ ਦਿੱਤਾ ਹੈ।

# ਭਾਰਤ ਵੱਲੋਂ ਜਲਦ ਹੀ ਪਾਸਪੋਰਟ ਸੇਵਾ ਪ੍ਰੋਗਰਾਮ ਦਾ ਦੂਜਾ ਪੜਾਅ ਹੋਵੇਗਾ ਸ਼ੁਰੂ



ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਜਲਦ ਹੀ ਪਾਸਪੋਰਟ ਸੇਵਾ ਪ੍ਰੋਗਰਾਮ (ਪੀ.ਐੱਸ.ਪੀ.-ਵਰਜ਼ਨ 2.0) ਦਾ ਦੂਜਾ ਪੜਾਅ ਸ਼ੁਰੂ ਕਰੇਗਾ। ਇਸ ਵਿਚ ਨਵੇਂ ਅਤੇ ਅਪਗ੍ਰੇਡਿਡ ਈ-ਪਾਸਪੋਰਟ ਸ਼ਾਮਲ ਹਨ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਪਾਸਪੋਰਟ ਸੇਵਾ ਦਿਵਸ ਦੇ ਮੌਕੇ ’ਤੇ ਇਹ ਐਲਾਨ ਕੀਤਾ। ਜੈਸ਼ੰਕਰ ਨੇ ਭਾਰਤ ਅਤੇ ਵਿਦੇਸ਼ਾਂ ’ਚ ਪਾਸਪੋਰਟ ਜਾਰੀ ਕਰਨ ਵਾਲੇ ਅਧਿਕਾਰੀਆਂ ਨੂੰ ਲੋਕਾਂ ਨੂੰ “ਸਮੇਂ ਸਿਰ, ਭਰੋਸੇਮੰਦ, ਪਹੁੰਚਯੋਗ, ਪਾਰਦਰਸ਼ੀ ਅਤੇ ਕੁਸ਼ਲ ਢੰਗ ਨਾਲ” ਪਾਸਪੋਰਟ ਅਤੇ ਸਬੰਧਤ ਸੇਵਾਵਾਂ ਪ੍ਰਦਾਨ ਕਰਨ ਦਾ ਸੱਦਾ ਦਿੱਤਾ। ਪਾਸਪੋਰਟ ਸੇਵਾ ਕੇਂਦਰ ਵਿਖੇ ਆਪਣੇ ਸੰਦੇਸ਼ ’ਚ ਐੱਸ. ਜੈਸ਼ੰਕਰ ਨੇ ਕਿਹਾ, “ਅਸੀਂ ਜਲਦ ਹੀ ਨਵੇਂ ਅਤੇ ਅਪਗ੍ਰੇਡਿਡ ਈ-ਪਾਸਪੋਰਟ ਸਮੇਤ ਪਾਸਪੋਰਟ ਸੇਵਾ ਪ੍ਰੋਗਰਾਮ (ਪੀ.ਐੱਸ.ਪੀ.) ਵਰਜ਼ਨ 2.0 ਸ਼ੁਰੂ ਕਰਾਂਗੇ।”

ਉਨ੍ਹਾਂ ਕਿਹਾ, “ਨਾਗਰਿਕਾਂ ਲਈ ‘ਈਜ਼ ਆਫ਼ ਲਿਵਿੰਗ’ (ਆਸਾਨ ਜੀਵਨ) ਨੂੰ ਵਧਾਉਣ ਦੇ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਇਹ ਪਹਿਲ ‘EASE’ ਦੇ ਇਕ ਨਵੇਂ ਪੈਰਾਡਾਈਮ ਦੀ ਸ਼ੁਰੂਆਤ ਕਰਨਗੀਆਂ। E- ਡਿਜੀਟਲ ਈਕੋ-ਸਿਸਟਮ ਦੀ ਵਰਤੋਂ ਕਰਕੇ ਨਾਗਰਿਕਾਂ ਲਈ ਅਪਗ੍ਰੇਡਿਡ ਪਾਸਪੋਰਟ ਸੇਵਾਵਾਂ, A- ਆਰਟੀਫਿਸ਼ੀਅਲ ਇੰਟੈਲੀਜੈਂਸ ਵੱਲੋਂ ਸੰਚਾਲਿਤ ਸੇਵਾ, S ਚਿੱਪ-ਸਮਰੱਥ ਈ-ਪਾਸਪੋਰਟਾਂ ਦੀ ਵਰਤੋਂ ਕਰਦੇ ਹੋਏ ਆਸਾਨ ਵਿਦੇਸ਼ ਯਾਤਰਾ। E ਵਧੀ ਹੋਈ ਡਾਟਾ ਸੁਰੱਖਿਆ।

ਆਪਣੇ ਸੰਦੇਸ਼ ’ਚ ਜੈਸ਼ੰਕਰ ਨੇ ਕਿਹਾ, “ਮੈਂ ਭਾਰਤ ਅਤੇ ਵਿਦੇਸ਼ ਵਿਚ ਸਾਡੇ ਸਾਰੇ ਪਾਸਪੋਰਟ ਜਾਰੀ ਕਰਨ ਵਾਲੇ ਅਧਿਕਾਰੀਆਂ ਨੂੰ ਸਮੇਂ ਸਿਰ, ਭਰੋਸੇਮੰਦ, ਪਹੁੰਚਯੋਗ, ਪਾਰਦਰਸ਼ੀ ਅਤੇ ਕੁਸ਼ਲ ਤਰੀਕੇ ਨਾਲ ਨਾਗਰਿਕਾਂ ਨੂੰ ਪਾਸਪੋਰਟ ਅਤੇ ਸਬੰਧਤ ਸੇਵਾਵਾਂ ਪ੍ਰਦਾਨ ਕਰਨ ਦਾ ਸੱਦਾ ਦੇਣਾ ਚਾਹੁੰਦਾ ਹਾਂ।” ਜੈਸ਼ੰਕਰ ਦੇ ਸੰਦੇਸ਼ ਨੂੰ ਟਵਿੱਟਰ ’ਤੇ ਸਾਂਝਾ ਕਰਦੇ ਹੋਏ ਵਿਦੇਸ਼ ਮੰਤਰਾਲੇ ਨੇ ਕਿਹਾ, “ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਦਾ ਇਕ ਸੰਦੇਸ਼ ਹੈ। ਅਸੀਂ ਪਾਸਪੋਰਟ ਸੇਵਾ ਦਿਵਸ ਮਨਾ ਰਹੇ ਹਾਂ। ਐੱਮ.ਈ.ਏ. ਦੀ ਟੀਮ ਨਾਗਰਿਕਾਂ ਨੂੰ ਭਰੋਸੇਯੋਗ, ਪਹੁੰਚਯੋਗ, ਪਾਰਦਰਸ਼ੀ ਅਤੇ ਕੁਸ਼ਲ ਤਰੀਕੇ ਨਾਲ ਸਮੇਂ ’ਤੇ ਪਾਸਪੋਰਟ ਤੇ ਸੰਬੰਧਿਤ ਸੇਵਾਵਾਂ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਦਾ ਦੀ ਪੁਸ਼ਟੀ ਕਰਦਾ ਹੈ।

ਜੈਸ਼ੰਕਰ ਨੇ ਕਿਹਾ ਕਿ ਪਾਸਪੋਰਟ ਸੇਵਾ ਦਿਵਸ 2023 ਦੇ ਮੌਕੇ ’ਤੇ ਭਾਰਤ ਅਤੇ ਵਿਦੇਸ਼ ਵਿਚ ਸਾਰੇ ਪਾਸਪੋਰਟ ਜਾਰੀ ਕਰਨ ਵਾਲੇ ਅਧਿਕਾਰੀਆਂ ਅਤੇ ਕੇਂਦਰੀ ਪਾਸਪੋਰਟ ਸੰਗਠਨ ਦੇ ਉਨ੍ਹਾਂ ਦੇ ਸਹਿਯੋਗੀਆਂ ਦਾ ਸਨਮਾਨ ਕਰਨਾ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਦਿਨ ਇਸਦਾ ਜਾਇਜ਼ਾ ਲੈਣ ਦਾ ਇਕ ਮੌਕਾ ਹੈ ਕਿ ਕੀ ਹਾਸਲ ਕੀਤਾ ਗਿਆ ਹੈ।

# ਪੈਨ ਨੂੰ ਆਧਾਰ ਨਾਲ ਲਿੰਕ ਨਹੀਂ ਕੀਤਾ, ਤਾਂ ਦੇਣਾ ਪਵੇਗਾ ਜ਼ੁਰਮਾਨਾ !




ਨਵੀਂ ਦਿੱਲੀ, (ਪੰਜਾਬ ਮੇਲ)- ਇਨਕਮ ਟੈਕਸ ਵਿਭਾਗ ਲੋਕਾਂ ਨੂੰ ਆਪਣੇ ਪੈਨ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਲਈ ਲਗਾਤਾਰ ਕਹਿ ਰਿਹਾ ਹੈ। ਇਨ੍ਹਾਂ ਦਸਤਾਵੇਜ਼ਾਂ ਨੂੰ ਜਲਦੀ ਲਿੰਕ ਕਰਨਾ ਬਹੁਤ ਜ਼ਰੂਰੀ ਹੈ। ਜੇਕਰ ਤੁਸੀਂ ਇਨ੍ਹਾਂ ਨੂੰ 30 ਜੂਨ, 2023 ਤੱਕ ਲਿੰਕ ਨਹੀਂ ਕਰਦੇ, ਤਾਂ ਤੁਹਾਡਾ ਪੈਨ ਕਾਰਡ ਅਕਿਰਿਆਸ਼ੀਲ ਹੋ ਜਾਵੇਗਾ। ਬਹੁਤ ਸਾਰੇ ਪੈਨ ਧਾਰਕਾਂ ਦੇ ਆਧਾਰ ਅਤੇ ਪੈਨ ਜਨਸੰਖਿਆ ਸੰਬੰਧੀ ਵੇਰਵਿਆਂ ਵਿਚ ਕੋਈ ਮੇਲ ਨਹੀਂ ਹੈ। ਇਨਕਮ ਟੈਕਸ ਵਿਭਾਗ ਨੇ ਇਸ ’ਤੇ ਟਵੀਟ ਕੀਤਾ ਹੈ। ਇਨਕਮ ਟੈਕਸ ਵਿਭਾਗ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਹੈ ਕਿ ਪੈਨ ਨੂੰ ਆਧਾਰ ਨਾਲ ਲਿੰਕ ਕਰਦੇ ਸਮੇਂ ਬਹੁਤ ਸਾਰੇ ਪੈਨ ਧਾਰਕ ਜਨਸੰਖਿਆ ਦੇ ਬੇਮੇਲ ਹੋਣ ਤੋਂ ਚਿੰਤਤ ਹੋ ਰਹੇ ਹਨ। ਵਿਭਾਗ ਨੇ ਪੈਨ ਅਤੇ ਆਧਾਰ ਨੂੰ ਆਸਾਨ ਲਿੰਕ ਕਰਨ ਲਈ ਬਾਇਓਮੀਟ੍ਰਿਕ ਆਧਾਰਿਤ ਪ੍ਰਮਾਣਿਕਤਾ ਦੀ ਸੁਵਿਧਾ ਸ਼ੁਰੂ ਕੀਤੀ ਹੈ। ਪੈਨ ਧਾਰਕ ਪੈਨ ਸੇਵਾ ਪ੍ਰਦਾਤਾਵਾਂ (ਪ੍ਰੋਟੀਨ ਅਤੇ ਯੂ.ਟੀ.ਆਈ.ਆਈ. ਟੀ.ਐੱਸ.ਐੱਲ.) ਦੇ ਕੇਂਦਰਾਂ ’ਤੇ ਜਾ ਕੇ ਇਨ੍ਹਾਂ ਵੇਰਵਿਆਂ ਨੂੰ ਠੀਕ ਕਰ ਸਕਦੇ ਹਨ।

# ਆਸਟ੍ਰੇਲੀਆ ਭਾਰਤੀ ਵਿਦਿਆਰਥੀਆਂ ਨੂੰ ਬਿਨਾਂ ਵੀਜ਼ਾ ਸਪਾਂਸਰ ਰਹਿਣ ਦੀ ਦੇਵੇਗਾ ਇਜਾਜ਼ਤ !

**■ ਇਕ ਜੁਲਾਈ ਤੋਂ ਬਿਨਾਂ ਵੀਜ਼ਾ ਸਪਾਂਸਰ ਅੱਠ ਸਾਲ ਤੱਕ ਕੰਮ ਲਈ ਕਰ ਸਕਣਗੇ ਬਿਨੈ**

ਸਿਡਨੀ, (ਪੰਜਾਬ ਮੇਲ)- ਆਸਟ੍ਰੇਲੀਆ ਦੇ ਵਿੱਦਿਅਕ ਅਦਾਰਿਆਂ ’ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀ ਇਸ ਸਾਲ ਇਕ ਜੁਲਾਈ ਤੋਂ ਬਿਨਾਂ ਵੀਜ਼ਾ ਸਪਾਂਸਰ ਅੱਠ ਸਾਲ ਤਕ ਕੰਮ ਲਈ ਬਿਨੈ ਕਰ ਸਕਣਗੇ। ਵਰਕ ਵੀਜ਼ਾ ’ਤੇ ਦੋ ਸਾਲ ਦਾ ਵਿਸਥਾਰ ਵੀ ਮਿਲ ਸਕੇਗਾ। ਹਰ ਪੰਦਰਵਾੜੇ ’ਚ ਕੰਮ ਦੇ ਘੰਟੇ ਦੀ ਹੱਦ 40 ਤੋਂ ਵਧਾ ਕੇ 48 ਕਰ ਦਿੱਤੀ ਜਾਵੇਗੀ। ਵੀਜ਼ਾ ਸਪਾਂਸਰ ਉਨ੍ਹਾਂ ਲੋਕਾਂ ਦੇ ਸਾਰੇ ਖ਼ਰਚਿਆਂ ਦੀ ਜ਼ਿੰਮੇਵਾਰੀ ਲੈਂਦੇ ਹਨ, ਜਿਨ੍ਹਾਂ ਕੋਲ ਵਿਦੇਸ਼ ਯਾਤਰਾ ਦੌਰਾਨ ਆਪਣੇ ਖ਼ਰਚਿਆਂ ਦਾ ਭੁਗਤਾਨ ਕਰਨ ਲਈ ਆਮਦਨ ਸਰਟੀਫਿਕੇਟ ਨਹੀਂ ਹੈ। ਇਸ ਮਹੀਨੇ ਦੀ ਸ਼ੁਰੂਆਤ ’ਚ ਭਾਰਤ ਤੇ ਆਸਟ੍ਰੇਲੀਆ ਨੇ ਵਿਦਿਆਰਥੀਆਂ, ਅਕਾਦਮਿਕ ਸ਼ੋਧਕਰਤਾਵਾਂ ਲਈ ਮੌਕੇ ਵਧਾਉਣ ਲਈ ਇਮੀਗ੍ਰੇਸ਼ਨ ਭਾਈਵਾਲੀ ਸਮਝੌਤੇ ’ਤੇ ਹਸਤਾਖ਼ਰ ਕੀਤੇ ਸਨ। ਮੋਬਿਲਟੀ ਅਰੇਂਜਮੈਂਟ ਫਾਰ ਟੇਲੈਂਟਿਡ ਅਰਲੀ ਪ੍ਰੋਫੈਸ਼ਨਲਜ਼ ਸਕੀਮ (ਐੱਮ.ਏ.ਟੀ.ਈ.ਐੱਸ.) ਤਹਿਤ ਭਾਰਤ ਦੇ ਨੌਜਵਾਨ ਪੇਸ਼ੇਵਰਾਂ ਨੂੰ ਬਿਨਾਂ ਵੀਜ਼ਾ ਸਪਾਂਸਰ ਦੇਸ਼ ’ਚ ਰਹਿਣ ਦੀ ਇਜਾਜ਼ਤ ਮਿਲੇਗੀ। ਅਸਥਾਈ ਵੀਜ਼ਾ ਪ੍ਰੋਗਰਾਮ ਦੇ ਰੂਪ ’ਚ ਐੱਮ.ਏ.ਟੀ.ਈ.ਐੱਸ. ’ਚ ਵਿਸ਼ੇਸ਼ ਖੇਤਰਾਂ ’ਚ ਡਿਗਰੀ ਦੇ ਨਾਲ ਮਾਨਤਾ ਪ੍ਰਾਪਤ ਭਾਰਤੀ ਯੂਨੀਵਰਸਿਟੀਆਂ ਦੇ ਗ੍ਰੈਜੂਏਟ ਸ਼ਾਮਲ ਹਨ। ਐੱਮ.ਏ.ਟੀ.ਈ.ਐੱਸ. ਵੀਜ਼ਾ ਲਈ ਯੋਗ ਖੇਤਰਾਂ ’ਚ ਇੰਜੀਨੀਅਰਿੰਗ, ਮਾਈਨਿੰਗ, ਵਿੱਤੀ ਤਕਨੀਕ, ਆਰਟੀਫੀਸ਼ੀਅਲ ਇੰਟੈਲੀਜੈਂਸ, ਆਈਟੀ, ਖੇਤੀਬਾੜੀ ਤੇ ਨਵਿਆਉਣਯੋਗ ਊਰਜਾ ਸ਼ਾਮਲ ਹਨ।







# ਆਈ.ਸੀ.ਸੀ. ਵੱਲੋਂ ਇਕ ਦਿਨਾਂ ਵਿਸ਼ਵ ਕੱਪ ਕ੍ਰਿਕਟ ਦਾ ਐਲਾਨ

- 5 ਅਕਤੂਬਰ ਤੋਂ ਹੋਵੇਗੀ ਸ਼ੁਰੂਆਤ
- ਭਾਰਤ-ਪਾਕਿਸਤਾਨ ਮੈਚ 15 ਨੂੰ ਅਹਿਮਦਾਬਾਦ 'ਚ

| | |
|---|---|
| 1 | NEW ZEALAND |
| 2 | INDIA (HOSTS) (Q) |
| 3 | PAKISTAN |
| 4 | ENGLAND |
| 5 | AUSTRALIA |
| 6 | BANGLADESH |
| 7 | AFGHANISTAN |
| 8 | WEST INDIES |
| 9 | SRI LANKA |
| 10 | SOUTH AFRICA |
| 11 | IRELAND |
| 12 | ZIMBABWE |
| 13 | NETHERLANDS |

ICC MEN'S CRICKET WORLD CUP INDIA 2023

ਮੁੰਬਈ, (ਪੰਜਾਬ ਮੇਲ)- ਵਿਸ਼ਵ ਕ੍ਰਿਕਟ ਕੌਂਸਲ (ਆਈ.ਸੀ.ਸੀ.) ਨੇ ਇਕ ਦਿਨਾਂ ਵਿਸ਼ਵ ਕੱਪ ਕ੍ਰਿਕਟਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ। ਇਸ ਤਹਿਤ ਅਹਿਮਦਾਬਾਦ ਵਿੱਚ 15 ਅਕਤੂਬਰ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲ ਮੈਚ ਹੋਵੇਗਾ। ਵਿਸ਼ਵ ਕੱਪ ਫਾਈਨਲ 19 ਨਵੰਬਰ ਨੂੰ ਅਹਿਮਦਾਬਾਦ ਵਿੱਚ, ਸੈਮੀਫਾਈਨਲ ਮੁੰਬਈ ਅਤੇ ਕੋਲਕਾਤਾ ਵਿੱਚ ਕ੍ਰਮਵਾਰ 15 ਅਤੇ 16 ਨਵੰਬਰ ਨੂੰ ਹੋਣਗੇ। ਟੂਰਨਾਮੈਂਟ ਦੀ ਸ਼ੁਰੂਆਤ 5 ਅਕਤੂਬਰ ਨੂੰ ਮੌਜੂਦਾ ਚੈਂਪੀਅਨ ਇੰਗਲੈਂਡ ਅਤੇ ਉਪ ਜੇਤੂ ਨਿਊਜ਼ੀਲੈਂਡ ਵਿਚਾਲੇ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ 'ਚ ਹੋਣ ਵਾਲੇ ਮੁਕਾਬਲੇ ਨਾਲ ਹੋਵੇਗੀ, ਜੋ 1,32,000 ਦਰਸ਼ਕਾਂ ਦੀ ਬੈਠਣ ਦੀ ਸਮਰੱਥਾ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਸਟੇਡੀਅਮ ਹੈ। ਮੇਜ਼ਬਾਨ ਭਾਰਤ ਆਪਣੀ ਮੁਹਿੰਮ ਦੀ ਸ਼ੁਰੂਆਤ 8 ਅਕਤੂਬਰ ਨੂੰ ਚੇਨਈ 'ਚ ਆਸਟਰੇਲੀਆ ਖਿਲਾਫ ਮੁਕਾਬਲੇ ਨਾਲ ਕਰੇਗਾ। ਟੂਰਨਾਮੈਂਟ ਦੌਰਾਨ ਕੁੱਲ 10 ਥਾਵਾਂ ਹੈਦਰਾਬਾਦ, ਅਹਿਮਦਾਬਾਦ, ਧਰਮਸ਼ਾਲਾ, ਦਿੱਲੀ, ਚੇਨਈ, ਲਖਨਊ, ਪੁਣੇ, ਬੰਗਲੌਰ, ਮੁੰਬਈ ਅਤੇ ਕੋਲਕਾਤਾ ਮੈਚਾਂ ਦੀ ਮੇਜ਼ਬਾਨੀ ਕਰਨਗੇ। ਹੈਦਰਾਬਾਦ ਤੋਂ ਇਲਾਵਾ ਗੁਹਾਟੀ ਅਤੇ ਤਿਰੂਵਨੰਤਪੁਰਮ 29 ਸਤੰਬਰ ਤੋਂ 3 ਅਕਤੂਬਰ ਤੱਕ ਅਭਿਆਸ ਖੇਡਾਂ ਦੀ ਮੇਜ਼ਬਾਨੀ ਕਰਨਗੇ। ਇਸ ਸਾਲ ਦੇ ਵਿਸ਼ਵ ਕੱਪ ਵਿਚ 10 ਟੀਮਾਂ ਹੋਣਗੀਆਂ।

# ਓਬਾਮਾ ਦੇ ਬਿਆਨ ਬਾਰੇ ਟਵੀਟ 'ਤੇ ਸਰਮਾ ਨੇ ਦਿੱਤੀ ਤਿੱਖੀ ਪ੍ਰਤੀਕਿਰਿਆ

ਨਵੀਂ ਦਿੱਲੀ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਭਾਰਤ 'ਚ ਘੱਟਗਿਣਤੀਆਂ ਲਈ ਕਥਿਤ ਤੌਰ 'ਤੇ ਖ਼ਤਰਾ ਪੈਦਾ ਹੋਣ ਬਾਰੇ ਦਿੱਤੇ ਬਿਆਨ 'ਤੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਅਸਾਮ ਪੁਲਿਸ ਵੱਲੋਂ ਸਾਬਕਾ ਰਾਸ਼ਟਰਪਤੀ ਨੂੰ ਗ੍ਰਿਫ਼ਤਾਰ ਕਰਨ ਲਈ ਅਮਰੀਕਾ ਜਾਣ ਬਾਰੇ ਚੱਲ ਰਹੀ ਇਕ ਸੋਸ਼ਲ ਮੀਡੀਆ ਪੋਸਟ 'ਤੇ ਬੋਲਦਿਆਂ ਸ਼ਰਮਾ ਨੇ ਕਿਹਾ ਕਿ 'ਭਾਰਤ ਵਿਚ ਹੀ ਕਈ ਹੁਸੈਨ ਓਬਾਮਾ ਹਨ' ਤੇ ਉਨ੍ਹਾਂ ਦੀ ਤਰਜੀਹ ਉਨ੍ਹਾਂ ਨਾਲ ਨਜਿੱਠਣਾ ਹੈ। ਉਨ੍ਹਾਂ ਕਿਹਾ ਕਿ ਅਸਾਮ ਪੁਲਿਸ ਆਪਣੀ ਤਰਜੀਹ ਮੁਤਾਬਕ ਕਾਰਵਾਈ ਕਰੇਗੀ। ਇਕ ਪ੍ਰਮੁੱਖ ਪੱਤਰਕਾਰ ਦੀ ਟਵਿੱਟਰ ਪੋਸਟ ਨੂੰ ਸ਼ੇਅਰ ਕਰਦਿਆਂ ਭਾਜਪਾ ਆਗੂ ਨੇ ਟਵੀਟ ਕੀਤਾ, 'ਭਾਰਤ ਵਿਚ ਹੀ ਕਈ ਹੁਸੈਨ ਓਬਾਮਾ ਹਨ। ਸਾਨੂੰ ਵਾਸ਼ਿੰਗਟਨ ਜਾਣ 'ਤੇ ਵਿਚਾਰ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਧਿਆਨ ਰੱਖਣ 'ਤੇ ਜ਼ੋਰ ਦੇਣਾ ਪਏਗਾ।' ਟਵਿੱਟਰ ਪੋਸਟ ਵਿਚ ਪੁੱਛਿਆ ਗਿਆ ਸੀ ਕਿ ਕੀ ਅਸਾਮ ਪੁਲਿਸ ਸਾਬਕਾ ਅਮਰੀਕੀ ਰਾਸ਼ਟਰਪਤੀ ਨੂੰ ਗ੍ਰਿਫ਼ਤਾਰ ਕਰਨ ਲਈ ਅਮਰੀਕਾ ਜਾਵੇਗੀ।'

# ਗੁਰਦੁਆਰਾ ਨਾਨਕ ਨਿਵਾਸ ਵਿਖੇ ਪੰਜਾਬੀ ਕਲਾਸਾਂ ਦੇ ਬੱਚਿਆਂ ਨੂੰ ਸਰਟੀਫੀਕੇਟ ਪ੍ਰਦਾਨ ਕੀਤੇ



ਸਰੀ, (ਹਰਦਮ ਮਾਨ/ਪੰਜਾਬ ਮੇਲ)-ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ (ਗੁਰਦੁਆਰਾ ਨਾਨਕ ਨਿਵਾਸ ਨੰਬਰ 5 ਰੋਡ) ਵਿਖੇ ਚੱਲ ਰਹੀਆਂ ਪੰਜਾਬੀ ਕਲਾਸਾਂ ਦੇ ਬੱਚਿਆਂ ਨੂੰ ਉਤਸ਼ਾਹਿਤ ਕਰਦਿਆਂ ਗੁਰਦੁਆਰਾ ਸਾਹਿਬ ਦੀ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਨੇ ਸਰਟੀਫੀਕੇਟ ਅਤੇ ਇਨਾਮ ਪ੍ਰਦਾਨ ਕੀਤੇ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਇਸ ਮੌਕੇ ਬੋਲਦਿਆਂ ਅਧਿਆਪਿਕਾ ਸ਼ਮਿੰਦਰਜੀਤ ਕੌਰ ਅਤੇ ਉਨ੍ਹਾਂ ਦੇ ਸਹਿਯੋਗੀ ਨਰਿੰਦਰ ਕੌਰ ਬਾਧ, ਕੁਲਵਿੰਦਰ (ਕੈਲੀ) ਸਿੱਧੂ ਅਤੇ ਹੋਰ ਸੇਵਾਦਾਰਾਂ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਅਤੇ ਗੁਰਬਾਣੀ ਨਾਲ ਜੋੜਨ ਦੇ ਕਾਰਜ ਦੀ ਸ਼ਲਾਘਾ ਕੀਤੀ। ਉਨ੍ਹਾਂ ਬੀਬੀ ਕਸ਼ਮੀਰ ਕੌਰ ਜੌਹਲ, ਬੀਬੀ ਅਮਰਜੀਤ ਕੌਰ ਗਰੇਵਾਲ, ਸਿੱਧੂ ਪਰਿਵਾਰ, ਬੱਚਿਆਂ ਦੇ ਮਾਪਿਆਂ ਅਤੇ ਸੰਗਤਾਂ ਦਾ ਵੀ ਧੰਨਵਾਦ ਕੀਤਾ।

25 ਜੂਨ ਬੱਚਿਆਂ ਦਾ ਆਖਰੀ ਸਕੂਲ ਦਿਨ ਸੀ ਅਤੇ ਇਸ ਮੌਕੇ ਬੱਚਿਆਂ ਨੇ ਸਜੇ ਦਰਬਾਰ ਹਾਲ ਵਿਚ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ "ਖਾਲਸਾ ਮੇਰੋ ਰੂਪ ਹੈ ਖਾਸ, ਖਾਲਸਹ ਮਹਿ ਹਉ ਕਰਹੁੰ ਨਿਵਾਸ" ਸ਼ਬਦ ਗਾਇਣ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ।

# ਏਅਰ ਇੰਡੀਆ ਬੰਬ ਕਾਂਡ ਦੇ ਪੀੜਤਾਂ ਦੀ ਯਾਦ ਵਿਚ ਸਾਲਾਨਾ ਸਮਾਗਮ



ਸਰੀ, (ਹਰਦਮ ਮਾਨ/ਪੰਜਾਬ ਮੇਲ)-23 ਜੂਨ 1985 ਨੂੰ ਏਅਰ ਇੰਡੀਆ ਦੀਆਂ ਦੋ ਉਡਾਣਾਂ ਵਿਚ ਹੋਏ ਬੰਬ ਧਮਾਕਿਆਂ ਵਿਚ ਮਾਰੇ ਗਏ 331 ਵਿਅਕਤੀਆਂ ਦੀ ਸਾਲਾਨਾ ਯਾਦਗਾਰ ਬੀਤੇ ਦਿਨੀਂ ਵੈਨਕੂਵਰ ਵਿਚ ਸਟੈਨਲੇ ਪਾਰਕ ਦੇ ਸੇਪਰਲੇ ਖੇਡ ਦੇ ਮੈਦਾਨ ਵਿਚ ਮਨਾਈ ਗਈ।

ਇਸ ਮੌਕੇ ਪੀੜਤ ਦੇ ਪਰਿਵਾਰਕ ਮੈਂਬਰਾਂ ਅਤੇ ਸਿਹਤ ਮੰਤਰੀ ਐਡਰੀਅਨ ਡਿਕਸ, ਰਾਜ ਮੰਤਰੀ ਜਾਰਜ ਚਾਉ, ਭਾਰਤੀ ਕੌਂਸਲ ਜਨਰਲ ਮਨੀਸ਼, ਲਿਬਰਲ ਐੱਮ.ਪੀ. ਤਾਲਿਬ ਨੂਰ ਮੁਹੰਮਦ, ਐੱਨ.ਡੀ.ਪੀ. ਵਿਧਾਇਕ ਜਿੰਨੀ ਸਿਮਸ, ਬੀ.ਸੀ. ਦੇ ਸਾਬਕਾ ਪ੍ਰੀਮੀਅਰ ਉੱਜਲ ਦੁਸਾਂਝ ਅਤੇ ਸਾਬਕਾ ਵਿਧਾਇਕ ਡੇਵ ਹੇਅਰ ਨੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ।

ਜ਼ਿਕਰਯੋਗ ਹੈ ਕਿ 23 ਜੂਨ, 1985 ਨੂੰ ਆਇਰਲੈਂਡ ਦੇ ਤੱਟ 'ਤੇ ਏਅਰ ਇੰਡੀਆ ਦੀ ਫਲਾਈਟ 182 'ਚ ਭਿਆਨਕ ਬੰਬ ਧਮਾਕਾ ਹੋਇਆ ਸੀ, ਜਿਸ ਵਿਚ 329 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਉਸੇ ਦਿਨ ਜਾਪਾਨ ਵਿਚ ਏਅਰ ਇੰਡੀਆ ਦੇ ਇਕ ਹੋਰ ਜਹਾਜ਼ ਵਿਚ ਨਰੀਤਾ (ਜਾਪਾਨ) ਹਵਾਈ ਅੱਡੇ ਵਿਚ ਧਮਾਕਾ ਹੋਇਆ ਸੀ, ਜਿਸ ਵਿਚ ਦੋ ਸਾਮਾਨ ਸੰਭਾਲਣ ਵਾਲੇ ਮਾਰੇ ਗਏ ਸਨ।

# ਆਈ.ਜੀ.ਆਈ. ਏਅਰਪੋਰਟ 'ਤੇ ਸੁਰੱਖਿਆ ਅਧਿਕਾਰੀਆਂ ਵੱਲੋਂ ਇਮੀਗ੍ਰੇਸ਼ਨ ਰੈਕੇਟ ਦਾ ਪਰਦਾਫਾਸ਼

ਨਵੀਂ ਦਿੱਲੀ, (ਪੰਜਾਬ ਮੇਲ)- ਆਈ.ਜੀ.ਆਈ. ਏਅਰਪੋਰਟ 'ਤੇ ਤਾਇਨਾਤ ਸੁਰੱਖਿਆ ਅਧਿਕਾਰੀਆਂ ਨੇ ਇਮੀਗ੍ਰੇਸ਼ਨ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਟੀਮ ਨੇ ਦੋ ਏਜੰਟਾਂ ਨੂੰ ਧੋਖੇ ਨਾਲ ਭਾਰਤ ਰਾਹੀਂ ਸ੍ਰੀਲੰਕਾ ਦੇ ਹੋਰ ਨਾਗਰਿਕਾਂ ਨੂੰ ਵਿਦੇਸ਼ ਭੇਜਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਫਿਲਹਾਲ ਦੋਵਾਂ ਦੋਸ਼ੀਆਂ ਤੋਂ ਪੁੱਛਗਿੱਛ ਦੀ ਤਿਆਰੀ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਆਈਜੀਆਈ ਏਅਰਪੋਰਟ 'ਤੇ ਵਿਦੇਸ਼ ਤੋਂ ਸੋਨੇ ਦੀ ਖੇਪ ਫੜੀ ਗਈ ਸੀ। 21 ਜੂਨ ਨੂੰ ਦਿੱਲੀ ਦੇ ਆਈ.ਜੀ.ਆਈ. ਹਵਾਈ ਅੱਡੇ 'ਤੇ ਸੀ.ਆਈ.ਐੱਸ.ਐੱਫ. ਨੇ ਇੱਕ ਸ਼ੱਕੀ ਯਾਤਰੀ ਨੂੰ ਫੜਿਆ ਸੀ। ਸ਼ੱਕੀ ਯਾਤਰੀ ਕੋਲੋਂ ਕਰੀਬ 1597 ਗ੍ਰਾਮ ਸੋਨੇ ਦੀ ਪੇਸਟ ਬਰਾਮਦ ਹੋਈ। ਮੁਲਜ਼ਮ ਸ਼ੱਕੀ ਯਾਤਰੀ ਦੁਬਈ ਤੋਂ ਏਅਰ ਇੰਡੀਆ ਦੀ ਫਲਾਈਟ ਰਾਹੀਂ ਭਾਰਤ ਪਹੁੰਚਿਆ ਸੀ।




# ਡਬਲਯੂ.ਐੱਚ.ਓ. ਵੱਲੋਂ ਭਾਰਤ 'ਚ ਬਣੇ 7 ਕਫ਼ ਸਿਰਪ ਬਲੈਕ ਲਿਸਟ

**ਵਾਸ਼ਿੰਗਟਨ, (ਪੰਜਾਬ ਮੇਲ)-** ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਅਫਰੀਕੀ ਦੇਸ਼ ਗਾਂਬੀਆ ਸਮੇਤ ਦੁਨੀਆਂ ਭਰ ਵਿਚ 300 ਲੋਕਾਂ ਦੀ ਮੌਤ ਲਈ 7 ਭਾਰਤੀ ਕਫ਼ ਸਿਰਪ ਕੰਪਨੀਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਪਾਬੰਦੀ ਲਗਾ ਦਿੱਤੀ ਹੈ। ਦੂਜੇ ਪਾਸੇ ਇਸ ਮਾਮਲੇ 'ਤੇ ਕੇਂਦਰੀ ਸਿਹਤ ਮੰਤਰੀ ਮਨਸੁਖ ਮੰਡਾਵੀਆ ਨੇ ਕਿਹਾ ਹੈ ਕਿ ਨਕਲੀ ਦਵਾਈਆਂ 'ਤੇ 'ਨੋ ਟਾਲਰੈਂਸ' ਦੀ ਨੀਤੀ ਹੈ। ਉਨ੍ਹਾਂ ਕਿਹਾ ਕਿ 'ਦਵਾਈਆਂ ਦੀ ਕੁਆਲਿਟੀ ਨੂੰ ਯਕੀਨੀ ਬਣਾਉਣ ਲਈ, ਇਕ ਵਿਆਪਕ ਜੋਖਮ ਆਧਾਰਿਤ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਭਾਰਤ ਦਵਾਈਆਂ ਦੀ ਕੁਆਲਿਟੀ 'ਤੇ ਕਦੇ ਵੀ ਸਮਝੌਤਾ ਨਹੀਂ ਕਰੇਗਾ। ਅਸੀਂ ਇਹ ਯਕੀਨੀ ਬਣਾਉਣ ਲਈ ਹਮੇਸ਼ਾ ਚੌਕਸ ਰਹਿੰਦੇ ਹਾਂ ਕਿ ਨਕਲੀ ਦਵਾਈਆਂ ਕਾਰਨ ਕਿਸੇ ਦੀ ਮੌਤ ਨਾ ਹੋਵੇ।



ਦੂਜੇ ਪਾਸੇ ਡਬਲਯੂ.ਐੱਚ.ਓ. ਨੇ ਗਾਂਬੀਆ 'ਚ 66 ਬੱਚਿਆਂ ਦੀ ਮੌਤ ਲਈ ਇਨ੍ਹਾਂ ਕਫ ਸਿਰਪ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਅੰਤਰਰਾਸ਼ਟਰੀ ਏਜੰਸੀ ਤੋਂ ਮਿਲੀ ਜਾਣਕਾਰੀ ਮੁਤਾਬਕ ਕੰਪਨੀ ਅਤੇ ਰੈਗੂਲੇਟਰੀ ਅਧਿਕਾਰੀ ਇਨ੍ਹਾਂ ਕੰਪਨੀਆਂ ਦੀ ਜਾਂਚ ਕਰ ਰਹੇ ਹਨ। ਜਾਣਕਾਰੀ ਮੁਤਾਬਕ ਡਬਲਯੂ.ਐੱਚ.ਓ. ਭਾਰਤ ਅਤੇ ਇੰਡੋਨੇਸ਼ੀਆ 'ਚ ਕਫ਼ ਸਿਰਪ ਅਤੇ ਵਿਟਾਮਿਨ ਬਣਾਉਣ ਵਾਲੀਆਂ 20 ਕੰਪਨੀਆਂ ਦੀ ਜਾਂਚ ਕਰ ਰਿਹਾ ਹੈ। ਏਜੰਸੀ ਦੇ ਇਕ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦੀਆਂ ਦਵਾਈਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਵਿਚ ਡਾਇਥਾਈਲੀਨ ਗਲਾਈਕੋਲ ਅਤੇ ਏਥੀਲੀਨ ਗਲਾਈਕੋਲ ਦੀ ਅਸਵੀਕਾਰਨਯੋਗ ਮਾਤਰਾ ਸੀ। ਇਸ ਦੇ ਨਾਲ ਹੀ ਏਜੰਸੀ ਦੇ ਡਾਇਰੈਕਟਰ ਜਨਰਲ ਡਾ. ਐਡੇਨਹੋਮ ਗੇਬਰੇਹੇਸਸ ਨੇ ਦੱਸਿਆ ਕਿ ਗਾਂਬੀਆ ਵਿਚ ਚਾਰ ਕਫ ਸਿਰਪ ਵਿਚ ਗੰਦੇ ਪਦਾਰਥ ਮਿਲਣ ਕਾਰਨ ਇਨ੍ਹਾਂ ਖਿਲਾਫ ਅਲਰਟ ਜਾਰੀ ਕੀਤਾ ਗਿਆ ਹੈ। ਇਨ੍ਹਾਂ ਦਵਾਈਆਂ ਕਾਰਨ ਗਾਂਬੀਆ ਵਿਚ 66 ਬੱਚਿਆਂ ਦੀ ਕਿਡਨੀ ਫੇਲ ਹੋਣ ਕਾਰਨ ਮੌਤ ਹੋ ਗਈ। ਪਿਛਲੇ ਕੁਝ ਮਹੀਨਿਆਂ ਵਿਚ ਦੁਨੀਆਂ ਦੇ ਕਈ ਦੇਸ਼ਾਂ ਵਿਚ ਦੂਸ਼ਿਤ ਕਫ ਸਿਰਪ ਕਾਰਨ 300 ਬੱਚਿਆਂ ਦੀ ਮੌਤ ਹੋ ਚੁੱਕੀ ਹੈ। ਕਫ ਸਿਰਪ ਤੋਂ ਇਲਾਵਾ ਡਬਲਯੂ.ਐੱਚ.ਓ. ਨੇ ਵਿਟਾਮਿਨ ਬਣਾਉਣ ਵਾਲੀਆਂ ਕੰਪਨੀਆਂ ਨੂੰ ਵੀ ਜਾਂਚ ਦੇ ਘੇਰੇ ਵਿਚ ਰੱਖਿਆ ਹੈ।

## ਗੈਂਗਸਟਰ ਗੋਲਡੀ ਬਰਾੜ ਦੇ ਨਿਸ਼ਾਨੇ 'ਤੇ ਸਲਮਾਨ ਖਾਨ!

**ਨਵੀਂ ਦਿੱਲੀ, (ਪੰਜਾਬ ਮੇਲ)-** ਬਦਨਾਮ ਗੈਂਗਸਟਰ ਗੋਲਡੀ ਬਰਾੜ ਨੇ ਹੈਰਾਨ ਕਰਨ ਵਾਲਾ ਖ਼ੁਲਾਸਾ ਕਰਦਿਆਂ ਕਿਹਾ ਹੈ ਕਿ ਬਾਲੀਵੁੱਡ ਦੇ ਭਾਈਜਾਨ ਸਲਮਾਨ ਖ਼ਾਨ ਉਸ ਦੇ ਨਿਸ਼ਾਨੇ 'ਤੇ ਹੈ। ਮੌਕਾ ਮਿਲਿਆ ਤਾਂ ਜ਼ਰੂਰ ਮਾਰਾਂਗੇ। ਉਸ ਨੇ ਇਹ ਪ੍ਰਗਟਾਵਾ ਇਕ ਨਿਊਜ਼ ਚੈਨਲ ਨਾਲ ਗੱਲਬਾਤ ਦੌਰਾਨ ਕੀਤਾ। ਗੋਲਡੀ ਬਰਾੜ ਭਾਰਤ ਦਾ ਮੋਸਟ ਵਾਂਟੇਡ ਹੈ ਅਤੇ ਇੰਟਰਪੋਲ ਨੇ ਉਸ ਖ਼ਿਲਾਫ਼ ਨੋਟਿਸ ਵੀ ਜਾਰੀ ਕੀਤਾ ਹੈ ਗੋਲਡੀ ਬਰਾੜ ਨੇ ਖਾਲਿਸਤਾਨ ਅਤੇ ਆਈ.ਐੱਸ.ਆਈ. ਬਾਰੇ ਵੀ ਗੱਲ ਕੀਤੀ। ਦਾਊਦ ਇਬਰਾਹਿਮ ਬਾਰੇ ਉਸ ਨੇ ਕਿਹਾ ਕਿ ਜੋ ਸਾਡੇ ਦੇਸ਼ 'ਚ ਬੰਬ ਧਮਾਕੇ ਕਰਦਾ ਹੈ, ਉਸ ਨਾਲ ਸਾਡੀ ਕੋਈ ਦੋਸਤੀ ਨਹੀਂ। ਬਰਾੜ ਨੇ ਦੱਸਿਆ ਕਿ ਪਾਕਿਸਤਾਨ 'ਚ ਰਹਿੰਦੇ ਅੱਤਵਾਦੀ ਹਰਵਿੰਦ ਸਿੰਘ ਰਿੰਦਾ ਨਾਲ ਉਸ ਦੀ ਗੱਲ ਹੁੰਦੀ ਰਹਿੰਦੀ ਸੀ।

# ਐੱਨ.ਡੀ.ਪੀ. ਜਗਮੀਤ ਸਿੰਘ ਵੱਲੋਂ ਹਰਦੀਪ ਨਿੱਝਰ ਦੇ ਕਤਲ ਦੀ ਜਾਂਚ ਕਰਵਾਉਣ ਦੀ ਮੰਗ



**ਓਟਵਾ, (ਪੰਜਾਬ ਮੇਲ)-** ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੇ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਤੋਂ ਸਰੀ ਵਿਚ ਰਹਿਣ ਵਾਲੇ ਸਿੱਖ ਕਮਿਊਨਿਟੀ ਦੇ ਉੱਘੇ ਮੈਂਬਰ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਕੈਨੇਡਾ ਦੇ ਸਭ ਤੋਂ ਵੱਡੇ ਗੁਰਦੁਆਰਿਆਂ ਵਿਚੋਂ ਇਕ ਗੁਰੂ ਨਾਨਕ ਸਿੱਖ ਗੁਰਦੁਆਰੇ ਦਾ ਨਿੱਜਰ ਪ੍ਰਧਾਨ ਸੀ। ਐਤਵਾਰ ਸ਼ਾਮ ਨੂੰ ਗੁਰਦੁਆਰੇ ਤੋਂ ਬਾਹਰ ਨਿਕਲਦੇ ਸਮੇਂ ਉਸ ਦੀ ਗੱਡੀ ਵਿਚ ਹੀ ਗੋਲੀਆਂ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ।

ਜਗਮੀਤ ਸਿੰਘ ਨੇ ਮੈਂਡੀਸਿਨੋ ਨੂੰ ਲਿਖੇ ਖੁੱਲ੍ਹੇ ਪੱਤਰ ਵਿਚ ਇਹ ਆਖਿਆ ਕਿ ਇਸ ਹਿੰਸਕ ਘਟਨਾ ਤੋਂ ਬਾਅਦ ਸਿੱਖ ਕਮਿਊਨਿਟੀ ਪਹਿਲਾਂ ਨਾਲੋਂ ਵੀ ਚਿੰਤਤ ਤੇ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਉਨ੍ਹਾਂ ਇਹ ਵੀ ਲਿਖਿਆ ਕਿ ਪਬਲਿਕ ਸੇਫਟੀ ਮੰਤਰੀ ਹੋਣ ਨਾਤੇ ਹਰ ਕੈਨੇਡੀਅਨ ਨੂੰ ਸੁਰੱਖਿਅਤ ਮਹਿਸੂਸ ਕਰਵਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ ਤੇ ਇਸ ਲਈ ਜੋ ਬਣਦਾ ਹੈ। ਉਹ ਤੁਹਾਨੂੰ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਨਿੱਝਰ ਦੇ ਕਤਲ ਦੀ ਜਾਂਚ ਕਰਵਾਈ ਜਾਵੇ ਤੇ ਮੀਡੀਆ ਰਿਪੋਰਟਾਂ ਵਿਚ ਸਾਹਮਣੇ ਆਏ ਦੋਸ਼ਾਂ ਦੀ ਵੀ ਤਹਿ ਤੱਕ ਜਾਇਆ ਜਾਵੇ।

# ਏਅਰ ਇੰਡੀਆ ਦੀ ਕਨਿਸ਼ਕ ਉਡਾਣ ਦੇ ਮ੍ਰਿਤਕਾਂ ਨੂੰ ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨ ਵੱਲੋਂ ਸ਼ਰਧਾਂਜਲੀ

**ਓਟਵਾ, (ਪੰਜਾਬ ਮੇਲ)-** ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਨੇ ਏਅਰ ਇੰਡੀਆ ਦੀ ਉਡਾਣ 182 ਕਨਿਸ਼ਕ 'ਤੇ ਅੱਤਵਾਦੀ ਹਮਲੇ ਦੀ 38ਵੀਂ ਬਰਸੀ ਮਨਾਈ। ਹਮਲੇ ਵਿਚ 329 ਯਾਤਰੀ ਮਾਰੇ ਗਏ ਸਨ। ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਨੇ ਇਸ ਨੂੰ ਕੈਨੇਡੀਅਨ ਹਵਾਬਾਜ਼ੀ ਇਤਿਹਾਸ 'ਚ ਸਭ ਤੋਂ ਵੱਡਾ ਦੁਖਾਂਤ ਕਰਾਰ ਦਿੱਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਇਹ ਪੀੜਤ ਪਰਿਵਾਰਾਂ ਅਤੇ



ਸਮੁੱਚੀ ਮਨੁੱਖਤਾ ਲਈ ਅਸਹਿ ਨੁਕਸਾਨ ਬਣਿਆ ਰਹੇਗਾ। 23 ਜੂਨ 1985 ਨੂੰ ਫਲਾਈਟ ਨੰਬਰ ਏਆਈ-182 ਕਨਿਸ਼ਕ ਉਡਾਣ ਭਰ ਰਹੀ ਸੀ ਤੇ ਅਸਮਾਨ ਵਿਚ ਇਸ ਵਿਚ ਧਮਾਕਾ ਹੋ ਗਿਆ ਸੀ।

## ਸੈਂਕੜੇ ਭਾਰਤੀ ਵਿਦਿਆਰਥੀਆਂ ਨਾਲ ਧੋਖਾਧੜੀ ਕਰਨ ਵਾਲਾ ਏਜੰਟ ਕੈਨੇਡਾ 'ਚ ਗ੍ਰਿਫ਼ਤਾਰ

**ਓਟਵਾ, (ਪੰਜਾਬ ਮੇਲ)-** ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਫਰਜ਼ੀ ਦਸਤਾਵੇਜ਼ਾਂ 'ਤੇ ਕੈਨੇਡਾ ਭੇਜਣ ਵਾਲੇ ਟਰੈਵਲ ਏਜੰਟ ਬ੍ਰਿਜੇਸ਼ ਮਿਸ਼ਰਾ ਨੂੰ ਕੈਨੇਡਾ 'ਚ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫਤਾਰ ਕੀਤਾ ਗਿਆ। ਉਸ 'ਤੇ ਕੈਨੇਡਾ ਵਿਚ ਉੱਚ ਸਿੱਖਿਆ ਸੰਸਥਾਵਾਂ ਲਈ ਭਾਰਤੀ ਵਿਦਿਆਰਥੀਆਂ ਨੂੰ ਫਰਜ਼ੀ ਪੱਤਰ ਜਾਰੀ ਕਰਨ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਉਸ ਦੇ ਸਾਥੀ ਰਾਹੁਲ ਭਾਰਗਵ ਨੂੰ ਪਹਿਲਾਂ ਹੀ 28 ਮਾਰਚ ਨੂੰ ਜਲੰਧਰ ਤੋਂ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

# ਕੈਨੇਡੀਅਨ ਯੂਜ਼ਰਜ਼ ਹੁਣ ਫ਼ੇਸਬੁੱਕ ਤੇ ਇੰਸਟਾਗ੍ਰਾਮ 'ਤੇ ਨਹੀਂ ਕਰ ਸਕਣਗੇ ਖ਼ਬਰਾਂ ਤੱਕ ਪਹੁੰਚ

**ਟੋਰਾਂਟੋ, (ਪੰਜਾਬ ਮੇਲ)-** ਟੈਕ ਕੰਪਨੀ ਨੇ ਵੀਰਵਾਰ ਨੂੰ ਇਹ ਐਲਾਨ ਕੀਤਾ ਕਿ ਔਨਲਾਈਨ ਨਿਊਜ਼ ਐਕਟ 'ਬਿਲ ਸੀ-18' ਦੇ ਲਾਗੂ ਹੋਣ ਤੋਂ ਪਹਿਲਾਂ ਉਹ ਸਾਰੇ ਕੈਨੇਡੀਅਨ ਯੂਜ਼ਰਜ਼ ਲਈ ਆਪਣੀ ਸੋਸ਼ਲ ਮੀਡੀਆ ਸਾਈਟਾਂ 'ਤੇ ਖ਼ਬਰਾਂ ਤੱਕ ਪਹੁੰਚ ਨੂੰ ਖ਼ਤਮ ਕਰ ਦੇਵੇਗੀ। ਬਿਲ ਸੀ-18 'ਤੇ ਸ਼ਾਹੀ ਮੋਹਰ ਵੀ ਲੱਗ ਗਈ ਅਤੇ ਇਹ ਕਾਨੂੰਨ ਬਣ ਗਿਆ ਹੈ। ਇਸ ਕਾਨੂੰਨ ਤਹਿਤ ਮੈਟਾ ਅਤੇ ਗੂਗਲ ਵਰਗੀਆਂ ਟੈਕ ਕੰਪਨੀਆਂ ਨੂੰ ਆਪਣੇ ਪਲੈਟਫ਼ੌਰਮਜ਼ 'ਤੇ ਖ਼ਬਰਾਂ ਪੋਸਟ ਕਰਨ ਦੇ ਬਦਲੇ ਮੀਡੀਆ ਅਦਾਰਿਆਂ ਨੂੰ ਭੁਗਤਾਨ ਕਰਨਾ ਹੋਵੇਗਾ।

ਮੈਟਾ ਨੇ ਕਿਹਾ ਕਿ ਉਹ ਅਗਲੇ ਕੁਝ ਮਹੀਨਿਆਂ ਦੌਰਾਨ ਕੈਨੇਡੀਅਨ ਯੂਜ਼ਰਜ਼ ਲਈ ਖ਼ਬਰਾਂ ਰੋਕਣਾ ਸ਼ੁਰੂ ਕਰ ਦੇਵੇਗੀ, ਪਰ ਇਹ ਤਬਦੀਲੀ ਅਚਾਨਕ ਨਹੀਂ ਹੋਵੇਗੀ। ਹੁਣ ਜਦੋਂ ਕਿ ਬਿਲ ਨੂੰ ਸ਼ਾਹੀ ਮਨਜ਼ੂਰੀ ਮਿਲ ਗਈ ਹੈ, ਕੈਨੇਡੀਅਨ ਹੈਰੀਟੇਜ ਵਿਭਾਗ ਇਸ ਐਕਟ ਦੀ ਵਰਤੋਂ ਅਤੇ ਨਿਯਮਾਂ ਦਾ ਖਰੜਾ ਤਿਆਰ ਕਰੇਗਾ ਅਤੇ ਇਸਨੂੰ ਲਾਗੂ ਕਰਨ ਦੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰੇਗਾ। ਬਿਲ ਸੀ-18 ਨੂੰ ਲਾਗੂ ਹੋਣ ਵਿਚ 6 ਮਹੀਨੇ ਲੱਗਣੇ ਚਾਹੀਦੇ ਹਨ। ਬਿਲ ਸੀ-18 ਬਾਰੇ ਮੈਟਾ ਨੇ ਇਸ ਮਹੀਨੇ ਦੇ ਸ਼ੁਰੂ 'ਚ ਕਿਹਾ ਸੀ ਕਿ ਉਹ ਕੈਨੇਡੀਅਨ ਯੂਜ਼ਰਜ਼ ਲਈ ਫ਼ੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਨਿਊਜ਼ ਸਮੱਗਰੀ ਨੂੰ ਬਲੌਕ ਕਰੇਗੀ। ਮਿਨਿਸਟਰ ਰੌਡਰਿਗਜ਼ ਨੇ ਇੱਕ ਵੱਖਰੇ ਮੀਡੀਆ ਬਿਆਨ ਵਿਚ ਕਿਹਾ ਸੀ ਕਿ ਫ਼ਿਲਹਾਲ ਮੈਟਾ ਦੀ ਇਸ ਐਕਟ ਤਹਿਤ ਕੋਈ ਜ਼ਿੰਮੇਵਾਰੀ ਨਹੀਂ ਹੈ ਅਤੇ ਸ਼ਾਹੀ ਮਨਜ਼ੂਰੀ ਤੋਂ ਬਾਅਦ ਫ਼ੈਡਰਲ ਸਰਕਾਰ ਇਸ ਕਾਨੂੰਨ ਦੇ ਨਿਯੰਤ੍ਰਣ ਅਤੇ ਲਾਗੂ ਕਰਨ ਦੀ ਪ੍ਰਕਿਰਿਆ 'ਚ ਸ਼ਾਮਲ ਹੋਵੇਗੀ।

# ਜਿਨਸੀ ਸ਼ੋਸ਼ਣ ਮਾਮਲਾ; ਪਹਿਲਵਾਨਾਂ ਵੱਲੋਂ ਬ੍ਰਿਜ ਭੂਸ਼ਣ ਖਿਲਾਫ਼ ਅਦਾਲਤ 'ਚ ਲੜਨ ਦਾ ਐਲਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਜਿਨਸੀ ਸ਼ੋਸ਼ਣ ਮਾਮਲੇ 'ਚ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਨੇ ਆਖਿਆ ਕਿ ਉਹ ਇਨਸਾਫ਼ ਲੈਣ ਲਈ ਬ੍ਰਿਜ ਭੂਸ਼ਣ ਸਿੰਘ ਖਿਲਾਫ਼ ਸੜਕਾਂ 'ਤੇ ਨਹੀਂ, ਬਲਕਿ ਅਦਾਲਤ 'ਚ ਲੜਾਈ ਲੜਨਗੇ। ਇੱਕ ਦਿਨ ਪਹਿਲਾਂ ਇਹ ਦਾਅਵਾ ਕੀਤਾ ਕਿ ਗਿਆ ਸੀ ਕਿ ਉਹ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਖ਼ਿਲਾਫ਼ ਮੁੜ ਸੜਕਾਂ 'ਤੇ ਪ੍ਰਦਰਸ਼ਨ ਸ਼ੁਰੂ ਕਰ ਸਕਦੇ ਹਨ। ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਨੇ ਟਵੀਟ ਕੀਤਾ ਕਿ ਸਰਕਾਰ ਨੇ ਬ੍ਰਿਜ ਭੂਸ਼ਣ ਖ਼ਿਲਾਫ਼ ਚਾਰਜਸ਼ੀਟ ਦਾਖਲ ਕਰਨ ਦਾ ਵਾਅਦਾ ਪੂਰਾ ਕਰ ਦਿੱਤਾ ਹੈ। ਉਕਤ ਦਾਅਵੇ ਨੂੰ ਖਾਰਜ ਕਰਦਿਆਂ ਉਨ੍ਹਾਂ ਟਵੀਟ ਵਿਚ ਲਿਖਿਆ, "ਇਸ ਮਾਮਲੇ ਵਿਚ ਪਹਿਲਵਾਨ ਨਿਆਂ ਮਿਲਣ ਤੱਕ ਲੜਾਈ ਜਾਰੀ ਰੱਖਣਗੇ ਪਰ ਇਹ ਅਦਾਲਤ ਵਿਚ ਲੜੀ ਜਾਵੇਗੀ, ਸੜਕਾਂ 'ਤੇ ਨਹੀਂ।" ਦੱਸਣਯੋਗ ਹੈ

**ਵਿਨੇਸ਼, ਸਾਕਸ਼ੀ ਤੇ ਬਜਰੰਗ ਵੱਲੋਂ ਨਿਆਂ ਲਈ ਮੁੜ ਸੜਕਾਂ 'ਤੇ ਧਰਨੇ ਲਾਉਣ ਦਾ ਦਾਅਵਾ ਖਾਰਜ**



ਕਿ ਸ਼ਨਿੱਚਰਵਾਰ ਨੂੰ ਵਿਨੇਸ਼, ਸਾਕਸ਼ੀ ਅਤੇ ਬਜਰੰਗ ਪੂਨੀਆ ਨੇ ਉਨ੍ਹਾਂ ਨੂੰ ਏਸ਼ਿਆਈ ਖੇਡਾਂ ਲਈ ਟਰਾਇਲਾਂ ਤੋਂ ਛੋਟ ਦਿੱਤੇ ਜਾਣ ਦੇ ਫ਼ੈਸਲੇ 'ਤੇ ਸਵਾਲ ਉਠਾਉਣ ਨੂੰ ਲੈ ਕੇ ਸਾਬਕਾ ਪਹਿਲਵਾਨ ਅਤੇ ਹੁਣ ਭਾਜਪਾ ਨੇਤਾ ਯੋਗੇਸ਼ਵਰ ਦੱਤ 'ਤੇ ਵਰ੍ਹਦਿਆਂ ਕਿਹਾ ਕਿ ਸੀ ਉਹ ਬ੍ਰਿਜ ਭੂਸ਼ਣ ਖ਼ਿਲਾਫ਼ ਲੜਾਈ ਜਾਰੀ ਰੱਖਣਗੇ ਅਤੇ ਚਾਰਜਸ਼ੀਟ ਦਾ ਮੁਲਾਂਕਣ ਕਰਨ ਮਗਰੋਂ ਇਸ ਗੱਲ 'ਤੇ ਚਰਚਾ ਕਰਨਗੇ ਕਿ ਸੰਘਰਸ਼ ਨੂੰ ਕਿਵੇਂ ਚਲਾਇਆ ਜਾਵੇ।

## ਦਿੱਲੀ ਅਦਾਲਤ ਵੱਲੋਂ ਬ੍ਰਿਜ ਭੂਸ਼ਣ ਖ਼ਿਲਾਫ਼ ਚਾਰਜਸ਼ੀਟ ਬਾਰੇ ਅਦਾਲਤੀ ਫੈਸਲਾ ਪਹਿਲੀ ਨੂੰ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਕੋਰਟ ਨੇ ਕਿਹਾ ਕਿ ਉਹ ਭਾਜਪਾ ਸੰਸਦ ਮੈਂਬਰ ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਦਾ ਅਹੁਦਾ ਛੱਡ ਰਹੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ਼ 6 ਮਹਿਲਾ ਪਹਿਲਵਾਨਾਂ ਵੱਲੋਂ ਲਾਏ ਕਥਿਤ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨਾਲ ਸਬੰਧਤ ਕੇਸ ਵਿਚ ਦਾਇਰ ਚਾਰਜਸ਼ੀਟ ਦਾ ਨੋਟਿਸ ਲੈਣ ਬਾਰੇ 1 ਜੁਲਾਈ ਨੂੰ ਫੈਸਲਾ ਸੁਣਾਏਗੀ। ਵਧੀਕ ਮੁੱਖ ਮੈਟਰੋਪਾਲਿਟਨ ਮੈਜਿਸਟਰੇਟ ਹਰਜੀਤ ਸਿੰਘ ਜਸਪਾਲ ਨੇ ਸੰਖੇਪ ਸੁਣਵਾਈ ਮਗਰੋਂ ਕੇਸ ਨੂੰ 1 ਜੁਲਾਈ ਤੱਕ ਮੁਲਤਵੀ ਕਰ ਦਿੱਤਾ। ਜੱਜ ਨੇ ਕਿਹਾ, "ਨਵੀਂ ਚਾਰਜਸ਼ੀਟ ਦਾਖਲ ਕੀਤੀ ਗਈ ਹੈ। ਇਸ 'ਤੇ ਗੌਰ ਕਰਨ ਦਿੱਤਾ ਜਾਵੇ ਕਿਉਂ ਜੋ ਇਹ ਲੰਮੀ ਚਾਰਜਸ਼ੀਟ ਹੈ, ਅਸੀਂ ਅਗਲੇ ਕੁਝ ਦਿਨਾਂ ਵਿਚ ਇਸ 'ਤੇ ਗੌਰ ਕਰਾਂਗੇ।" ਉਂਜ ਸੁਣਵਾਈ ਦੌਰਾਨ ਜੱਜ ਨੇ ਪਹਿਲਵਾਨਾਂ ਵੱਲੋਂ ਪਹਿਲਾਂ ਦਰਜ ਉਸ ਪਟੀਸ਼ਨ ਨੂੰ 'ਅਰਥਹੀਣ' ਦੱਸ ਕੇ ਖਾਰਜ ਕਰ ਦਿੱਤਾ, ਜਿਸ ਵਿਚ ਕੋਰਟ ਦੀ ਨਿਗਰਾਨੀ ਵਿਚ ਜਾਂਚ ਦੀ ਮੰਗ ਕੀਤੀ ਗਈ ਸੀ। ਜੱਜ ਨੇ ਕਿਹਾ, "ਕਿਉਂ ਜੋ ਮੌਜੂਦਾ ਸਮੇਂ ਚਾਰਜਸ਼ੀਟ ਪਹਿਲਾਂ ਹੀ ਦਾਖਲ ਕੀਤੀ ਜਾ ਚੁੱਕੀ ਹੈ, ਨਿਗਰਾਨੀ ਹੇਠ ਜਾਂਚ ਦੀ ਮੰਗ ਕਰਦੀ ਅਰਜ਼ੀ ਹੁਣ ਅਰਥਹੀਣ ਹੋ ਗਈ ਹੈ।" ਕਾਬਿਲੇਗੌਰ ਹੈ ਕਿ ਦਿੱਲੀ ਪੁਲਿਸ ਨੇ 15 ਜੂਨ ਨੂੰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ਼ ਆਈ.ਪੀ.ਸੀ. ਦੀਆਂ ਧਾਰਾਵਾਂ 354, 354ਏ, 354ਡੀ ਤੇ 506 ਤਹਿਤ ਦਰਜ ਕੇਸ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਸੀ।

# ਅਮਰੀਕਾ ਤੋਂ ਦਰਾਮਦ ਹੋਣ ਵਾਲੇ 8 ਉਤਪਾਦਾਂ ਤੋਂ ਕਸਟਮ ਡਿਊਟੀ ਹਟਾਵੇਗਾ ਭਾਰਤ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਅਮਰੀਕਾ ਤੋਂ ਦਰਾਮਦ ਹੋਣ ਵਾਲੇ ਛੋਲੇ, ਦਾਲ ਅਤੇ ਸੇਬ ਸਮੇਤ 8 ਉਤਪਾਦਾਂ ਤੋਂ ਕਸਟਮ ਡਿਊਟੀ ਹਟਾਵੇਗਾ। ਭਾਰਤ ਨੇ ਇਸ ਉੱਤੇ ਕਸਟਮ ਡਿਊਟੀ 2019 'ਚ ਲਾਈ ਸੀ, ਜਦੋਂ ਅਮਰੀਕਾ ਨੇ ਇਸਪਾਤ ਅਤੇ ਐਲੂਮੀਨੀਅਮ ਦੇ ਕੁੱਝ ਉਤਪਾਦਾਂ ਉੱਤੇ ਡਿਊਟੀ ਵਧਾ ਦਿੱਤੀ ਸੀ। ਇਹ ਜਾਣਕਾਰੀ ਸੂਤਰਾਂ ਵਲੋਂ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਅਮਰੀਕਾ ਯਾਤਰਾ ਦੌਰਾਨ ਦੋਵੇਂ ਦੇਸ਼ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਦੇ 6 ਵਿਵਾਦਾਂ ਨੂੰ ਖ਼ਤਮ ਕਰਨ ਅਤੇ ਅਮਰੀਕਾ ਦੇ ਉਤਪਾਦਾਂ ਉੱਤੇ ਬਦਲੇ ਦੇ ਰੂਪ 'ਚ ਲਾਈ ਡਿਊਟੀ ਨੂੰ ਹਟਾਉਣ ਉੱਤੇ ਸਹਿਮਤ ਹੋਏ ਸਨ।

ਅਮਰੀਕਾ ਨੇ 2018 'ਚ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦੇ ਕੇ ਇਸਪਾਤ ਉਤਪਾਦਾਂ ਉੱਤੇ ਕਸਟਮ ਡਿਊਟੀ 25 ਫ਼ੀਸਦੀ ਅਤੇ ਐਲੂਮੀਨੀਅਮ ਦੇ ਕੁੱਝ ਉਤਪਾਦਾਂ ਉੱਤੇ 10 ਫ਼ੀਸਦੀ ਕਸਟਮ ਡਿਊਟੀ ਲਾਉਣ ਦਾ ਫ਼ੈਸਲਾ ਲਿਆ ਸੀ। ਇਸ ਦੇ ਜਵਾਬ 'ਚ ਭਾਰਤ ਨੇ ਜੂਨ, 2019 'ਚ ਅਮਰੀਕਾ ਦੇ 28 ਉਤਪਾਦਾਂ ਉੱਤੇ ਕਸਟਮ ਡਿਊਟੀ ਲਾ ਦਿੱਤੀ ਸੀ। ਸੂਤਰ ਨੇ ਦੱਸਿਆ ਕਿ ਭਾਰਤ ਵੱਲੋਂ ਵਾਧੂ ਡਿਊਟੀ ਨੂੰ ਰੱਦ ਕਰਨ ਦੀ ਸੂਚਨਾ ਤੋਂ ਬਾਅਦ ਇਨ੍ਹਾਂ 8 ਅਮਰੀਕਾ 'ਚ ਬਣਨ ਵਾਲੇ ਉਤਪਾਦਾਂ ਉੱਤੇ ਡਿਊਟੀ ਸਭ ਤੋਂ ਪਸੰਦੀਦਾ ਦੇਸ਼ (ਐੱਮ.ਐੱਫ.ਐੱਨ.) ਦੀ ਮੌਜੂਦਾ ਦਰ 'ਤੇ ਵਾਪਸ ਆ ਜਾਵੇਗਾ। ਡਿਊਟੀ 90 ਦਿਨਾਂ 'ਚ ਖ਼ਤਮ ਹੋ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਸਮਝੌਤੇ ਤਹਿਤ ਭਾਰਤ ਛੋਲੇ (10 ਫ਼ੀਸਦੀ), ਦਾਲ (20 ਫ਼ੀਸਦੀ), ਤਾਜ਼ਾ ਜਾਂ ਸੁੱਕੇ ਬਾਦਾਮ (7 ਰੁਪਏ ਪ੍ਰਤੀ ਕਿਲੋਗ੍ਰਾਮ), ਛਿਲਕੇ ਵਾਲੇ ਬਾਦਾਮ (20 ਰੁਪਏ ਪ੍ਰਤੀ ਕਿਲੋਗ੍ਰਾਮ), ਅਖਰੋਟ (20 ਫ਼ੀਸਦੀ), ਤਾਜ਼ਾ ਸੇਬ (20 ਫ਼ੀਸਦੀ), ਬੋਰਿਕ ਐਸਿਡ (20 ਫ਼ੀਸਦੀ) ਅਤੇ ਮੈਡੀਕਲ ਰੀਐਜੈਂਟ (20 ਫ਼ੀਸਦੀ) ਤੋਂ ਵਾਧੂ ਡਿਊਟੀ ਹਟਾ ਦੇਵੇਗਾ। ਅਮਰੀਕਾ ਦੇ ਸੰਸਦ ਮੈਂਬਰਾਂ ਅਤੇ ਉਦਯੋਗ ਜਗਤ ਨੇ ਇਸ ਡਿਊਟੀ ਨੂੰ ਹਟਾਉਣ ਲਈ ਭਾਰਤ ਨਾਲ ਸਮਝੌਤੇ ਦੇ ਐਲਾਨ ਦਾ ਸਵਾਗਤ ਕੀਤਾ ਹੈ। ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਸਾਂਝੇਦਾਰ ਹੈ।

## ਪਾਕਿ 'ਚ ਗੋਲੀਬਾਰੀ ਦੀ ਘਟਨਾ 'ਚ 1 ਸਿੱਖ ਨੌਜਵਾਨ ਦੀ ਮੌਤ; ਦੂਜਾ ਜ਼ਖਮੀ

**ਪੇਸ਼ਾਵਰ, (ਪੰਜਾਬ ਮੇਲ)-** ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਕਤਲ ਕਰਨ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਪੇਸ਼ਾਵਰ 'ਚ ਹੀ ਦੋ ਦਿਨਾਂ 'ਚ ਸਿੱਖਾਂ 'ਤੇ ਹਮਲੇ ਦੀ ਦੂਜੀ ਘਟਨਾ ਸਾਹਮਣੇ ਆਈ ਹੈ। ਜਿਸ ਵਿਚ ਇਕ ਸਿੱਖ ਦੀ ਜਾਨ ਚਲੀ ਗਈ, ਜਦਕਿ ਦੂਜਾ ਜ਼ਖਮੀ ਹੋ ਗਿਆ। ਕੱਟੜਪੰਥੀ ਇਸਲਾਮਿਕ ਸਟੇਟ ਖੁਰਾਸਾਨ ਪ੍ਰਾਂਤ (ਆਈ.ਐੱਸ.ਕੇ.ਪੀ.) ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ।

ਮ੍ਰਿਤਕ ਦੀ ਪਛਾਣ ਪੇਸ਼ਾਵਰ ਵਾਸੀ ਮਨਮੋਹਨ ਸਿੰਘ (34) ਵਜੋਂ ਹੋਈ ਹੈ। ਇਹ ਘਟਨਾ ਸ਼ਨੀਵਾਰ ਸ਼ਾਮ ਨੂੰ ਖੈਬਰ ਪਖਤੂਨਖਵਾ ਸੂਬੇ ਦੇ ਯਾਕੂਤ ਇਲਾਕੇ 'ਚ ਵਾਪਰੀ। ਜਿੱਥੇ ਬਾਈਕ 'ਤੇ ਆਏ ਅਣਪਛਾਤੇ ਵਿਅਕਤੀਆਂ ਨੇ ਮਨਮੋਹਨ ਸਿੰਘ 'ਤੇ ਗੋਲੀਆਂ ਚਲਾ ਦਿੱਤੀਆਂ। ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੋਟਰਸਾਈਕਲ ਸਵਾਰ ਮੌਕੇ ਤੋਂ ਫ਼ਰਾਰ ਹੋ ਗਏ।

# ਅਮਰੀਕਾ ਵੱਲੋਂ ਭਾਰਤ ਨੂੰ 100 ਤੋਂ ਵੱਧ ਚੋਰੀ ਹੋਈਆਂ ਭਾਰਤੀ ਕਲਾਕ੍ਰਿਤੀਆਂ ਵਾਪਸ ਕਰਨ ਦਾ ਫੈਸਲਾ

**ਵਾਸ਼ਿੰਗਟਨ, (ਪੰਜਾਬ ਮੇਲ)-** ਬਾਇਡਨ ਪ੍ਰਸ਼ਾਸਨ ਨੇ ਅਮਰੀਕੀ ਸਰਕਾਰ ਨੇ ਭਾਰਤ ਨੂੰ 100 ਤੋਂ ਵੱਧ ਭਾਰਤੀ ਕਲਾਕ੍ਰਿਤੀਆਂ ਵਾਪਸ ਕਰਨ ਦਾ ਫੈਸਲਾ ਕੀਤਾ ਹੈ। ਇਹ ਕਲਾਕ੍ਰਿਤੀਆਂ ਚੋਰੀ ਜਾਂ ਖੋਹ ਕੇ ਉੱਥੇ ਲਿਜਾਈਆਂ ਗਈਆਂ ਸਨ। ਹੁਣ ਅਮਰੀਕੀ ਸਰਕਾਰ ਨੇ ਕਿਹਾ ਕਿ ਉਨ੍ਹਾਂ ਕਲਾਕ੍ਰਿਤੀਆਂ ਨੂੰ ਭਾਰਤ ਵਾਪਸ ਲਿਆਂਦਾ ਜਾਵੇਗਾ। ਪੀ.ਐੱਮ. ਮੋਦੀ ਨੇ ਅਮਰੀਕੀ ਸਰਕਾਰ ਦੇ ਇਸ ਫੈਸਲੇ 'ਤੇ ਸੰਤੁਸ਼ਟੀ ਜਤਾਈ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਚ ਰੋਨਾਲਡ ਰੀਗਨ ਵਿਚ ਭਾਰਤੀ ਪ੍ਰਵਾਸੀਆਂ ਨੂੰ ਸੰਬੋਧਨ ਕਰਦਿਆਂ ਅਮਰੀਕੀ ਸਰਕਾਰ ਦੇ ਫੈਸਲੇ ਦਾ ਜ਼ਿਕਰ ਕੀਤਾ। ਮੋਦੀ ਨੇ ਕਿਹਾ, "ਅਮਰੀਕੀ ਸਰਕਾਰ ਨੇ ਭਾਰਤ ਤੋਂ ਲਈਆਂ ਗਈਆਂ 100 ਤੋਂ ਵੱਧ ਕਲਾਕ੍ਰਿਤੀਆਂ ਨੂੰ ਵਾਪਸ ਕਰਨ ਦਾ ਫੈਸਲਾ ਕੀਤਾ ਹੈ। ਮੈਂ ਉਨ੍ਹਾਂ ਦੇ ਇਸ ਫੈਸਲੇ ਤੋਂ ਬਹੁਤ ਖੁਸ਼ ਹਾਂ। ਇਹ ਕਲਾਕ੍ਰਿਤੀਆਂ ਗਲਤ ਤਰੀਕਿਆਂ ਨਾਲ ਅੰਤਰਰਾਸ਼ਟਰੀ ਬਾਜ਼ਾਰ ਵਿਚ ਪਹੁੰਚ ਗਈਆਂ ਸਨ। ਹੁਣ ਮੈਂ ਉਨ੍ਹਾਂ ਨੂੰ ਵਾਪਸ ਕਰਨ ਲਈ ਅਮਰੀਕੀ ਸਰਕਾਰ ਦਾ ਧੰਨਵਾਦ ਕਰਦਾ ਹਾਂ।" ਉਨ੍ਹਾਂ ਕਿਹਾ, "ਬਾਇਡਨ ਸਰਕਾਰ ਦਾ ਫੈਸਲਾ ਦੋਵਾਂ ਦੇਸ਼ਾਂ ਦੇ ਭਾਵਨਾਤਮਕ ਸਬੰਧਾਂ ਨੂੰ ਦਰਸਾਉਂਦਾ ਹੈ।" ਜ਼ਿਕਰਯੋਗ ਹੈ ਕਿ ਭਾਰਤ ਦੀ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਪੂਰੀ ਦੁਨੀਆਂ ਤੋਂ ਆਪਣੀਆਂ ਕਲਾਕ੍ਰਿਤੀਆਂ ਨੂੰ ਵਾਪਸ ਲਿਆ ਰਹੀ ਹੈ। ਸਰਕਾਰ ਦੇ ਬਿਆਨ ਅਨੁਸਾਰ, 'ਭਾਰਤ ਦੇ ਸੱਭਿਆਚਾਰ ਅਤੇ ਧਰਮ ਨਾਲ ਸਬੰਧਤ ਕਈ ਕਲਾਕ੍ਰਿਤੀਆਂ ਸਦੀਆਂ ਦੌਰਾਨ ਜਾਂ ਤਾਂ ਚੋਰੀ ਹੋ ਗਈਆਂ ਜਾਂ ਵਿਦੇਸ਼ਾਂ ਵਿਚ ਤਸਕਰੀ ਕੀਤੀਆਂ ਗਈਆਂ। ਹੁਣ ਭਾਰਤ ਨੇ ਉਹੀ ਕਲਾਕ੍ਰਿਤੀਆਂ ਨੂੰ ਵਾਪਸ ਲਿਆਉਣ ਲਈ ਸਰਗਰਮ ਪਹੁੰਚ ਅਪਣਾਈ ਹੈ।

# ਪਿਸ਼ਾਵਰ 'ਚ ਕਤਲ ਕੀਤੇ ਸਿੱਖ ਦਾ ਦਰਿਆ ਅਟਕ ਕੰਢੇ ਹੋਇਆ ਸਸਕਾਰ



ਪਿਸ਼ਾਵਰ, (ਪੰਜਾਬ ਮੇਲ)- ਪਾਕਿਸਤਾਨ ਦੇ ਪਿਸ਼ਾਵਰ ਵਿਖੇ ਇਲਾਕਾ ਬਾੜਾ ਵਿਖੇ ਸ਼ਨਿੱਚਰਵਾਰ ਨੂੰ ਸਿੱਖ ਦੁਕਾਨਦਾਰ ਮਨਮੋਹਨ ਸਿੰਘ ਦਾ ਅਣਪਛਾਤਿਆਂ ਨੇ ਗੋਲ਼ੀਆਂ ਮਾਰ ਕੇ ਕਤਲ ਕੀਤਾ ਸੀ। ਐਤਵਾਰ ਨੂੰ ਦਰਿਆ ਅਟਕ ਕੰਢੇ ਵੱਡੀ ਗਿਣਤੀ 'ਚ ਪਾਕਿਸਤਾਨੀ ਸਿੱਖਾਂ ਦੀ ਮੌਜੂਦਗੀ 'ਚ ਸਸਕਾਰ ਕਰ ਦਿੱਤਾ ਗਿਆ।

ਇਸ ਸਬੰਧੀ ਪਿਸ਼ਾਵਰ ਤੋਂ ਬਾਬਾ ਗੁਰਪਾਲ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਮਨਮੋਹਨ ਸਿੰਘ ਕਾਸਮੈਟਿਕਸ ਦੀ ਦੁਕਾਨ ਕਰਦਾ ਸੀ। ਸ਼ਨਿੱਚਰਵਾਰ ਨੂੰ ਅਣਪਛਾਤੇ ਵਿਅਕਤੀਆਂ ਨੇ ਗੋਲ਼ੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ 'ਚ ਵੱਸਦੇ ਸਿੱਖ ਵੱਡੀ ਗਿਣਤੀ 'ਚ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਵਿਖੇ ਪੁੱਜੇ। ਪਿਸ਼ਾਵਰ ਤੋਂ 100 ਕਿਲੋਮੀਟਰ ਦੂਰੀ ਸਥਿਤ ਦਰਿਆ ਅਟਕ ਕੰਢੇ ਵੱਡੀ ਗਿਣਤੀ ਸਿੱਖ ਭਾਈਚਾਰੇ ਦੀ ਮੌਜੂਦਗੀ 'ਚ ਸਸਕਾਰ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਜਿਸ ਜਗ੍ਹਾ 'ਤੇ ਮਨਮੋਹਨ ਸਿੰਘ ਦੀ ਹੱਤਿਆ ਕੀਤੀ ਗਈ, ਉਸ ਜਗ੍ਹਾ ਦਾ ਨਾਂ ਬਾੜਾ ਸ਼ਹਿਰ ਹੈ। ਉਹ ਪਿਸ਼ਾਵਰ ਤੋਂ ਸਿਰਫ਼ 2-3 ਕਿਲੋਮੀਟਰ ਦੂਰ ਖ਼ੈਬਰ ਏਜੰਸੀ ਦਾ ਖ਼ਤਰਨਾਕ ਇਲਾਕਾ ਹੈ, ਜਿੱਥੇ ਸਿੱਖਾਂ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਕੰਮ ਕਰਨ ਦੀ ਜਾਂ ਰਹਿਣ ਦੀ ਮਨਾਹੀ ਹੈ। ਇਸ ਦੇ ਬਾਵਜੂਦ ਸਿੱਖ ਧਰਮ ਦੇ ਲੋਕ ਕਾਸਮੈਟਿਕਸ, ਕਰਿਆਨੇ, ਰਾਸ਼ਨ ਅਤੇ ਹਕੀਮ ਦੀਆਂ ਦੁਕਾਨ ਕਰਦੇ ਹਨ। ਇਨ੍ਹਾਂ ਦੁਕਾਨਦਾਰਾਂ ਨੂੰ ਅੱਤਵਾਦੀਆਂ ਵੱਲੋਂ ਇਥੇ ਕੰਮ ਨਾ ਕਰਨ ਦੀ ਚਿਤਾਵਨੀ ਦਿੱਤੀ ਜਾਂਦੀ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਦੌਰਾਨ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਅੱਤਵਾਦੀਆਂ ਨੇ ਕਤਲ ਕੀਤਾ ਹੈ। ਮ੍ਰਿਤਕਾਂ ਦੇ ਪਰਿਵਾਰਾਂ ਨੂੰ ਹਾਲੇ ਤੱਕ ਇਸ ਸਬੰਧੀ ਇਨਸਾਫ਼ ਨਹੀਂ ਮਿਲਿਆ।

# ਨਵਾਜ਼ ਸ਼ਰੀਫ ਦੁਬਾਰਾ ਬਣ ਸਕਦੇ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ!



ਇਸਲਾਮਾਬਾਦ, (ਪੰਜਾਬ ਮੇਲ)- ਪਾਕਿਸਤਾਨ ਵਿਚ ਵੱਡਾ ਫੇਰਬਦਲ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਦਾ ਕਾਰਨ ਹੈ ਪਾਕਿਸਤਾਨ ਸੰਸਦ ਵੱਲੋਂ ਜਾਰੀ ਕੀਤਾ ਗਿਆ ਨਵਾਂ ਫਰਮਾਨ। ਪਾਕਿਸਤਾਨ ਦੀ ਸੰਸਦ ਨੇ 'ਆਜੀਵਨ ਅਯੋਗਤਾ' ਨੂੰ ਰੱਦ ਕਰ ਦਿੱਤਾ ਹੈ। ਯਾਨੀ ਕਿ ਇਸ ਦੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਲੰਡਨ ਤੋਂ ਦੇਸ਼ ਪਰਤਣ ਤੋਂ ਬਾਅਦ ਨਾ ਸਿਰਫ ਚੋਣ ਲੜ ਸਕਣਗੇ, ਬਲਕਿ ਜੇਕਰ

- **ਪਾਕਿਸਤਾਨੀ ਸੰਸਦ ਵੱਲੋਂ 'ਆਜੀਵਨ ਅਯੋਗਤਾ' ਰੱਦ**

ਉਹ ਜਿੱਤ ਜਾਂਦੇ ਹਨ, ਤਾਂ ਉਹ ਦੁਬਾਰਾ ਪ੍ਰਧਾਨ ਮੰਤਰੀ ਵੀ ਬਣ ਸਕਣਗੇ।

ਨਵੇਂ ਕਾਨੂੰਨ ਤਹਿਤ ਕਿਸੇ ਵੀ ਸੰਸਦ ਮੈਂਬਰ ਨੂੰ 5 ਸਾਲ ਤੋਂ ਵੱਧ ਲਈ ਅਯੋਗ ਨਹੀਂ ਠਹਿਰਾਇਆ ਜਾ ਸਕਦਾ। ਨਵਾਜ਼ ਦੇ ਨਾਲ ਨਵੀਂ ਪਾਰਟੀ ਇਸਤੇਹਕਾਮ-ਏ-ਪਾਕਿਸਤਾਨ ਪਾਰਟੀ (ਆਈ.ਪੀ.ਪੀ.) ਦੇ ਮੁਖੀ ਜਹਾਂਗੀਰ ਖਾਨ ਤਰੀਨ ਨੂੰ ਵੀ ਨਵੇਂ ਕਾਨੂੰਨ ਦਾ ਲਾਭ ਮਿਲੇਗਾ। ਆਈ.ਪੀ.ਪੀ. ਯਾਨੀ ਇਸਤੇਹਕਾਮ-ਏ-ਪਾਕਿਸਤਾਨ ਪਾਰਟੀ ਬਾਰੇ ਗੱਲ ਕਰੀਏ ਤਾਂ ਚਰਚਾਵਾਂ ਹਨ ਕਿ ਇਸਤੇਹਕਾਮ-ਏ-ਪਾਕਿਸਤਾਨ ਪਾਰਟੀ ਨੂੰ ਪਾਕਿਸਤਾਨੀ ਫੌਜ ਵੱਲੋਂ ਹੀ ਤਿਆਰ ਕੀਤਾ ਗਿਆ ਹੈ। ਇਸ ਪਾਰਟੀ ਵਿਚ ਜ਼ਿਆਦਾਤਰ ਉਹ ਲੀਡਰ ਸ਼ਾਮਲ ਹਨ, ਜਿਨ੍ਹਾਂ ਨੇ 9 ਮਈ ਦੀ ਹਿੰਸਾ ਤੋਂ ਬਾਅਦ ਇਮਰਾਨ ਖ਼ਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਨੂੰ ਛੱਡ ਦਿੱਤਾ ਸੀ। ਇਸਤੇਹਕਾਮ-ਏ-ਪਾਕਿਸਤਾਨ ਪਾਰਟੀ ਬਣਾਉਣ ਦਾ ਫੌਜ ਦਾ ਮਕਸਦ ਹੈ ਕਿ ਇਮਰਾਨ ਖ਼ਾਨ ਨੂੰ ਸਿਆਸੀ ਤੌਰ 'ਤੇ ਖਤਮ ਕੀਤਾ ਜਾ ਸਕੇ।

ਸਫਾ 1 ਦਾ ਬਾਕੀ

## ਐੱਚ-1ਬੀ ਵੀਜ਼ਾ ਧਾਰਕਾਂ ਲਈ ਕੈਨੇਡਾ ਸ਼ੁਰੂ ਕਰੇਗਾ...

ਕੈਨੇਡਾ 'ਚ ਕਿਤੇ ਵੀ ਲਗਪਗ ਕਿਸੇ ਵੀ ਰੁਜ਼ਗਾਰਦਾਤਾ ਲਈ ਕੰਮ ਕਰਨ ਦੇ ਯੋਗ ਹੋਣਗੇ।" ਪਰਿਵਾਰਕ ਮੈਂਬਰ ਜਿਵੇਂ ਕਿ ਪਤੀ/ਪਤਨੀ ਤੇ ਨਿਰਭਰ ਵਿਅਕਤੀ ਲੋੜ ਅਨੁਸਾਰ ਕੰਮ ਜਾਂ ਅਧਿਐਨ ਪਰਮਿਟ ਦੇ ਨਾਲ ਅਸਥਾਈ ਨਿਵਾਸੀ ਵੀਜ਼ਾ ਲਈ ਅਪਲਾਈ ਕਰਨ ਦੇ ਯੋਗ ਹੋਣਗੇ।'

ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਕਿਹਾ ਕਿ ਇਸ ਸਾਲ ਦੇ ਅਖੀਰ ਤੱਕ ਫੈਡਰਲ ਸਰਕਾਰ ਦੁਨੀਆਂ ਦੇ ਕੁਝ ਸਭ ਤੋਂ ਪ੍ਰਤਿਭਾਸ਼ਾਲੀ ਲੋਕਾਂ ਲਈ ਇਮੀਗ੍ਰੇਸ਼ਨ ਸਟ੍ਰੀਮ ਵਿਕਸਿਤ ਕਰੇਗੀ, ਜੋ ਤਕਨੀਕੀ ਕੰਪਨੀਆਂ ਲਈ ਕੰਮ ਕਰਨ ਲਈ ਕੈਨੇਡਾ ਆਉਣਾ ਚਾਹੁੰਦੇ ਹਨ। ਹਾਲਾਂਕਿ ਇਮੀਗ੍ਰੇਸ਼ਨ ਮੰਤਰੀ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਇਸ ਇਮੀਗ੍ਰੇਸ਼ਨ ਸਟ੍ਰੀਮ ਲਈ ਕੌਣ ਯੋਗ ਹੋਵੇਗਾ ਤੇ ਕਿੰਨੇ ਲੋਕਾਂ ਨੂੰ ਸਟ੍ਰੀਮ 'ਚ ਐਂਟਰੀ ਦਿੱਤੀ ਜਾਵੇਗੀ।

ਐੱਚ-1ਬੀ ਵੀਜ਼ਾ ਵਿਦੇਸ਼ੀ ਨਾਗਰਿਕਾਂ ਨੂੰ ਟੈਕਨਾਲੋਜੀ ਸੈਕਟਰ ਸਮੇਤ ਕੁਝ ਕਿੱਤਿਆਂ 'ਚ ਅਸਥਾਈ ਤੌਰ 'ਤੇ ਅਮਰੀਕਾ 'ਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਕੋਰੋਨਾ ਮਹਾਮਾਰੀ ਦੌਰਾਨ ਤਕਨੀਕੀ ਕੰਪਨੀਆਂ ਵੱਲੋਂ ਕਈ ਭਰਤੀਆਂ ਕੀਤੀਆਂ ਗਈਆਂ ਸਨ ਪਰ ਉਸ ਤੋਂ ਬਾਅਦ ਵੱਡੀ ਗਿਣਤੀ ਵਿਚ ਲੋਕਾਂ ਨੂੰ ਨੌਕਰੀ ਤੋਂ ਵੀ ਕੱਢ ਦਿੱਤਾ ਗਿਆ ਸੀ। ਇਸ ਕਾਰਨ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਨਵੀਂ ਨੌਕਰੀ ਲੱਭਣ 'ਚ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਸਫਾ 1 ਦਾ ਬਾਕੀ

## ਅਕਾਲੀ-ਭਾਜਪਾ ਦੀ ਇਕ ਵਾਰ ਫਿਰ ਪੈ ਸਕਦੀ ਹੈ ਗਲਵਕੜੀ...

ਤਾਂ ਜੋ ਪਾਰਟੀ ਨੂੰ ਅਕਾਲੀ ਦਲ ਦੇ ਬਰਾਬਰ ਲਿਆਂਦਾ ਜਾ ਸਕੇ। ਭਾਜਪਾ ਨੇ ਅਕਾਲੀ 'ਤੇ ਦਬਾਅ ਪਾਉਣ ਦੀ ਨੀਤੀ ਤਹਿਤ ਰਾਜ ਦੀਆਂ ਸਾਰੀਆਂ 13 ਦੀਆਂ 13 ਸੀਟਾਂ ਉੱਤੇ ਤਿਆਰੀ ਆਰੰਭੀ ਹੋਈ ਹੈ, ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਭਾਜਪਾ ਇਕੱਲਿਆਂ ਹੀ ਚੋਣ ਲੜਨ ਦੇ ਰੌਂਅ ਵਿਚ ਹੈ। ਅਜਿਹੀ ਸਥਿਤੀ ਵਿਚ ਸੰਭਾਵਤ ਗੱਠਜੋੜ ਲਈ ਭਾਜਪਾ ਵਲੋਂ 13 ਵਿਚੋਂ 7 ਸੀਟਾਂ ਦੀ ਮੰਗ ਕੀਤੀ ਜਾ ਸਕਦੀ ਹੈ। ਉੱਧਰ ਸ਼੍ਰੋਮਣੀ ਅਕਾਲੀ ਦਲ ਨੇ 2024 ਦੀਆਂ ਚੋਣਾਂ ਲਈ ਆਪਣੀ ਰਣਨੀਤੀ ਬਨਾਉਣੀ ਸ਼ੁਰੂ ਕਰ ਦਿੱਤੀ ਹੈ। ਫ਼ਿਲਹਾਲ ਅਕਾਲੀ ਦਲ ਦਾ ਬਸਪਾ ਨਾਲ ਗੱਠਜੋੜ ਚੱਲ ਰਿਹਾ ਹੈ। ਭਾਜਪਾ ਨਾਲ ਗੱਠਜੋੜ ਦੀ ਸੂਰਤ ਵਿਚ ਅਕਾਲੀ ਦਲ 7 ਸੀਟਾਂ ਦੀ ਮੰਗ ਕਰ ਸਕਦਾ ਹੈ ਅਤੇ ਇਨ੍ਹਾਂ 7 'ਚੋਂ ਇਕ ਸੀਟ ਬਸਪਾ ਦੇ ਹਵਾਲੇ ਕੀਤੀ ਜਾ ਸਕਦੀ ਹੈ। ਅਕਾਲੀ ਦਲ ਦਾ ਇਨ੍ਹਾਂ ਚੋਣਾਂ ਵਿਚ ਮੁੱਖ ਟੀਚਾ ਪੰਜਾਬ ਦੀ ਆਮ ਆਦਮੀ ਪਾਰਟੀ ਨੂੰ ਹਰਾਉਣਾ ਹੋਵੇਗਾ ਅਤੇ ਭਾਜਪਾ ਨੂੰ ਵੀ ਕੇਂਦਰ 'ਚ ਆਪਣੀ ਸਰਕਾਰ ਮੁੜ ਬਨਾਉਣ ਲਈ ਇਕ-ਇਕ ਸੀਟ ਅਹਿਮ ਹੋਵੇਗੀ।

ਸਫਾ 1 ਦਾ ਬਾਕੀ

## 'ਸਿੱਖ ਗੁਰਦੁਆਰਾ ਸੋਧ ਬਿੱਲ' ਮਨਜ਼ੂਰੀ ਲਈ ਰਾਜਪਾਲ...

ਇਹ ਬਿੱਲ ਰਾਜਪਾਲ ਦੀਆਂ ਸ਼ਕਤੀਆਂ ਵਿਚ ਕਟੌਤੀ ਕਰਨ ਵਾਲਾ ਹੈ।

ਮੁੱਖ ਮੰਤਰੀ ਤੇ ਰਾਜਪਾਲ ਦਰਮਿਆਨ ਬਣੇ ਟਕਰਾਅ ਕਰਕੇ ਬਿੱਲਾਂ ਨੂੰ ਪ੍ਰਵਾਨਗੀ ਮਿਲਣ ਜਾਂ ਨਾ ਮਿਲਣ 'ਤੇ ਸਭ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਸੂਤਰ ਆਖਦੇ ਹਨ ਕਿ ਰਾਜਪਾਲ ਇਨ੍ਹਾਂ ਬਿੱਲਾਂ ਨੂੰ ਕੋਲ ਵੀ ਰੱਖ ਸਕਦੇ ਹਨ, ਜਾਂ ਇਹ ਬਿੱਲ ਵਾਪਸ ਵੀ ਭੇਜੇ ਜਾ ਸਕਦੇ ਹਨ। ਇਕ ਰਾਹ ਇਹ ਵੀ ਹੈ ਕਿ ਰਾਜਪਾਲ ਇਨ੍ਹਾਂ ਬਿੱਲਾਂ ਨੂੰ ਰਾਸ਼ਟਰਪਤੀ ਕੋਲ ਭੇਜ ਦਵੇ। ਪਤਾ ਲੱਗਾ ਹੈ ਕਿ ਜੇਕਰ ਰਾਜਪਾਲ ਨੇ ਇਨ੍ਹਾਂ ਬਿੱਲਾਂ 'ਤੇ ਕੋਈ ਅੜਿੱਕਾ ਪਾਇਆ ਤਾਂ ਸੂਬਾ ਸਰਕਾਰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਸਕਦੀ ਹੈ। ਪੰਜਾਬ ਸਰਕਾਰ ਨੇ ਨਾਲੋਂ-ਨਾਲ ਕਾਨੂੰਨੀ ਮਸ਼ਵਰੇ ਵੀ ਲੈਣੇ ਸ਼ੁਰੂ ਕੀਤੇ ਹੋਏ ਹਨ। ਦੂਸਰੇ ਸੂਬਿਆਂ ਦੇ ਇਸ ਨਾਲ ਮਿਲਦੇ-ਜੁਲਦੇ ਅਹਿਮ ਕੇਸਾਂ ਬਾਰੇ ਵੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਯਾਦ ਰਹੇ ਕਿ ਰਾਜਪਾਲ ਪੁਰੋਹਿਤ ਨੇ ਪੰਜਾਬ ਸਰਕਾਰ ਨਾਲ ਨਾਰਾਜ਼ਗੀ ਜ਼ਾਹਿਰ ਕਰਨ ਵਾਸਤੇ ਸੂਬਾ ਸਰਕਾਰ ਦਾ ਹੈਲੀਕਾਪਟਰ ਨਾ ਵਰਤਣ ਦਾ ਵੀ ਐਲਾਨ ਕੀਤਾ ਹੋਇਆ ਹੈ।


PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days

Gold #2867, Gem #375, TV Zon #6888, Glow TV #1828, Real TV etc.

You can also watch on our website: PunjabMailUSA.com

For any Information & Advertisement Call at

+1-916-280-8811 or +1-916-320-9444

E-mail: punjabmailtv@gmail.com Web: punjabmailusa.com



Do you know how to plan & secure your finances?

*Book your free consultations for*

- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy



Harsimran Bajwa

Lic# 4267166

Call/Text: (916) 479-4783

Email: bajwahgi@gmail.com

*Let's do the needful to secure our life and our family's future!*

# ਕਿਵੇਂ ਬਣ ਸਕਦਾ ਮੋਦੀ ਸਰਕਾਰ ਦਾ ਹੰਢਣਸਾਰ ਬਦਲ?

ਡਾ. ਸੁਰਿੰਦਰ ਮੰਡ
ਤਲਵਾੜਾ (ਹੁਸ਼ਿਆਰਪੁਰ)
94173-24543
(Punjab Mail USA)







ਦੇਸ਼ ਦੇ ਬਹੁਤੇ ਵਿਰੋਧੀ ਦਲ 2024 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਸਰਕਾਰ ਵਿਰੁੱਧ ਇਕੱਠੇ ਹੋ ਕੇ ਲੜਨ ਅਤੇ ਸਰਕਾਰ ਬਣਾਉਣ ਲਈ ਚਰਚਾ 'ਚ ਜੁੱਟੇ ਹਨ। 23 ਜੂਨ ਨੂੰ ਮੀਟਿੰਗ ਵੀ ਕਰ ਲਈ ਹੈ। ਭਾਵੇਂ ਕਿ ਇਸ ਮੁੱਦੇ ਉੱਤੇ ਇਕਮੱਤ ਨਹੀਂ ਹਨ ਕਿ ਅਗਵਾਈ ਕੌਣ ਕਰੇ। ਸੱਤਪਾਲ ਮਲਿਕ ਅਤੇ ਯਸ਼ਵੰਤ ਸਿਨਹਾ ਵਰਗੇ ਵੱਡੇ ਹੰਢੇ ਸਾਬਕਾ ਬੀ.ਜੇ.ਪੀ. ਆਗੂ ਵੀ ਵਿਰੋਧੀ ਪਾਰਟੀਆਂ ਦੇ ਹੱਕ ਵਿਚ ਰਣਨੀਤੀ ਬਣਾਉਣ 'ਚ ਜੁੱਟੇ ਹਨ। ਸੱਤਪਾਲ ਮਲਿਕ ਜੋ ਜੰਮੂ-ਕਸ਼ਮੀਰ ਦਾ ਉਸ ਵਕਤ ਗਵਰਨਰ ਸੀ, ਜਦ ਪੁਲਵਾਮਾ ਹਮਲੇ 'ਚ ਸੀ.ਆਰ.ਪੀ. ਜਵਾਨ ਮਾਰੇ ਗਏ, ਤੇ ਜਿਸ ਨਾਲ 2019 ਦੀ ਮੋਦੀ ਦੀ ਜਿੱਤ ਦਾ ਮਾਹੌਲ ਬੱਝਾ, ਵਰਨਾ ਉਸ ਤੋਂ ਪਹਿਲਾਂ ਤੱਕ ਸਾਰੇ ਚੋਣ ਸਰਵੇਖਣ ਮੋਦੀ ਨੂੰ ਹਾਰਦਿਆਂ ਵਿਖਾ ਰਹੇ ਸਨ, ਉਹ ਇਸ ਮੰਦਭਾਗੀ ਘਟਨਾ ਦੇ ਵਾਪਰਨ ਲਈ ਮੋਦੀ ਸਰਕਾਰ ਅਤੇ ਅਮਿਤ ਸ਼ਾਹ ਦੀ ਨੀਤ ਉੱਤੇ ਵਾਰ-ਵਾਰ ਗੰਭੀਰ ਇਲਜ਼ਾਮ ਵਰਗੇ ਸਵਾਲ ਚੁੱਕ ਰਿਹੈ। ਉਸਦੀ ਵਿਰੋਧੀ ਦਲਾਂ ਨੂੰ ਸਲਾਹ ਹੈ ਕਿ ਮਿਲ ਕੇ ਬੀ.ਜੇ.ਪੀ. ਵਿਰੁੱਧ ਸਾਂਝਾ ਇਕ ਉਮੀਦਵਾਰ ਖੜ੍ਹਾ ਕਰੋ। ਜੇ ਇਹ 70 ਫੀਸਦੀ ਸੀਟਾਂ ਉੱਤੇ ਵੀ ਹੋ ਸਕੇ, ਤਦ ਵੀ ਸਰਕਾਰ ਬਦਲ ਜਾਵੇਗੀ। ਕਿਉਂਕਿ ਬੀ.ਜੇ.ਪੀ. ਦੀ ਵੋਟ 31% ਦੇ ਕਰੀਬ ਹੈ। ਵਿਰੋਧੀ ਧਿਰ ਨੂੰ ਆਪਣੀਆਂ ਵੋਟਾਂ ਦੀ ਵੰਡ ਰੋਕਣ ਲਈ ਦੂਰ ਦੀ ਸੋਚ ਅਤੇ ਸਿਆਸੀ ਸੂਝ-ਬੂਝ ਨਾਲ ਲੋਕਾਂ ਦੇ ਹਿੱਤ ਨੂੰ ਸਾਹਮਣੇ ਰੱਖ ਕੇ ਫੈਸਲੇ ਲੈਣੇ ਹੋਣਗੇ, ਨਹੀਂ ਤਾਂ ਸਭ ਸਦਾ ਲਈ ਪਛਤਾਉਣਗੇ।

ਵਿਰੋਧੀ ਧਿਰ ਵੱਲੋਂ ਪ੍ਰਧਾਨ ਮੰਤਰੀ ਦਾ ਸਾਂਝਾ ਉਮੀਦਵਾਰ ਕੌਣ ਹੋਵੇ? ਕਾਂਗਰਸ ਨੂੰ ਛੱਡ ਕੇ ਬਾਕੀ ਸਭ ਆਖ ਰਹੇ ਨੇ ਕਿ ਮਗਰੋਂ ਵੇਖ ਲਵਾਂਗੇ। ਫਿਲਹਾਲ ਇਕੱਠੇ ਲੜੀਏ। ਕਾਂਗਰਸ ਵੀ ਪਹਿਲਾਂ ਦੇ ਮੁਕਾਬਲੇ ਇਸ ਵਾਰ ਏਕਤਾ ਖਾਤਿਰ ਆਪਣੇ ਪੀ.ਐੱਮ. ਉਮੀਦਵਾਰ ਨੂੰ ਐਲਾਨਣ ਲਈ ਬਜਿੱਦ ਨਹੀਂ ਜਾਪਦੀ। ਪਰ ਏਕਤਾ ਵਾਰਤਾ ਬਹੁਤ ਸੁਸਤ ਚਾਲੇ ਚੱਲ ਰਹੀ। ਜੇ ਆਪਣਾ ਅਤੇ ਦੇਸ਼ ਦਾ ਭਲਾ ਚਾਹੁੰਦੇ ਨੇ, ਤਾਂ ਪਾਰਟੀਆਂ ਦੇ ਅਧਿਕਾਰਿਤ ਲੀਡਰਾਂ ਦੀ ਟੀਮ ਲਗਾਤਾਰ ਹਫ਼ਤਾ ਕਿਤੇ ਇਕੱਠਿਆਂ ਬੈਠ ਜਾਵੇ, ਤੇ ਜੋ ਵੀ ਏਕਤਾ ਬਾਰੇ ਫੈਸਲਾ ਕਰਨਾ, ਕਰਕੇ ਉੱਠੇ। ਜੇ ਮੋਦੀ ਨੇ ਚੋਣਾਂ ਦੀ ਇਕਦਮ ਕੱਛ 'ਚੋਂ ਮੁੰਗਲੀ ਕੱਢ ਕੇ ਮਾਰੀ ਤੇ ਫਿਰ ਇਨ੍ਹਾਂ ਨੂੰ ਕੱਖ ਸਮਝ ਨਹੀਂ ਆਉਣੀ। ਅਗਰ ਮੋਦੀ ਸਰਕਾਰ ਨੇ ਜਲਦੀ ਹੋਣ ਜਾ ਰਹੀਆਂ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ ਦੀਆਂ ਅਸੈਂਬਲੀ ਚੋਣਾਂ ਦੇ ਨਾਲ ਹੀ ਪਹਿਲਾਂ ਪਾਰਲੀਮੈਂਟ ਚੋਣ ਐਲਾਨ ਦਿੱਤੀ, ਤਾਂ ਵਿਰੋਧੀ ਧਿਰ ਨੂੰ ਸੰਭਲਣ ਦਾ ਮੌਕਾ ਵੀ ਨਹੀਂ ਮਿਲਣਾ। ਇਸਦੀ ਸੰਭਾਵਨਾ ਹੈ ਕਿਉਂਕਿ ਮੋਦੀ ਦੇ ਨਾਮ 'ਤੇ ਲੜੀ ਜਾਣ ਵਾਲੀ ਪਾਰਲੀਮੈਂਟ ਚੋਣ ਦੇ ਨਾਲ ਕਰਵਾਈ ਇਕੱਠੀ ਚੋਣ ਦਾ ਬੀ.ਜੇ.ਪੀ. ਨੂੰ ਇਨ੍ਹਾਂ ਰਾਜਾਂ 'ਚ ਅਤੇ ਉੱਤੇ ਵੀ ਫਾਇਦਾ ਹੋ ਸਕਦਾ। ਕਿਉਂਕਿ ਪਿਛਲੀ ਵਾਰ ਤਿੰਨੋਂ ਸੂਬਿਆਂ ਵਿਚ ਭਾਜਪਾ (ਡਬਲ ਇੰਜਣ ਦੀਆਂ ਸਰਕਾਰਾਂ) ਹਾਰ ਗਈਆਂ ਸਨ। ਸੋ ਸਮੇਂ ਤੋਂ ਪਹਿਲਾਂ ਪਾਰਲੀਮੈਂਟ ਚੋਣਾਂ ਆ ਜਾਣ ਵਾਂਗੂੰ ਵੀ ਤਿਆਰ-ਬਰ-ਤਿਆਰ ਰਹਿਣ ਨਾਲ ਹੀ ਇਹ ਮੌਕਾ ਸੰਭਾਲ ਸਕਦੇ।

ਉਂਝ ਹਿਮਾਚਲ ਅਤੇ ਕਰਨਾਟਕ ਦੀਆਂ ਬੀ.ਜੇ.ਪੀ. ਨਾਲ ਸਿੱਧੇ ਮੁਕਾਬਲੇ ਵਾਲੀਆਂ ਅਸੈਂਬਲੀ ਜਿੱਤਾਂ ਉਪਰੰਤ ਕਾਂਗਰਸ ਦੇ ਹੌਂਸਲੇ ਬੁਲੰਦ ਹਨ। ਵਿਰੋਧੀ ਧਿਰ ਦੀਆਂ ਬਾਕੀ ਪਾਰਟੀਆਂ ਵੀ ਇਸ ਕਰਕੇ ਖੁਸ਼ ਹਨ ਕਿ ਕਰਨਾਟਕ, ਹਿਮਾਚਲ, ਛੱਤੀਸਗੜ੍ਹ, ਮੱਧ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਗੁਜਰਾਤ, ਅਸਾਮ, ਹਰਿਆਣਾ ਆਦਿ ਵਿਚ ਤਾਂ ਇਨ੍ਹਾਂ ਦਾ ਮੋਦੀ ਨਾਲ ਸਿੱਧਾ ਮੁਕਾਬਲਾ, ਜਿੱਥੇ ਪਿਛਲੀਆਂ ਦੋ ਚੋਣਾਂ 'ਚ ਕਾਂਗਰਸ ਦਾ ਲੋਕ ਸਭਾ ਚੋਣਾਂ ਵਿਚ ਤਕਰੀਬਨ ਜ਼ੀਰੋ ਪ੍ਰਦਰਸ਼ਨ ਰਿਹਾ ਸੀ, ਤਾਂ ਹੀ ਮੋਦੀ ਸਰਕਾਰ ਬਣੀ ਸੀ। ਇਸ ਵਾਰ ਇਥੇ ਕਾਂਗਰਸ ਦਾ ਦਰਮਿਆਨਾ ਪ੍ਰਦਰਸ਼ਨ ਵੀ ਬੀ.ਜੇ.ਪੀ. ਦੀ ਹਾਰ ਦਾ ਕਾਰਨ ਬਣ ਸਕਦਾ। ਵੈਸੇ ਇਸ ਵਾਰ ਵਿਰੋਧੀ ਧਿਰ ਨੂੰ ਮਹਾਰਾਸ਼ਟਰ, ਬਿਹਾਰ, ਕਰਨਾਟਕ, ਬੰਗਾਲ, ਤਾਮਿਲਨਾਡੂ, ਦਿੱਲੀ ਤੋਂ ਭਾਰੀ ਆਸਾਂ ਹਨ।

ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦੀ ਆਪਸੀ ਗਠਜੋੜ ਲਈ ਅੜਿੱਚਣ ਵਰਗੀ ਅਸਲ ਚੁਣੌਤੀ ਆਂਧਰਾ, ਤਿਲੰਗਾਨਾ, ਉੜੀਸਾ, ਪੱਛਮੀ-ਬੰਗਾਲ, ਅਸਾਮ, ਦਿੱਲੀ, ਪੰਜਾਬ, ਗੁਜਰਾਤ ਵਿਚ ਹੈ, ਜਿੱਥੇ ਵਿਰੋਧੀ ਪਾਰਟੀਆਂ ਨੂੰ ਆਪਸੀ ਚੋਣ ਤਾਲਮੇਲ ਬਿਠਾਉਣਾ ਔਖਾ ਹੋਵੇਗਾ। ਕਿਉਂਕਿ ਇਨ੍ਹਾਂ ਸੂਬਿਆਂ 'ਚ ਮੁਕਾਬਲਾ ਆਪਸ ਵਿਚ ਵੀ ਹੈ। ਇਨ੍ਹਾਂ ਦੀ ਆਪਸੀ ਖਹਿ ਵਿਚੋਂ ਬੀ.ਜੇ.ਪੀ. ਫਾਇਦੇ 'ਚ ਰਹੂ।

ਭਾਵੇਂ ਕਿ ਕਾਂਗਰਸ ਸਮਝਦੀ ਹੈ ਕਿ ਰਾਹੁਲ ਦੀ ਕੰਨਿਆਂ-ਕੁਮਾਰੀ ਤੋਂ ਕਸ਼ਮੀਰ ਵਾਲੀ ਪਦ-ਯਾਤਰਾ, ਹਿਮਾਚਲ ਕਰਨਾਟਕ ਦੀਆਂ ਜਿੱਤਾਂ ਅਤੇ ਰਾਹੁਲ ਦੀ ਲੋਕ-ਸਭਾ ਮੈਂਬਰ ਵਜੋਂ ਬਰਖਾਸਤਗੀ ਵਿਚੋਂ ਉਪਜੀ ਹਮਦਰਦੀ ਲਹਿਰ ਨਾਲ ਕਾਂਗਰਸ/ਰਾਹੁਲ ਗਾਂਧੀ ਆਗੂ ਵਾਂਗ ਚਮਕੇ ਹਨ। 19 ਵਿਰੋਧੀ ਦਲਾਂ ਨੇ ਨਵੀਂ ਪਾਰਲੀਮੈਂਟ ਇਮਾਰਤ ਦੇ ਮੋਦੀ ਵੱਲੋਂ ਕੀਤੇ ਜਾ ਰਹੇ ਉਦਘਾਟਨੀ ਸਮਾਗਮ ਦਾ ਬਾਈਕਾਟ ਕਰ ਦਿੱਤਾ ਸੀ। ਜਿਸਦੀ ਮੁੱਖ ਵਜ੍ਹਾ ਭਾਵੇਂ ਇਹ ਆਖੀ ਹੈ ਕਿ ਉਦਘਾਟਨ ਰਾਸ਼ਟਰਪਤੀ ਤੋਂ ਕਿਉਂ ਨਹੀਂ ਕਰਵਾਇਆ ਗਿਆ। ਪਰ ਫਿਰ ਵੀ ਲੱਗਦਾ ਕਿ ਵਿਰੋਧੀ ਦਲ ਚੋਣਾਂ ਤੋਂ ਮਗਰੋਂ ਹੀ ਪ੍ਰਧਾਨ ਮੰਤਰੀ ਉਮੀਦਵਾਰ ਚੁਣਨ ਦੇ ਪੱਖ ਵਿਚ ਹਨ। ਆਖਿਰ ਸਹਿਮਤੀ ਬਣਾ ਹੀ ਲੈਣਗੇ। ਮਜਬੂਰੀ ਵੀ ਹੈ, ਆਖਰੀ ਮੌਕਾ... ਨਹੀਂ ਤਾਂ-ਜ਼ਿੰਦਗੀ ਭਰ ਪਛਤਾਉਣਗੇ...ਹੱਥਾਂ ਨੂੰ ਦੰਦੀਆਂ ਵੱਢਣਗੇ।

ਪਰ ਜੇ ਦੂਜੇ ਪਾਸੇ ਵੇਖੀਏ, ਤਾਂ ਬੀ.ਜੇ.ਪੀ. ਨੂੰ ਉਮੀਦ ਹੈ ਕਿ ਇਕ ਤਾਂ ਰਾਜਾਂ ਦੇ ਚੋਣ ਨਤੀਜਿਆਂ ਦਾ ਪਾਰਲੀਮੈਂਟ ਚੋਣ ਉੱਤੇ ਅਸਰ ਨਹੀਂ ਪਵੇਗਾ। ਨਾਲੇ ਮਾਇਆਵਤੀ ਦੀ ਬੀ.ਐੱਸ.ਪੀ. ਅਤੇ ਓਵੈਸੀ ਦੀ ਮੁਸਲਿਮ ਪਾਰਟੀ ਅਪੋਜੀਸ਼ਨ ਗਠਜੋੜ ਨਾਲੋਂ ਅਲੱਗ ਉਮੀਦਵਾਰ ਖੜ੍ਹਾ ਕਰਕੇ, ਵੋਟਾਂ ਵੰਡ ਕੇ ਬੀ.ਜੇ.ਪੀ. ਨੂੰ ਜਿਤਾਉਣ ਵਿਚ ਟੇਢੇ ਢੰਗ ਨਾਲ ਭਰਵਾਂ ਯੋਗਦਾਨ ਪਾਉਣਗੀਆਂ। ਮਾਇਆਵਤੀ ਦਾ ਤਾਂ ਬੇਹਿਸਾਬ ਧੰਨ-ਦੌਲਤ ਇਕੱਠੀ ਕਰਨ ਵਾਲੇ ਆਪਣੇ ਸੰਭਾਵੀ ਕੇਸਾਂ ਤੋਂ ਬਚ-ਬਚਾਅ ਕਰਨ ਦਾ ਇਹੋ ਤਰੀਕਾ ਕਿ ਬਸ ਕੇਂਦਰ 'ਚ ਕੋਈ ਵੀ ਹੈ ਉਸਦੀ ਹਾਂ ਵਿਚ ਹਾਂ ਮਿਲਾਈ ਚੱਲੋ। ਸਾਰੀ ਜ਼ਿੰਦਗੀ ਦੋ ਅੱਖਰ ਵੀ ਜ਼ੁਬਾਨੀ ਬੋਲਣੇ ਨਹੀਂ ਆਏ। ਆਪਣਾ ਸਰੂਪ ਧੁੰਦਲਾ ਕਰ ਚੁੱਕੀ ਅਕਾਲੀ ਪਾਰਟੀ ਮੁੜਕੇ ਫਿਰ ਉਸ ਬੀ.ਜੇ.ਪੀ. ਨੂੰ ਗਲਵਕੜੀ ਪਾਉਣ ਲਈ ਕਾਹਲੀ ਹੈ, ਜਿਹੜੀ ਉਸ ਨੂੰ ਨਿਗਲ ਜਾਣ ਦੀ ਨੀਤੀ ਉੱਤੇ ਚੱਲ ਰਹੀ ਹੈ, ਸਿਰਸੇ ਵਰਗੇ ਅਨੇਕਾਂ ਅਕਾਲੀ ਲੀਡਰ ਡਕਾਰ ਗਈ ਭਾਜਪਾ। ਅਤੇ ਕਿਸਾਨ ਸੰਘਰਸ਼ ਨਾਲ ਐੱਮ.ਐੱਸ.ਪੀ. (ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ) ਦਾ ਵਾਅਦਾ ਕਰਕੇ ਵੀ ਮੁੱਕਰ ਗਈ ਹੈ। ਇਹ ਸਮਝੌਤਾ ਅਕਾਲੀ ਦਲ ਨੂੰ ਹੋਰ ਸਿਆਸੀ ਠਿੱਬੀ ਲਾਏਗਾ। ਅਕਾਲੀ ਹਰਿਆਣੇ ਵਾਲੇ ਚੌਟਾਲਾ ਪਰਿਵਾਰ ਦੇ ਲੋਕ ਦਲਾਂ ਨੂੰ ਵੀ ਬੀ.ਜੇ.ਪੀ. ਵੱਲ ਆਉਣ ਲਈ ਪ੍ਰੇਰਨਗੇ। ਇੰਜ ਨਿੱਕੇ ਨਿੱਜੀ ਲਾਭ ਲੈਣਗੇ, ਕੌਮ/ਵਿਰਾਸਤ ਨੂੰ ਦਾਅ ਉੱਤੇ ਲਾਉਣਗੇ।

ਤਾਜਾ ਅਮਰੀਕਾ ਦੌਰੇ ਅਤੇ ਇਸ ਵਰਗੇ ਹੋਰ ਕਈ ਈਵੈਂਟਸ ਤੋਂ ਵੀ ਮੋਦੀ ਦੇ ਹੱਕ ਵਿਚ ਮਾਹੌਲ ਬੰਨ੍ਹਣ ਦੀਆਂ ਬੀ.ਜੇ.ਪੀ. ਨੂੰ ਢੇਰ ਉਮੀਦਾਂ ਹਨ। ਮੀਡੀਏ ਵਿਚ ਡੰਕੇ ਵੱਜਣਗੇ। ਓਵੈਸੀ ਨੂੰ ਸੱਦ ਕੇ ਬਹਿਸਾਂ ਦੇ ਨਾਟਕ ਚੱਲਣਗੇ।

ਆਂਧਰਾ ਪ੍ਰਦੇਸ ਦਾ ਮੁੱਖ ਮੰਤਰੀ ਜਗਨ ਮੋਹਨ ਰੈਡੀ ਅਤੇ ਉੜੀਸਾ ਦਾ ਨਵੀਨ ਪਟਨਾਇਕ ਅਜੇ ਤੱਕ ਆਪਣੇ ਪੱਤੇ ਨਹੀਂ ਖੋਲ੍ਹ ਰਹੇ ਕਿ ਉਹ ਕੱਲ੍ਹ ਨੂੰ ਕਿਹੜੇ ਪਾਸੇ ਖਲੋਣਗੇ। ਲੱਗਦਾ ਕਿ ਇਹ ਅਖੀਰੀ ਕੇਂਦਰ 'ਚ ਭਾਰੂ ਧਿਰ ਨਾਲ ਹੀ ਰਹਿਣਗੇ। ਵਿਰੋਧੀ ਧਿਰ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਨੀਤੀ ਦਾ ਐਲਾਨ ਕਰਕੇ ਅਤੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਦਾ ਵਾਅਦਾ ਕਰਕੇ, ਜ਼ਿਆਦਾ ਮੇਲ-ਜੋਲ ਨਾਲ ਇਨ੍ਹਾਂ ਦੋਵਾਂ ਸੂਬਿਆਂ ਨੂੰ ਆਪਣੇ ਵੱਲ ਕਰ ਸਕਦੀ।

ਅਜੇ ਤੱਕ ਤਾਂ ਇਹੀ ਜਾਪਦਾ ਕਿ ਬੀ.ਜੇ.ਪੀ. 2024 ਦੀ ਚੋਣ ਫਿਰ 'ਹਿੰਦੂਤਵ, ਪਾਕਿਸਤਾਨ, ਮੁਸਲਮਾਨ, ਮਜ਼ਹਬ ਆਧਾਰਿਤ ਰਾਸ਼ਟਰਵਾਦ, ਫੌਜ, ਨਿੱਜੀ ਭਾਵੁਕ ਗੱਲਾਂ, ਜਾਂਚ ਏਜੰਸੀਆਂ, ਮੀਡੀਆ ਮੈਨੇਜਮੈਂਟ, ਖੁੱਲ੍ਹਾ ਖਰਚ, ਨਿੱਕੇ ਮੋਟੇ ਫਿਰਕੂ ਦੰਗੇ ਫਸਾਦ (ਤਾਜ਼ਾ ਤਾਜ਼ਾ ਮਹਾਂਰਾਸ਼ਟਰ ਘਟਨਾਕ੍ਰਮ, ਮੱਧ ਪ੍ਰਦੇਸ਼ ਬਖੇੜੇ ਤੇ ਨਵਾਂ ਮੂੰਡੂ ਬਗੇਸ਼ਵਰ ਮਹਾਂਪਖੰਡ) ਆਦਿ ਉੱਤੇ ਟੇਕ ਰੱਖ ਕੇ ਚੋਣ ਲੜੇਗੀ। ਜਦਕਿ ਦਸ ਸਾਲ ਰਾਜ ਕਰਨ ਤੋਂ ਬਾਅਦ ਕਿਸੇ ਪਾਰਟੀ ਨੂੰ ਆਪਣੇ ਕੀਤੇ ਕੰਮਾਂ/ਕਾਰਗੁਜ਼ਾਰੀ ਦੇ ਆਧਾਰ ਉੱਤੇ ਵੋਟਾਂ ਮੰਗਣੀਆਂ ਚਾਹੀਦੀਆਂ। ਲੋਕਾਂ ਦੀ ਅਕਲਮੰਦੀ ਵੀ ਇਹੀ ਕਿ ਕਾਰਗੁਜ਼ਾਰੀ ਨੂੰ ਹੀ ਧਿਆਨ 'ਚ ਰੱਖਣ। ਪਰ ਫਿਰ ਵੀ ਮੋਦੀ ਨੇ ਐਨ ਮੌਕੇ ਜਿੱਤਣ ਲਈ ਕਿਹੜਾ ਸੱਪ ਕੱਢ ਲੈਣਾ, ਕਿਸੇ ਨੂੰ ਨਹੀਂ ਪਤਾ।

ਲੇਕਿਨ ਲੋਕਾਂ ਵਿਚ ਆਮ ਚਰਚਾ ਹੈ ਕਿ ਬੀ.ਜੇ.ਪੀ. ਦੀ ਨਰਿੰਦਰ ਮੋਦੀ ਸਰਕਾਰ ਨੇ ਦੋ ਵਾਰੀ ਏਨੀ ਵੱਡੀ ਜਿੱਤ ਉਪਰੰਤ ਹੁਣ ਤੱਕ ਜੋ ਕੀਤਾ, ਇਸ ਤੋਂ ਵੱਧ ਕੁਛ ਨਹੀਂ ਕਰ ਸਕਦੀ। ਬਹੁਤ ਹੁੰਦੇ ਲਗਾਤਾਰ ਦਸ ਸਾਲ, ਜੇ ਕਿਸੇ ਸਰਕਾਰ ਦੀ ਕੁਛ ਖਾਸ ਕਰਨ ਦੀ ਨੀਤ ਹੋਵੇ ਤਾਂ। ਵੱਡੇ ਘਰਾਣਿਆਂ ਦੇ ਲੱਖਾਂ ਕਰੋੜ ਕਰਜ਼ੇ ਐਵੇਂ ਮਾਫ਼ ਕਰਨ ਅਤੇ ਸਰਕਾਰੀ ਅਦਾਰੇ ਅਡਾਨੀ ਵਰਗੇ ਯਾਰਾਂ ਬੇਲੀਆਂ ਨੂੰ ਵੇਚਣ ਬਾਰੇ ਲੋਕ ਆਖਦੇ ਨੇ ਕਿ ਸਰਕਾਰ ਤਾਂ ਦੇਸ਼ ਨੂੰ ਚਲਾਉਣ ਵਾਸਤੇ ਚੁਣੀਂਦੀ, ਨਾ ਕਿ ਦੇਸ਼ ਵੇਚਣ ਲਈ। ਬਹੁਤਿਆਂ ਦਾ ਖਿਆਲ ਕਿ ਬਦਲਾਵ ਹੁੰਦਾ ਰਵ੍ਹੇ ਤਾਂ ਚੰਗਾ ਹੁੰਦਾ, ਨਹੀਂ ਤਾਂ ਬੰਦੇ 'ਚ ਹਉਮੈ ਆ ਜਾਂਦੀ, ਜੋ ਕਿ ਦਿੱਸ ਵੀ ਰਹੀ।

ਪਰ ਸਰਕਾਰ ਬਦਲਣ ਦਾ ਆਮ ਜਨਤਾ ਨੂੰ ਤਾਂ ਓਦੋਂ ਲਾਭ ਹੋਊ, ਜਦ ਨੀਤੀਆਂ ਉਨ੍ਹਾਂ ਦੇ ਪੱਖ ਵਿਚ ਬਦਲਣਗੀਆਂ। ਇਸ ਲਈ ਮੋਦੀ ਦਾ ਬਦਲ ਬਣਨ ਦੇ ਚਾਹਵਾਨ ਵਿਰੋਧੀ ਦਲਾਂ ਨੂੰ ਵਿਕਾਸ ਦਾ ਕਿਸਾਨ ਮਜ਼ਦੂਰ ਪੱਖੀ, ਰੁਜ਼ਗਾਰ ਮੁਖੀ, ਵਾਤਾਵਰਨ ਅਨੁਕੂਲ ਤਰੱਕੀ, ਸਮਾਜਕ ਬਰਾਬਰੀ, ਧਾਰਮਕ ਸਹਿਣਸ਼ੀਲਤਾ, ਫੈਡਰਲ ਢਾਂਚੇ ਦਾ ਸਤਿਕਾਰ ਕਰਨ ਵਾਲਾ, ਸਭ ਸੂਬਿਆਂ/ਲੀਡਰਾਂ ਨੂੰ ਮਾਣ-ਤਾਣ ਦੇਣ ਵਾਲਾ, ਗੁਆਂਢੀ ਦੇਸ਼ਾਂ ਨਾਲ ਸਬੰਧ ਸੁਖਾਵੇਂ ਬਣਾਉਣ ਦੀ ਦਿਸ਼ਾ ਵੱਲ ਵਧਣ ਵਾਲਾ ਮਾਡਲ ਅਪਣਾਉਣਾ ਪਵੇਗਾ। ਬਹੁਤੀ ਆਬਾਦੀ ਤਾਂ ਭੁੱਖੀ-ਨੰਗੀ ਤੁਰੀ ਫਿਰਦੀ। ਸਿਆਸਤਦਾਨਾਂ ਨਾਲ ਰਲ ਕੇ ਸਮਰੱਥ ਲੋਕ ਦੇਸ਼ ਦੀ ਸਾਰੀ ਦੌਲਤ ਲੁੱਟ ਰਹੇ ਨੇ। ਸਿੱਖਿਆ, ਸਿਹਤ, ਪਾਣੀ, ਬਿਜਲੀ, ਸੜਕਾਂ, ਰੁਜ਼ਗਾਰ, ਸੁਰੱਖਿਆ, ਭਾਈਚਾਰਾ, ਸਮਾਜਿਕ ਬਰਾਬਰੀ, ਮਹਿੰਗਾਈ ਆਦਿ ਲੋਕਾਂ ਦੇ ਬੁਨਿਆਦੀ ਫੌਰੀ ਮੁੱਦੇ ਹਨ। ਇਨ੍ਹਾਂ ਨੂੰ ਪਹਿਲ ਦੇਣੀ ਹੋਵੇਗੀ। ਸੋ ਨੀਤੀਆਂ ਬਦਲਣ ਨਾਲ ਹੀ ਆਮ ਲੋਕਾਂ ਦਾ ਕੋਈ ਭਲਾ ਹੋ ਸਕਦਾ। ਲੋਕੀਂ ਵਿਰੋਧੀ ਧਿਰ ਨੂੰ ਹੁੰਗਾਰਾ ਵੀ ਤਦ ਹੀ ਦੇਣਗੇ, ਜੇ ਨੀਤੀਆਂ 'ਚ ਬਦਲਾਵ ਦੀ ਕੋਈ ਠੋਸ ਸੰਭਾਵਨਾ ਨਜ਼ਰ ਆਊ ਤਾਂ। ਵੇਖੋ, ਅਗਲੇ ਦਿਨਾਂ ਵਿਚ ਵਿਰੋਧੀ ਪਾਰਟੀਆਂ ਕਿੰਨੀ ਕੁ ਆਸ ਜਗਾਉਂਦੀਆਂ, ਕਿੰਨਾ ਕੁ ਆਕਰਸ਼ਕ 'ਘੱਟੋ ਘੱਟ ਸਾਂਝਾ ਪ੍ਰੋਗਰਾਮ' ਬਣਾਉਂਦੀਆਂ।

## ਸਭ ਦੀ ਭਾਬੀ

ਕੰਡੇ ਦਾ ਕੰਡਾ

-ਡਾ. ਅਮਰੀਕ ਸਿੰਘ ਕੰਡਾ
1764-ਗੁਰੂ ਰਾਮ ਦਾਸ ਨਗਰ
ਨੇੜੇ ਨੈਸਲੇ ਮੋਗਾ (ਪੰਜਾਬ)
98557-35666
(Punjab Mail USA)



ਮਾੜੇ ਦੀ ਲੁਗਾਈ ਸਭ ਦੀ ਭਾਬੀ ਆ, ਹਰ ਕੰਮ ਦੀ ਪੈਸਾ ਏਥੇ ਚਾਬੀ ਆ !!

ਫਾਸਟ ਫੂਡ ਦੇ ਜਾਲ 'ਚ ਫਸ ਗਏ, ਏਸੇ ਕਰਕੇ ਹਰ ਮਿਹਦਾ ਤੇਜਾਬੀ ਆ !!

ਸਾਨੂੰ ਸਟੇਟਸ ਨੇ ਮਾਰ ਲਿਆ ਹਰ ਬੂਥੀ ਬੱਗੀ ਕਾਗਜ਼ਾਂ 'ਚ ਗੁਲਾਬੀ ਆ !!

ਲਿਖਣ ਗਾਉਣ ਵਾਲੇ ਗਾਉਂਦੇ ਵਜਾਉਂਦੇ ਰੇਪ ਆ, ਵੈਸੇ ਮਾਂ ਬੋਲੀ ਪੰਜਾਬੀ ਆ !!

ਕਹਿੰਦੀ ਨਾਲ ਲੈ ਜਾਣੇ, ਸਿਆਸਤ ਇਕੱਠੀ ਕਰਦੀ ਮਾਇਆ ਬੇਹਿਸਾਬੀ ਆ !!

ਕੰਡਾ ਮੋਗੇ ਵਾਲਾ ਵੀ ਸਿਧਰਾ ਬੱਸ ਉਹਦੀ ਪੜ੍ਹਨਾ ਲਿਖਣਾ ਹੀ ਹਾਬੀ ਆ !!

**ਗੁਰਿਆਈ ਦੀ ਰਸਮ:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਊਡੀ ਦੇ ਪੱਛਮ ਵਿਚ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਦੀ ਮਿੱਟੀ ਇੱਥੇ ਸੁੱਟਣ ਨਾਲ ਇਕ ਕੱਚਾ ਥੜ੍ਹਾ ਬਣ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਾਰ ਸੇਵਾ ਅਤੇ ਸਰੋਵਰ ਪੱਕਾ ਕਰਨ ਲਈ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪਣੇ ਆਰਾਮ ਲਈ ਇਸ ਜਗ੍ਹਾ ਕੋਠੜੀ ਬਣਵਾਈ, ਜਿਸ ਨੂੰ ਅੱਜਕੱਲ੍ਹ ਕੋਠਾ ਸਾਹਿਬ ਕਹਿੰਦੇ ਹਨ।

ਸੰਮਤ 1661 ਦੀ ਭਾਦਰੋਂ ਸੁਦੀ ਏਕਮ ਵਾਲੇ ਦਿਨ 1604 ਈ: ਨੂੰ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੇ ਸਤਿਗੁਰਾਂ ਤੋਂ ਪੁੱਛਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕਿੱਥੇ ਕੀਤਾ ਜਾਵੇ, ਤਾਂ ਸਤਿਗੁਰਾਂ ਨੇ ਕਿਹਾ ਇਸ ਕੋਠਾ ਸਾਹਿਬ ਅੰਦਰ ਕਰ ਦੇਵੋ। ਨਵੇਂ ਪਲੰਘ ਉਪਰ ਸੁੰਦਰ ਗੱਦੇ ਤੇ ਕੀਮਤੀ ਜਰੀ ਦਾ ਵਸਤਰ ਸਜਾ ਕੇ ਉੱਪਰ ਚਾਨਣੀ ਤਾਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕੀਤਾ ਗਿਆ। ਉਸ ਦਿਨ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਪਲੰਘ ਦੇ ਥੱਲੇ ਦਰੀ ਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ।

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ਸਮੇਂ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨਾਲ ਸਲਾਹ ਕਰਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਨਾਲ ਲੈ ਕੇ ਸੰਮਤ 1663 ਦੀ ਜੇਠ ਵਦੀ 8 ਮੁਤਾਬਕ 1606 ਈ: ਨੂੰ ਕੋਠਾ ਸਾਹਿਬ ਵਾਲੇ ਕਮਰੇ ਵਿਚ ਆ ਗਏ। ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ 21 ਹਾੜ ਸੰਮਤ 1652 ਮੁਤਾਬਕ 15 ਜੂਨ 1595 ਨੂੰ ਹੋਇਆ ਉਸ ਟਾਇਮ ਇਨ੍ਹਾਂ ਦੀ ਉਮਰ 11 ਕੁ ਸਾਲ ਸੀ। ਇਨ੍ਹਾਂ ਦੇ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਤਿੰਨ ਪ੍ਰੀਕਰਮਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੱਥਾ ਟੇਕ ਕੇ ਕਿਹਾ, ਇਹ ਸਾਡੇ ਬਾਅਦ ਸਾਡਾ ਗੁਰੂ ਰੂਪ ਹੋਣਗੇ। ਸਤਿਗੁਰਾਂ ਦੇ ਹੁਕਮ

## ਮੀਰੀ-ਪੀਰੀ ਦਿਵਸ 'ਤੇ ਵਿਸ਼ੇਸ਼ ਲੇਖ

# ਮੀਰੀ ਪੀਰੀ ਦਿਵਸ



-ਸੁਖਵਿੰਦਰ ਸਿੰਘ ਮੁੱਲਾਂਪੁਰ
ਮੋਬ : 99141-84794
(Punjab Mail USA)



ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਿਯਾਦਾ ਅਨੁਸਾਰ ਕੇਸਰ ਦਾ ਅਤੇ ਚੰਦਨ ਦਾ ਗੁਰਤਾਗੱਦੀ ਦਾ ਤਿਲਕ ਕਰ ਦਿੱਤਾ। ਸੰਮਤ 1663 ਜੇਠ ਸੁਦੀ 4 ਮੁਤਾਬਿਕ 30 ਮਈ 1606 ਈ: ਲਾਹੌਰ ਵਿਖੇ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ-ਰੀਤਾਂ ਅਨੁਸਾਰ ਸਤਿਗੁਰੂ ਨਿਮਤ ਕੋਠਾ ਸਾਹਿਬ ਵਾਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕਰ ਦਿੱਤਾ। ਸਾਰਾ ਪਾਠ ਬਾਬਾ ਬੁੱਢਾ ਜੀ ਨੇ ਕੀਤਾ। ਤੇਰਵੇਂ ਦਿਨ ਹਾੜ ਵਦੀ 1 ਦੀ ਸੰਗਰਾਦ ਬੁੱਧਵਾਰ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਬਾਬਾ ਜੀ ਨੇ ਭੋਗ ਪਾਇਆ।

ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ, ਮਾਲਾ, ਟੋਪੀ ਤੇ ਮੰਜੀ ਲੈ ਆਏ, ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ ਸਾਨੂੰ ਦਸਤਾਰ ਪਹਿਨਾਓ, ਅਸੀਂ ਸ਼ਸਤਰ ਪਹਿਨ ਕੇ ਜੰਗ ਕਰਨੇ ਹਨ। ਸਤਿਗੁਰਾਂ ਦੇ ਹੁਕਮ ਅਨੁਸਾਰ ਇਹ ਵਸਤੂਆਂ ਨੂੰ ਤੋਸ਼ੇਖਾਨੇ ਭੇਜ ਦਿੱਤਾ ਗਿਆ। ਪਾਠ ਦੇ ਭੋਗ ਦੀ ਅਰਦਾਸ ਉਪਰੰਤ ਬਾਬਾ ਬੁੱਢਾ ਜੀ ਨੇ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਪੱਗ ਬਨਾ ਕੇ ਦਸਤਾਰਬੰਦੀ ਦੀ ਰਸਮ ਕੀਤੀ। ਫਿਰ ਬੇਦੀਆਂ, ਤਹੇਹਣਾ, ਭਲਿਆਂ, ਸੋਢੀਆਂ, ਮਸੰਦਾ ਮੁੱਖੀ ਸਿੱਖਾਂ ਸ਼ਹਿਰ ਦੇ ਪਤਵੰਤਿਆਂ ਦੇਸ਼-ਪ੍ਰਦੇਸ਼ ਦੀਆਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਦਸਤਾਰਾਂ ਤੇ ਮਾਇਆ ਭੇਟ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ : ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤਖ਼ਤ ਦੀ ਰਚਨਾ ਚਾਹੁੰਦੇ ਸਨ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀਂ ਦਾ ਦਿਨ ਮੁਕੱਰਰ ਕਰਕੇ ਥਾਂ ਪੱਧਰਾ ਕਰਨ, ਇੱਟਾਂ ਅਤੇ ਚੂਨਾ ਆਦਿ ਸਮੱਗਰੀ ਤਿਆਰ ਕਰਨ ਦਾ ਹੁਕਮ ਕੀਤਾ।

ਨੀਯਤ ਸਮੇਂ ਹਾੜ ਵਦੀ ਪੰਚਮੀਂ ਵਾਲੇ ਦਿਨ ਕੋਠਾ ਸਾਹਿਬ ਦੇ ਖੱਬੇ ਪਾਸੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਰਦਾਸ ਉਪਰੰਤ ਤਖ਼ਤ ਸਾਹਿਬ ਦੀ ਪਹਿਲੀ ਇੱਟ ਆਪਣੇ ਕਰ-ਕਮਲਾਂ ਨਾਲ ਰੱਖੀ, ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਕੀਤੀ।

ਥੋੜ੍ਹੇ ਹੀ ਦਿਨਾਂ ਵਿਚ ਪੱਕਾ ਥੜ੍ਹਾ ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਨੇ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦਾ ਨਾਮ ਦੇ ਕੇ 1609 ਈ: ਨੂੰ ਪ੍ਰਗਟ ਕਰ ਦਿੱਤਾ ਅਤੇ ਕਿਹਾ, ਉਸ ਅਕਾਲ ਪੁਰਖ ਦਾ ਸਦਾ ਰਹਿਣ ਵਾਲਾ ਸ੍ਰੀ ਅਕਾਲ ਤਖ਼ਤ ਸਾਹਿਬ ਹੈ।

**ਮੀਰੀ ਪੀਰੀ ਦੀ ਰਸਮ** : ਤਖ਼ਤ ਨਸ਼ੀਨੀ ਦੇ ਤਿਲਕ ਸਮਾਗਮ ਦੀ ਤਰੀਕ ਹਾੜ ਸੁਦੀ ਦਸਵੀਂ ਮਿੱਥ ਕੇ ਸਤਿਗੁਰਾਂ ਨੇ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਨੂੰ ਇਸ ਸਮਾਗਮ 'ਤੇ ਹੁੰਮਹੁਮਾ ਕੇ ਪੁੱਜਣ ਹਿਤ ਹੁਕਮਨਾਵੇਂ ਭੇਜ ਦਿੱਤੇ ਤੇ ਨਾਲ ਹੀ ਲਿਖ ਭੇਜਿਆ ਕਿ ਇਸ ਸਮੇਂ ਸੋਨੇ ਚਾਦੀ ਗਹਿਣਿਆਂ ਤੇ ਕੀਮਤੀ ਕੱਪੜਿਆਂ ਦੀ ਥਾਂ 'ਤੇ ਚੰਗੇ ਸ਼ਸਤਰਾਂ ਅਤੇ ਘੋੜਿਆਂ ਦੀ ਭੇਟਾ ਲੈ ਕੇ ਆਓ।

26 ਹਾੜ ਸੁਦੀ ਦਸਵੀਂ ਐਤਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਤਿਗੁਰਾਂ ਦੇ ਬੈਠਣ ਲਈ ਸ਼ਾਹੀ ਸਿੰਘਾਸਣ ਸਜਾਇਆ ਗਿਆ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਇਸ ਸਿੰਘਾਸਣ 'ਤੇ ਵਿਰਾਜਮਾਨ ਹੋ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠਾ ਸਾਰਾ ਪੰਡਾਲ ਸੰਗਤਾਂ ਨਾਲ ਭਰਿਆ ਹੋਇਆ ਸੀ। ਸਤਿਗੁਰਾਂ ਨੇ ਪੀਲੇ ਰੰਗ ਦੀ ਬਹੁਤ ਕੀਮਤੀ ਪੁਸ਼ਾਕ ਪਹਿਨੀ ਹੋਈ ਸੀ ਤੇ ਸੁੰਦਰ ਦਸਤਾਰ ਉੱਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ। ਬਾਹਾਂ 'ਚ ਅੰਗਦ ਸੋਭ ਰਹੇ ਸਨ। ਪਿੱਠ ਉੱਤੇ ਢਾਲ ਸਜਾਈ ਫਬ ਰਹੀ ਸੀ। ਸਤਿਗੁਰਾਂ ਨੇ ਹੁਕਮ ਕੀਤਾ ਉਹ ਸ਼ਸਤਰ ਲਿਆਓ, ਜੋ ਅਸੀਂ ਬਣਵਾਏ ਹਨ।

ਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋਹੀ ਪਾਸੀਂ ਦੋ ਸ੍ਰੀ ਸਾਹਿਬ ਮੀਰੀ-ਪੀਰੀ ਦੇ ਸਤਿਗੁਰਾਂ ਜੀ ਨੂੰ ਪਹਿਨਾਏ। ਜਿਨ੍ਹਾਂ ਦਾ ਅਰਥ ਹੈ ਭਗਤੀ ਅਤੇ ਸ਼ਕਤੀ (ਧਰਮ ਅਤੇ ਰਾਜਨੀਤੀ), ਤੀਰਾਂ ਦਾ ਭਰਿਆ ਪੱਥਾ ਲੱਕ ਨਾਲ ਸਜਾਇਆ, ਖੱਬੇ ਹੱਥ ਵਿਚ ਭਾਰੀ ਧਨੁੱਖ ਪਕੜਿਆ ਅਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ। ਗੁਰੂ ਜੀ ਦੀ ਭੇਟਾ ਵਿਚ ਤਲਵਾਰਾਂ, ਢਾਲਾਂ, ਤੇਜ ਰਫ਼ਤਾਰ ਘੋੜੇ, ਨੇਜੇ, ਬਰਛੀਆਂ-ਬਰਛੇ, ਕਟਾਰਾਂ-ਖੰਡੇ, ਧਨੁੱਖ, ਕਮਾਣਾ, ਤਿੱਖੇ ਤੀਰ ਤੇ ਤੀਰਾਂ ਦੇ ਭੱਥੇ, ਜੰਗੀ ਕੁਹਾੜੇ, ਸਫਾਜੰਗ ਆਦਿ ਸ਼ਸਤਰਾਂ ਦੇ ਢੇਰ ਲੱਗ ਗਏ ਤੇ ਘੋੜਿਆਂ ਦਾ ਪੂਰਾ ਤਬੇਲਾ ਬਣ ਗਿਆ।

---

ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਸ਼ਹੀਦੀ ਪ੍ਰਾਪਤ ਕਰਨ ਜਾਣ ਤੋਂ ਪਹਿਲਾਂ ਜੇਠ ਵਦੀ 8 ਸੰਮਤ 1663 ਮੁਤਾਬਕ 1606 ਈ: ਨੂੰ (ਗੁਰੂ) ਹਰਗੋਬਿੰਦ ਪਾਤਿਸ਼ਾਹ ਨੂੰ ਆਪਣੇ ਹੱਥੀ ਅਤੇ ਬਾਬਾ ਬੁੱਢਾ ਜੀ ਤੋਂ ਕੋਠਾ ਸਾਹਿਬ ਵਿਚ ਗੁਰਤਾਗੱਦੀ ਦੀ ਰਸਮ ਕਰਵਾ ਕੇ ਕਿਹਾ, ਸਾਡੇ ਤੋਂ ਬਾਅਦ ਸਾਡਾ ਗੁਰੂ ਰੂਪ ਇਹ ਹੋਣਗੇ। ਇਸ ਦੇ ਨਾਲ ਹੀ ਹਰਗੋਬਿੰਦ ਪਾਤਿਸ਼ਾਹ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ, ਨਾਲ ਹੀ ਕਹਿ ਦਿੱਤਾ ਹੁਣ ਤਖ਼ਤ 'ਤੇ ਬੈਠਣ ਦਾ ਸਮਾਂ ਆ ਗਿਆ ਹੈ। ਧਰਮ ਦਾ ਰਾਜ ਕਇਮ ਕਰਨ ਲਈ ਸ਼ਸਤਰਾਂ ਦਾ ਹੋਣਾ ਅਤੇ ਫ਼ੌਜ ਨੂੰ ਕਇਮ ਕਰਨਾ ਜ਼ਰੂਰੀ ਹੈ। ਚੰਦੂ ਦੇ ਕਰਮਾਂ ਦਾ ਫਲ ਭੁਗਤਾਨ ਕਰਨਾ ਤੁਹਾਡੀ ਡਿਊਟੀ ਹੈ। ਉਸ ਟਾਇਮ ਹਰਗੋਬਿੰਦ ਪਾਤਿਸ਼ਾਹ ਦੀ ਉਮਰ 11 ਸਾਲ ਸੀ। 30 ਮਈ, 1606 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ।

ਸ੍ਰੀ ਗੁਰੂ ਹਰਗੋਬਿੰਦ ਜੀ ਤਖ਼ਤ ਦੀ ਰਚਨਾ ਚਾਹੁੰਦੇ ਸਨ। ਉਨ੍ਹਾਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀਂ ਦਾ ਦਿਨ ਮੁਕਰਰ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਿਲਕੁਲ ਸਾਹਮਣੇ ਕੋਠਾ ਸਾਹਿਬ ਦੇ ਖੱਬੇ ਪਾਸੇ ਤਖ਼ਤ ਬਣਾਉਣ ਦਾ ਫੈਸਲਾ ਕੀਤਾ। ਉਸ ਜਗ੍ਹਾ 'ਤੇ ਇੱਟਾਂ, ਚੂਨਾ ਆਦਿ ਸਮੱਗਰੀ ਤਿਆਰ ਕਰਨ ਦਾ ਹੁਕਮ ਦਿੱਤਾ।

ਨੀਯਤ ਸਮੇਂ ਵਾਲੇ ਦਿਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰੀਕਰਮਾਂ ਕਰਨ ਉਪਰੰਤ ਮੱਥਾ ਟੇਕ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਾਲੀ ਥਾਂ ਆ ਗਏ। ਉੱਥੇ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਖ਼ਤ ਸਾਹਿਬ ਦੀ ਪਹਿਲੀ ਇੱਟ ਆਪਣੇ ਪਵਿੱਤਰ ਕਰ ਕਮਲਾਂ ਨਾਲ ਰੱਖੀ। ਬਾਕੀ ਸਾਰੀ ਉਸਾਰੀ ਸਿਰਫ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕੀਤੀ। ਇਹ ਥੋੜ੍ਹੇ ਸਮੇਂ ਬਾਅਦ ਹੀ 1609 ਈ: ਵਿਚ ਤਖ਼ਤ ਦਾ ਥੜ੍ਹਾ ਤਿਆਰ ਹੋ ਗਿਆ।

ਗੁਰੂ ਸਾਹਿਬ ਜੀ ਨੇ ਇਸ ਨੂੰ ਅਕਾਲ ਤਖ਼ਤ ਸਾਹਿਬ ਦਾ ਨਾਮ ਦਿੱਤਾ ਅਤੇ ਕਿਹਾ, ਇਹ ਉਸ ਅਕਾਲ ਪੁਰਖ ਦਾ ਸਦਾ ਰਹਿਣ ਵਾਲਾ ਅਕਾਲ ਤਖ਼ਤ ਸਾਹਿਬ ਹੈ।

ਗੁਰੂ ਸਾਹਿਬ ਜੀ ਨੂੰ ਤਖ਼ਤ ਨਸ਼ੀਨੀ ਦੀ

## 2 ਜੁਲਾਈ ਸ੍ਰੀ ਅਕਾਲ ਤਖ਼ਤ ਸਾਹਿਬ ਸਿਰਜਣਾ ਦਿਵਸ 'ਤੇ ਵਿਸ਼ੇਸ਼ ਲੇਖ

# ਸ੍ਰੀ ਅਕਾਲ ਤਖਤ ਸਾਹਿਬ



-ਸੁਖਵਿੰਦਰ ਸਿੰਘ ਮੁੱਲਾਂਪੁਰ
ਮੋਬ : 99141-84794
(Punjab Mail USA)



ਤਰੀਖ ਹਾੜ ਸੁਦੀ ਦਸਵੀਂ ਮਿੱਥੀ ਗਈ।

ਇਸ ਸਮੇਂ ਸੰਗਤਾਂ ਨੂੰ ਸ਼ਸਤਰ ਅਤੇ ਵਧੀਆ ਕਿਸਮ ਦੇ ਘੋੜੇ ਲਿਆਉਣ ਲਈ ਹੁਕਮਨਾਵੇਂ ਲਿਖ ਭੇਜੇ। ਮਿਥੀ ਤਰੀਕ ਨੂੰ ਸ਼ਸਤਰ ਅਤੇ ਘੋੜੇ ਲੈ ਕੇ ਵੱਡੀ ਗਿਣਤੀ 'ਚ ਸੰਗਤਾਂ ਪਹੁੰਚੀਆਂ।

ਸ੍ਰੀ ਗੁਰੂ ਹਰਗੋਬਿੰਦ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਪਹੁੰਚ ਕੇ ਸਜੇ ਸਿੰਘਾਸਨ ਉੱਪਰ ਬਿਰਾਜਮਾਨ ਹੋ ਗਏ। ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਹੇਠਾ ਸੰਗਤਾਂ ਦਾ ਬਹੁਤ ਵੱਡਾ ਇਕੱਠ ਸੀ। ਗੁਰੂ ਸਾਹਿਬ ਨੇ ਬਹੁਤ ਸੁੰਦਰ ਕੀਮਤੀ ਪੀਲੀ ਪੁਸ਼ਾਕ ਪਹਿਨੀ ਹੋਈ ਸੀ। ਸੀਸ ਤੇ ਸੁੰਦਰ ਦਸਤਾਰ ਜਿਗ੍ਹਾ ਤੇ ਕਲਗੀ ਸਿਜਾਈ ਹੋਈ ਸੀ, ਬਾਹਾਂ ਵਿਚ ਅੰਗਦ ਸੋਭ ਰਹੇ ਸਨ। ਪਿੱਠ ਉੱਤੇ ਢਾਲ ਸਜਾਈ ਫ਼ਬ ਰਹੀ ਸੀ। ਸਤਿਗੁਰਾਂ ਨੇ ਹੁਕਮ ਕੀਤਾ, ਉਹ ਸ਼ਸਤਰ ਲੈ ਕੇ ਆਓ, ਜੋ ਅਸੀਂ ਤਿਆਰ ਕਰਵਾਏ ਹਨ।

ਗੁਰੂ ਜੀ ਦੇ ਹੁਕਮ ਅਨੁਸਾਰ ਦੋ ਸਿਰੀ ਸਾਹਿਬ ਬਾਬਾ ਬੁੱਢਾ ਜੀ ਨੇ ਸਤਿਗੁਰਾਂ ਨੂੰ ਪਹਿਨਾਏ। ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿਚ ਭਾਰੀ ਧਨੁਖ ਪਕੜਿਆ ਅਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ। ਗੁਰੂ ਸਾਹਿਬ ਜੀ ਤੋਂ ਮੁੱਖੀ ਸਿੱਖਾਂ ਅਤੇ ਸੰਗਤਾਂ ਨੇ ਦੋ ਤਲਵਾਰਾਂ ਪਹਿਨਣ ਦਾ ਕਾਰਨ ਪੁੱਛਿਆ, ਤਾਂ ਸਤਿਗੁਰਾਂ ਫੁਰਮਾਇਆ ਇਹ 'ਮੀਰੀ' ਦੀ ਅਤੇ 'ਪੀਰੀ' ਦੀ ਹੈ, ਇਕ ਭਗਤੀ ਅਤੇ ਇਕ ਸ਼ਕਤੀ ਦੀ (ਧਰਮ ਅਤੇ ਰਾਜਨੀਤੀ) ਦੀ ਹੈ।

ਸ੍ਰੀ ਗੁਰੂ ਹਰਿਗੋਬਿੰਦ ਪਾਤਿਸ਼ਾਹ ਦੇ ਸੂਰਮਿਆਂ ਵਿਚ ਬੀਰ ਰਸ ਭਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਣ ਲੱਗੀਆਂ। ਵਾਰਾਂ ਗਾਉਣ ਵਾਲੇ ਪਹਿਲੇ ਢਾਡੀ ਦਾ ਨਾਮ ਅਬਦੁੱਲਾ ਸੀ। ਇਸ ਨੇ ਮੀਰੀ-ਪੀਰੀ ਦੀ ਤਲਵਾਰ ਦਾ ਜ਼ਿਕਰ ਕਰਦਿਆਂ ਇੰਝ ਗਾਇਆ ਸੀ:-

'ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ'

ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਸਿੱਖ ਸ਼ਸਤਰ ਵੀ ਪਹਿਨਿਆਂ ਕਰਨ, ਸਿਮਰਨ ਦੇ ਨਾਲ-ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੇ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਵੇਗੀ ਪਰ ਧਰਮ ਰਾਜਨੀਤੀ ਤੋਂ ਉੱਪਰ ਹੋਵੇਗਾ। ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਚਾਲੇ ਲੱਗੇ ਦੋ ਨਿਸ਼ਾਨ ਸਾਹਿਬ ਵਿਚੋਂ ਦਰਬਾਰ ਸਾਹਿਬ ਵਾਲੇ ਪਾਸੇ ਦੇ ਨਿਸ਼ਾਨ ਸਾਹਿਬ ਦੀ ਉਚਾਈ ਦੂਸਰੇ ਨਾਲੋਂ ਥੋੜ੍ਹੀ ਵੱਧ ਹੈ ਅਤੇ ਦੂਸਰੇ ਦੀ ਘੱਟ ਹੈ, ਇਹ ਇਸ ਗੱਲ ਜਾ ਪ੍ਰਤੀਕ ਹੈ ਕਿ ਧਰਮ ਦਾ ਅਸਥਾਨ ਰਾਜਨੀਤੀ ਨਾਲੋਂ ਉੱਚਾ ਹੈ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਲਗਾਤਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹਿਣ ਦਾ ਮੌਕਾ ਨਹੀਂ ਸੀ ਮਿਲਿਆ ਕਿਉਂਕਿ ਗੁਰੂ ਜੀ ਨੂੰ ਲੜਾਈਆਂ ਲੜਨ ਕਰਕੇ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਸਾਹਿਬ ਜਾ ਕੇ ਰਹਿਣਾ ਪਿਆ।

ਦਲ ਖ਼ਾਲਸਾ ਅਠਾਰਵੀਂ ਸਦੀ ਵਿਚ ਖ਼ਾਲਸਾ ਪੰਥ ਦੀ ਰਾਸ਼ਟਰੀ ਫ਼ੌਜ ਸੀ। ਇਹ ਫ਼ੌਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤਰ-ਛਾਇਆ ਹੇਠ ਹੀ ਸਥਾਪਿਤ ਕੀਤੀ ਗਈ ਸੀ।

ਅਤੇ ਇਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧੀਨ ਰਹਿ ਕੇ ਹੀ ਆਪਣੀ ਰਣਨੀਤੀ ਚਲਾਈ। 4 ਅਕਤੂਬਰ 1745 ਨੂੰ ਗੁਰਮਤਾ ਕਰਕੇ ਖ਼ਾਲਸੇ ਦੀ 25 ਜੱਥਿਆਂ ਵਿਚ ਵੰਡ ਕੀਤੀ। 19 ਮਾਰਚ 1748 ਦੀ ਵਿਸਾਖੀ ਵਾਲੇ ਦਿਨ 11 ਮਿਸਲਾਂ ਬਣਾਉਣ ਦਾ ਗੁਰਮਤਾ ਪਾਸ ਕੀਤਾ ਗਿਆ। ਇਹ ਫ਼ੌਜ 1765 ਤੱਕ ਹਥਿਆਰਬੰਦ ਸੰਘਰਸ਼ ਕਰਦੀ ਰਹੀ। ਇਸ ਦਾ ਟਕਰਾਅ ਮੀਰ ਮਨੂੰ, ਅਦੀਨਾ ਬੇਗ, ਮਰਹੱਟਿਆਂ ਅਤੇ ਅਹਿਮਦ ਸ਼ਾਹ ਅਬਦਾਲੀ ਨਾਲ ਹੋਇਆ। ਅੰਤ ਵਿਚ ਉਕਤ ਸਭ ਧਿਰਾਂ ਨੂੰ ਹਰਾ ਕੇ ਇਹ ਫ਼ੌਜ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦੀ ਮਾਲਕ ਬਣ ਕੇ ਸਾਹਮਣੇ ਆਈ। 1699 ਵਿਚ ਖ਼ਾਲਸਾ ਪੰਥ ਦੀ ਸਿਰਜਣਾ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਲਈ ਭੇਜਿਆ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਦੀਵਾਲੀ ਅਤੇ ਵਿਸਾਖੀ ਨੂੰ ਸਰਬੱਤ ਖ਼ਾਲਸਾ ਦੀਵਾਨ ਸਜਦੇ ਤੇ ਗੁਰਮਤੇ ਰਾਹੀਂ ਗੰਭੀਰ ਪੰਥਕ ਮਸਲਿਆਂ ਦੇ ਵਿਚਾਰ ਲਏ ਜਾਂਦੇ।

1920 ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਆਰੰਭ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕਰਨ ਲਈ ਪਹਿਲਾ ਹੁਕਮਨਾਵਾਂ, ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੀ ਜਾਰੀ ਕੀਤਾ।

1978 ਦੀ ਵਿਸਾਖੀ ਵਾਲੇ ਦਿਨ ਨਿਰੰਕਾਰੀ ਗੁਰਬਚਨ ਸਿੰਘ ਦੀ ਅਗਵਾਈ ਵਿਚ ਅੰਮ੍ਰਿਤਸਰ ਵਿਖੇ ਸਮਾਗਮ ਹੋਇਆ।

ਇਸ ਸਮਾਗਮ ਵਿਚ ਇਹ, ਸਿੱਖ ਧਰਮ ਵਿਰੁੱਧ ਬੋਲ ਰਹੇ ਸਨ। ਜਦੋਂ ਅਖੰਡ ਕੀਰਤਨ ਵਾਲਿਆਂ ਦਾ ਜੱਥਾ ਸ਼ਾਂਤਮਈ ਢੰਗ ਨਾਲ ਇਨ੍ਹਾਂ ਨੂੰ ਰੋਕਣ ਗਿਆ, ਤਾਂ ਉੱਥੇ ਇਨ੍ਹਾਂ ਨੇ ਗੋਲੀ ਚਲਾ ਕੇ 13 ਸਿੰਘ ਸ਼ਹੀਦ ਅਤੇ ਬਹੁਤ ਸਾਰੇ ਜ਼ਖ਼ਮੀ ਕਰ ਦਿੱਤੇ। ਸ਼ਹੀਦ ਸਿੰਘਾਂ 'ਚ ਅਖੰਡ ਕੀਰਤਨੀ ਜੱਥੇ ਦਾ ਆਗੂ ਭਾਈ ਫ਼ੌਜਾ ਸਿੰਘ ਵੀ ਸੀ। ਇਸ ਕਾਂਡ ਦਾ ਸਿੱਖ ਜਗਤ ਵਲੋਂ ਬਹੁਤ ਵਿਰੋਧ ਹੋਇਆ। ਇਸ ਰੋਸ ਨੂੰ ਮੁੱਖ ਰੱਖਦਿਆਂ 10 ਜੂਨ, 1978 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਦੇ ਬਾਈਕਾਟ ਦਾ ਹੁਕਮਨਾਵਾਂ ਜਾਰੀ ਹੋਇਆ ਕਿ ਨਿਰੰਕਾਰੀ ਗੁਰਬਚਨ ਸਿੰਘ ਨਾਲ ਖ਼ਾਲਸਾ ਪੰਥ ਹਰ ਤਰਾਂ ਦਾ ਮੇਲ-ਜੋਲ ਸੰਸਾਰਕ ਸਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।

ਸਿੱਖ ਧਰਮ ਦੇ ਸਿਧਾਤਾਂ ਨੂੰ ਖਤਮ ਕਰਨ ਲਈ 1746, 1756, 1762 ਤੇ ਫਿਰ ਜੂਨ 1984 'ਚ ਦੋਖੀ ਹਾਕਮਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਂਦ ਨੂੰ ਖਤਮ ਕਰਨ ਦਾ ਯਤਨ ਕੀਤਾ ਪਰ ਹਾਕਮ ਸ਼੍ਰੇਣੀ ਦੇ ਲੋਕ ਭੁੱਲ ਜਾਂਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਕੇਵਲ ਇਕ ਇਮਾਰਤ ਹੀ ਨਹੀਂ, ਇਹ ਤਾਂ ਸਦੀਵੀ ਰਹਿਣ ਵਾਲਾ ਵਾਹਿਗੁਰੂ, ਪ੍ਰਮਾਤਮਾ, ਉਸ ਅਕਾਲ ਪੁਰਖ ਦਾ ਅਕਾਲ ਤਖ਼ਤ ਹੈ। ਇਸ ਦਾ ਨਿਵਾਸ ਇਸ ਨੂੰ ਮੰਨਣ ਵਾਲੇ ਗੁਰਸਿੱਖ ਹਿਰਦਿਆਂ ਦੇ ਦਿਲਾਂ ਵਿਚ ਹੈ, ਜਿਸ ਨੂੰ ਨਾ ਮੁਗਲ, ਨਾ ਮੁਸਲਮਾਨ, ਨਾ ਸਮੇਂ ਦੀਆਂ ਸਰਕਾਰਾਂ ਖਤਮ ਕਰ ਸਕਣਗੀਆਂ।

ਸਮੇਂ-ਸਮੇਂ ਨਾਲ ਸਿੱਖ ਕੌਮ ਮਸਲਿਆਂ ਦਾ ਹੱਲ ਕੱਢਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਂਦਾ ਰਹਿੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮ ਨੂੰ ਹਰ ਸਿੱਖ ਬਿਨ੍ਹਾਂ ਕਿੰਤੂ-ਪ੍ਰੰਤੂ ਕੀਤੇ ਤੋਂ ਖਿੜੇ ਮੱਥੇ ਪ੍ਰਵਾਨ ਕਰਦਾ ਹੈ।

**'ਜੋ ਦਿਖਾ, ਸੋ ਲਿਖਾ'**

# ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖਲ ਸਹੀ ਨਹੀਂ

## ਵਿਸ਼ੇਸ਼ ਇਜਲਾਸ ਰਾਹੀਂ ਮੁੱਖ ਮੰਤਰੀ ਨੇ ਖੋਲ੍ਹੇ ਨਵੇਂ ਫਰੰਟ



ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)


ਪੰਜਾਬ ਵਿਧਾਨ ਸਭਾ ਦੇ 19 ਅਤੇ 20 ਜੂਨ ਦੇ ਦੋ ਦਿਨਾਂ ਵਿਸ਼ੇਸ਼ ਇਜਲਾਸ ਹੋਈ ਕਾਰਵਾਈ ਨੇ ਸਭ ਨੂੰ ਹੈਰਾਨ ਕਰ ਕੇ ਰੱਖ ਦਿੱਤੈ। ਇਸ ਇਜਲਾਸ ਵਿਚ 3 ਬਿਲ ਅਤੇ ਇਕ ਮਤਾ ਪਾਸ ਕੀਤੇ ਗਏ, ਜਿਨ੍ਹਾਂ ਦੇ ਨਾਲ ਪੰਜਾਬ ਦੀ ਸਿਆਸਤ ਅਤੇ ਕੇਂਦਰ ਨਾਲ ਸਬੰਧਾਂ ਵਿਚ ਤਣਾਅ ਹੋਰ ਵਧੇਗਾ। ਰਾਜਪਾਲ ਵਲੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੱਤਰ ਲਿਖ ਕੇ ਇਜਲਾਸ ਦੇ ਮਕਸਦ ਅਤੇ ਏਜੰਡੇ ਬਾਰੇ ਜਾਣਕਾਰੀ ਮੰਗੀ ਗਈ ਸੀ। ਜਵਾਬ ਵਿਚ ਸਪੀਕਰ ਨੇ ਦੱਸਿਆ ਕਿ ਕੋਈ ਏਜੰਡਾ ਤੈਅ ਨਹੀਂ ਅਤੇ ਇਸ ਦਾ ਫੈਸਲਾ ਬਿਜ਼ਨਿਸ ਐਡਵਾਇਜ਼ਰੀ ਕਮੇਟੀ (ਬੀ.ਏ.ਸੀ.) ਤੈਅ ਕਰੇਗੀ। ਸਦਨ ਵਿਚ ਕੇਂਦਰ ਸਰਕਾਰ ਵਿਰੁੱਧ ਰੋਕਣ ਖਿਲਾਫ ਨਿੰਦਾ ਪ੍ਰਸਤਾਵ ਪਾਸ ਕੀਤਾ ਗਿਆ। ਕੇਂਦਰ ਸਰਕਾਰ ਵਿਰੁੱਧ ਲੋਕਤੰਤਰ ਦਾ ਘਾਣ ਕਰਨ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ ਗਈ। ਪ੍ਰਸਤਾਵ ਪਾਸ ਕਰਕੇ ਸੂਬੇ ਦੇ 3622.48 ਕਰੋੜ ਦੇ ਆਰ.ਡੀ.ਐਫ. ਅਤੇ ਕੌਮੀ ਸਿਹਤ ਮਿਸ਼ਨ ਦੇ ਕਰੀਬ 800 ਕਰੋੜ ਦੇ ਰੋਕੇ ਫੰਡ ਜਾਰੀ ਕਰਨ ਦੀ ਮੰਗ ਕੀਤੀ ਗਈ। ਸਤੰਬਰ 2022 ਵਿਚ ਵੀ ਇਕ ਵਿਸ਼ੇਸ਼ ਇਜਲਾਸ ਦੌਰਾਨ ਬੀ.ਜੇ.ਪੀ. ਦੇ ਦਿੱਲੀ ਤਰਜ਼ 'ਤੇ ਅਪਰੇਸ਼ਨ ਲੋਟਸ ਰਾਹੀਂ 'ਆਪ' ਵਿਧਾਇਕਾਂ ਨੂੰ 5 ਤੋਂ 25 ਕਰੋੜ ਰੁਪਏ ਦੀ ਪੇਸ਼ਕਸ਼ ਖਿਲਾਫ ਨਿੰਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ। 'ਆਪ' ਦੇ 11 ਵਿਧਾਇਕਾਂ ਵਲੋਂ ਡੀ.ਜੀ.ਪੀ. ਨੂੰ ਦਿੱਤੀ ਸ਼ਿਕਾਇਤ 'ਤੇ ਮੁਹਾਲੀ ਥਾਣੇ ਵਿਚ ਕੇਸ ਵੀ ਦਰਜ ਹੋਇਆ ਸੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਲੋਂ ਮਾਮਲੇ 'ਤੇ ਰਿਪੋਰਟ ਪੇਸ਼ ਕਰਨ ਦੀ ਮੰਗ ਸਪੀਕਰ ਵਲੋਂ ਰੱਦ ਕਰਨ 'ਤੇ ਕਾਂਗਰਸ ਵਿਧਾਇਕਾਂ ਨੇ ਸਦਨ 'ਚੋਂ ਵਾਕਆਉਟ ਕੀਤਾ। ਦੂਜੇ ਦਿਨ ਸਰਕਾਰ ਵਲੋਂ ਅਤਿ ਅਹਿਮ ਗੁਰਦੁਆਰਾ ਐਕਟ ਸੋਧ ਬਿਲ 2023, ਡੀ.ਜੀ.ਪੀ. ਦੀ ਨਿਯੁਕਤੀ ਸਬੰਧੀ ਪੰਜਾਬ ਪੁਲਿਸ ਸੋਧ ਬਿਲ 2023 ਅਤੇ ਰਾਜਪਾਲ ਦੀ ਥਾਂ ਮੁੱਖ ਮੰਤਰੀ ਨੂੰ ਯੂਨੀਵਰਸਿਟੀਆਂ ਦੇ ਚਾਂਸਲਰ ਬਣਾਉਣ ਸਬੰਧੀ ਬਿੱਲ ਪਾਸ ਕੀਤੇ ਗਏ। ਇਹ ਬਿੱਲ ਰਾਜਪਾਲ ਦੀ ਮਨਜ਼ੂਰੀ ਤੋਂ ਬਾਅਦ ਹੀ ਲਾਗੂ ਹੋ ਸਕਣਗੇ। ਸਰਕਾਰ ਅਤੇ ਰਾਜਪਾਲ ਵਿਚਕਾਰ ਚੱਲ ਰਹੇ ਟਕਰਾਉ ਦੌਰਾਨ ਰਾਜਪਾਲ ਦਾ ਕਹਿਣੈ ਕਿ ਕਾਨੂੰਨੀ ਪਹਿਲੂਆਂ 'ਤੇ ਵਿਚਾਰ ਉਪਰੰਤ ਹੀ ਪ੍ਰਵਾਨਗੀ ਦੇਣਗੇ। ਜਾਂ ਫਿਰ ਰਾਸ਼ਟਰਪਤੀ ਪਾਸ ਵੀ ਭੇਜ ਸਕਦੇ ਨੇ। ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਸਬੰਧੀ ਬਿੱਲ ਤਾਂ ਸਿੱਧੇ ਤੌਰ 'ਤੇ ਰਾਜਪਾਲ ਨੂੰ ਝਟਕਾ ਦੇਣ ਵਾਲਾ ਹੈ। ਡੀ.ਜੀ.ਪੀ. ਦੀ ਨਿਯੁਕਤੀ ਸਬੰਧੀ ਬਿੱਲ ਦਾ ਸਬੰਧ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਅਤੇ ਯੂ.ਪੀ.ਐੱਸ.ਸੀ. ਦੇ ਅਧਿਕਾਰ ਨੂੰ ਚੈਲੇਂਜ ਕਰਨਾ ਹੈ। ਦਰਜਨ ਦੇ ਕਰੀਬ ਸੀਨੀਅਰ ਅਫਸਰਾਂ ਨੂੰ ਨਜ਼ਰਅੰਦਾਜ਼ ਕਰਕੇ ਮੌਜੂਦਾ ਡੀ.ਜੀ.ਪੀ. ਲਗਾ ਰੱਖਿਆ ਹੈ। ਇਸ ਤਰ੍ਹਾਂ ਨਵੇਂ ਪਾਸ ਕੀਤੇ ਸਾਰੇ ਬਿਲ ਹੀ ਵਿਵਾਦ ਪੈਦਾ ਕਰਨ ਵਾਲੇ ਨੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬਿਆਂ ਨੂੰ ਪਰੇਸ਼ਾਨ ਕਰਨ ਲਈ ਕੇਂਦਰ ਨੇ ਰਾਜਪਾਲਾਂ ਨੂੰ ਬਿਠਾਇਆ ਹੋਇਐ। ਗਵਰਨਰ ਦੇ ਪੱਤਰਾਂ ਨੂੰ ਲਵ-ਲੈਟਰ ਦੱਸ ਕੇ ਮਜ਼ਾਕ ਉਡਾਇਆ, ਜੋ ਕਿਸੇ ਤਰ੍ਹਾਂ ਵੀ ਸਹੀ ਨਹੀਂ ਮੰਨਿਆ ਜਾ ਸਕਦਾ। ਸਭ ਤੋਂ ਵੱਡਾ ਵਿਵਾਦ ਚੁਣੀ ਹੋਈ ਸੰਵਿਧਾਨਕ ਸੰਸਥਾ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਾ ਐਕਟ-1925 ਵਿਚ ਸੋਧ ਨਾਲ ਉੱਠ ਖੜ੍ਹਾ ਹੋਇਐ।

### ਸ਼੍ਰੋਮਣੀ ਕਮੇਟੀ ਵਲੋਂ ਸਖਤ ਵਿਰੋਧ

ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ 26 ਜੂਨ ਨੂੰ ਅੰਮ੍ਰਿਤਸਰ ਵਿਖੇ ਸੱਦੇ ਜਨਰਲ ਇਜਲਾਸ ਇਕ ਮਤੇ ਰਾਹੀਂ ਬਿਲ ਦੀ ਸਖਤ ਨਿੰਦਾ ਕਰਕੇ ਰੱਦ ਕੀਤਾ ਗਿਆ ਅਤੇ ਬਿਲ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧਾ ਦਖਲ ਦੱਸ ਕੇ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਕਿਹਾ ਗਿਆ ਕਿ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਬਗੈਰ ਐਕਟ ਵਿਚ ਸੋਧ ਕਰਨ ਦਾ ਸਰਕਾਰ ਨੂੰ ਅਧਿਕਾਰ ਨਹੀਂ। 1959 ਦੇ ਜਵਾਹਰ ਲਾਲ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਪੈਕਟ ਅਨੁਸਾਰ ਵੀ ਸੋਧ ਸਿਰਫ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਨਾਲ ਹੀ ਹੋ ਸਕਦੀ ਹੈ। ਜੇਕਰ ਕੇਜਰੀਵਾਲ ਦੇ ਇਸ਼ਾਰੇ 'ਤੇ ਪਾਸ ਕੀਤਾ ਬਿਲ ਸਰਕਾਰ ਨੇ ਵਾਪਸ ਨਾ ਲਿਆ, ਤਾਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਰਦਾਸ ਕਰਕੇ ਮੋਰਚਾ ਸ਼ੁਰੂ ਹੋਵੇਗਾ। ਕੇਸਾਂ ਤੇ ਦਾੜ੍ਹੀ ਬਾਰੇ ਬੇਅਦਬੀ ਭਰੇ ਸ਼ਬਦਾਂ ਲਈ ਭਗਵੰਤ ਮਾਨ ਅਤੇ ਭਗਤਾਂ ਦੇ ਨਾਂ ਦੀ ਬੇਅਦਬੀ ਲਈ ਪ੍ਰਿੰਸੀਪਲ ਬੁੱਧਰਾਮ ਨੂੰ ਮੁਆਫੀ ਮੰਗਣ ਲਈ ਕਿਹਾ ਗਿਆ। ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਮਤੇ ਦੀ ਹਮਾਇਤ ਕਰਦੇ ਕਿਹਾ ਕਿ ਜੇ ਬਿਲ ਲਾਗੂ ਹੋਣ ਤੋਂ ਨਾ ਰੋਕਿਆ ਗਿਆ, ਤਾਂ ਭਵਿੱਖ ਵਿਚ ਸਰਕਾਰ ਕਾਨੂੰਨ ਬਣਾ ਕੇ ਸਿਰਮੌਰ ਸੰਸਥਾ ਦਾ ਪੂਰਾ ਸਰੂਪ ਹੀ ਬਦਲ ਸਕਦੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਜਲਦ ਆਪਣਾ ਚੈਨਲ ਸ਼ੁਰੂ ਕਰਕੇ ਗੁਰਬਾਣੀ ਦਾ ਮੁਫਤ ਪ੍ਰਸਾਰਣ ਯਕੀਨੀ ਬਣਾਉਣ ਲਈ ਕਿਹਾ। ਬੀਬੀ ਦਾ ਕਹਿਣੈ ਕਿ ਇਕ ਪਰਿਵਾਰ ਦੇ ਗਲਬੇ ਕਾਰਨ ਮੌਜੂਦਾ ਹਾਲਾਤ ਪੈਦਾ ਹੋਏ ਨੇ।







### ਮੁੱਖ ਮੰਤਰੀ ਦਾ ਤਰਕ

ਮੁੱਖ ਮੰਤਰੀ ਦਾ ਦੋਸ਼ ਹੈ ਕਿ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਦੇ ਏਕਾਅਧਿਕਾਰ ਸਿਰਫ ਬਾਦਲ ਪਰਿਵਾਰ ਦੇ ਪੀ.ਟੀ.ਸੀ. ਨੂੰ ਦਿੱਤੇ ਹੋਣ ਕਾਰਨ ਚੈਨਲ ਦੇਖਣ ਲਈ ਮਹਿੰਗਾ ਕੇਬਲ ਟੀ.ਵੀ. ਲਗਵਾਉਣਾ ਹੀ ਪੈਂਦੈ। ਬਾਦਲ ਪਰਿਵਾਰ ਦੀ ਕੰਪਨੀ ਗੁਰਬਾਣੀ ਦੇ ਪ੍ਰਸਾਰਣ ਰਾਹੀਂ ਪਿਛਲੇ 11 ਸਾਲ ਤੋਂ ਮੋਟੀ ਕਮਾਈ ਕਰ ਰਹੀ ਹੈ। ਸ. ਮਾਨ ਨੇ ਕਿਹਾ ਕਿ ਸਰਬ ਸਾਂਝੀ ਗੁਰਬਾਣੀ ਦਾ ਸਮੁੱਚੇ ਮੀਡੀਆ ਰਾਹੀਂ ਮੁਫਤ ਪ੍ਰਸਾਰਨ ਸਿੱਖ ਸੰਗਤ ਦੀ ਚਿਰੋਕਣੀ ਮੰਗ ਹੈ। ਇਸੇ ਲਈ ਸਰਕਾਰ ਨੇ ਸਾਰੇ ਚੈਨਲਾਂ ਰਾਹੀਂ ਮੁਫਤ ਪ੍ਰਸਾਰਣ ਯਕੀਨੀ ਬਣਾਉਣ ਲਈ ਗੁਰਦੁਆਰਾ ਐਕਟ 1925 ਵਿਚ ਸੋਧ ਕੀਤੀ ਹੈ। ਜਿਸ ਨਾਲ ਦੁਨੀਆਂ ਦੇ ਹਰ ਕੋਨੇ ਵਿਚ ਸਿੱਖ ਸੰਗਤ ਮੁਫਤ ਗੁਰਬਾਣੀ ਦਾ ਨਿਰੰਤਰ ਲਾਹਾ ਲੈ ਸਕੇਗੀ। ਸਰਕਾਰ ਦਾ ਤਰਕ ਹੈ ਕਿ ਹਰਿਆਣਾ ਕਮੇਟੀ ਮਾਮਲੇ ਵਿਚ ਸੁਪਰੀਮ ਕੋਰਟ ਨੇ ਐਕਟ ਬਣਾਉਣ ਨੂੰ ਸੂਬੇ ਦਾ ਅਧਿਕਾਰ ਦੱਸਿਆ ਹੈ। ਪਰ ਸਿੱਖ ਜਥੇਬੰਦੀਆਂ ਵਲੋਂ ਸਰਕਾਰ ਦਾ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧਾ ਦਖਲ ਦੱਸਿਆ ਜਾ ਰਿਹੈ ਅਤੇ ਇਸ ਦਾ ਹਰ ਪਾਸੇ ਤੋਂ ਵਿਰੋਧ ਹੋ ਰਿਹੈ। ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਕੇ ਗੁਰਬਾਣੀ ਦਾ ਸਾਰੇ ਚੈਨਲਾਂ ਰਾਹੀਂ ਮੁਫਤ ਪ੍ਰਸਾਰਣ ਦੇ ਆਦੇਸ਼ ਦਿੱਤੇ ਸਨ। ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਵੀ ਸਰਕਾਰ ਦੀ ਸਿੱਖ ਪੰਥ ਦੀ ਸਿਰਮੌਰ ਸੰਸਥਾ ਦੇ ਕੰਮਕਾਜ ਵਿਚ ਦਖਲ ਨੂੰ ਮੰਦਭਾਗਾ ਦੱਸਿਐ। ਸ. ਧਾਮੀ ਦਾ ਕਹਿਣੈ ਕਿ ਜੁਲਾਈ 2023 'ਚ ਪੀ.ਟੀ.ਸੀ. ਚੈਨਲ ਨਾਲ ਐਗਰੀਮੈਂਟ ਖ਼ਤਮ ਹੋ ਰਿਹੈ ਅਤੇ ਕਮੇਟੀ ਆਪਣਾ ਚੈਨਲ ਚਲਾਉਣ ਦੀ ਕਾਰਵਾਈ ਪਹਿਲਾਂ ਸ਼ੁਰੂ ਕਰ ਚੁੱਕੀ ਹੈ। ਉਨ੍ਹਾਂ ਕਮੇਟੀ ਦੇ ਇਕ ਵਫਦ ਨਾਲ ਰਾਜਪਾਲ ਨੂੰ ਮਿਲ ਕੇ ਸੋਧ ਬਿੱਲ ਨੂੰ ਪ੍ਰਵਾਨਗੀ ਨਾ ਦੇਣ ਦੀ ਮੰਗ ਕੀਤੀ ਹੈ।

### ਤਣਾਓ ਵਧਣ ਦੇ ਆਸਾਰ

ਦੇਖਿਆ ਜਾਏ ਤਾਂ ਇਹ ਸਾਰਾ ਪੰਗਾ ਬਾਦਲ ਪਰਿਵਾਰ ਦੇ ਧਰਮ ਦੀ ਰਾਜਨੀਤੀ ਦਾ ਵਪਾਰੀਕਰਨ ਕਰਨ ਤੋਂ ਹੀ ਪੈਦਾ ਹੋਇਐ। ਜੋ ਅਕਾਲੀ ਦਲ ਨਾਲੋਂ ਸਿੱਖ ਪੰਥ ਦੇ ਲਾਂਭੇ ਹੋਣ ਦਾ ਕਾਰਨ ਬਣਿਐ। ਲੰਮਾ ਸਮਾਂ ਰਾਜ ਕਰਨ ਵਾਲੀ ਪਾਰਟੀ ਬਾਦਲ ਪਰਿਵਾਰ ਦੇ ਪਾਰਟੀ ਅਤੇ ਸ਼੍ਰੋਮਣੀ ਕਮੇਟੀ 'ਤੇ ਗਲਬੇ ਕਾਰਨ ਸੂਬੇ ਦੀ ਰਾਜਨੀਤੀ ਦੇ ਹਾਸ਼ੀਏ 'ਤੇ ਪੁੱਜ ਚੁੱਕੀ ਹੈ। ਪਿੱਛੇ ਹੋਈਆਂ ਜ਼ਿਮਨੀ ਚੋਣਾਂ ਵਿਚ ਵੀ ਪਾਰਟੀ ਨੂੰ ਸ਼ਰਮਨਾਕ ਹਾਰਾਂ ਹੋਈਆਂ ਨੇ ਅਤੇ ਇਸ ਦਾ ਪੰਥਕ ਆਧਾਰ ਖਿਸਕ ਚੁੱਕੈ ਅਤੇ ਕੇਡਰ ਨਿਰਾਸ਼ ਹੋ ਕੇ ਦੂਜੀਆਂ ਪਾਰਟੀਆਂ ਵੱਲ ਜਾ ਰਿਹੈ। ਸੁਖਬੀਰ ਬਾਦਲ ਅਜੇ ਵੀ ਪਾਰਟੀ 'ਤੇ ਆਪਣੀ ਪੱਕੜ ਮਜ਼ਬੂਤ ਕਰਨ 'ਚ ਲੱਗੇ ਨੇ। ਜੇਕਰ ਸੁਖਬੀਰ ਬਾਦਲ ਐਕਟ ਵਿਚ ਸੋਧ ਹੋਣ ਤੋਂ ਪਹਿਲਾਂ ਹੀ ਪੀ.ਟੀ.ਸੀ. ਨੂੰ ਪ੍ਰਸਾਰਣ ਤੋਂ ਲਾਂਭੇ ਕਰ ਲੈਂਦੇ, ਤਾਂ ਅਜਿਹੇ ਹਾਲਾਤ ਪੈਦਾ ਹੋਣ ਤੋਂ ਬਚ ਜਾਂਦੇ। ਵਿਸ਼ੇਸ਼ ਇਜਲਾਸ ਰਾਹੀਂ 'ਆਪ' ਸਰਕਾਰ ਨੇ ਕਈ ਨਵੇਂ ਫਰੰਟ ਖੋਲ੍ਹ ਲਏ ਨੇ। ਪਹਿਲਾਂ ਹੀ ਸਰਕਾਰ ਦੇ ਕੇਂਦਰ ਨਾਲ ਸਬੰਧ ਕਾਫੀ ਤਲਖ ਨੇ ਅਤੇ ਸੂਬਾ ਵੱਡੇ ਵਿੱਤੀ ਸੰਕਟ ਵਿਚੋਂ ਲੰਘ ਰਿਹੈ। ਨਸ਼ੇ ਅਤੇ ਬੇਰੁਜ਼ਗਾਰੀ ਕਾਰਨ ਨੌਜਵਾਨ ਵਿਦੇਸ਼ਾਂ ਵਲ ਜਾ ਰਹੇ ਨੇ। ਅਜਿਹੇ ਵਿਚ ਜੇਕਰ ਮਹੌਲ ਵਿਗੜਦਾ ਹੈ, ਤਾਂ ਸੂਬੇ ਨੂੰ ਭਾਰੀ ਨੁਕਸਾਨ ਝੱਲਣਾ ਪੈ ਸਕਦੈ। ਹੁਣ ਇਸ ਮਾਮਲੇ 'ਤੇ ਦੋਵੇਂ ਧਿਰਾਂ ਵਿਚ ਤਲਖੀ ਸਿਖਰ 'ਤੇ ਹੈ, ਇਸ ਤਰ੍ਹਾਂ ਸੂਬੇ ਦੇ ਸ਼ਾਂਤਮਈ ਮਾਹੌਲ ਵਿਚ ਤਣਾਓ ਵਧਣ ਦੇ ਪੂਰੇ ਆਸਾਰ ਬਣ ਚੁੱਕੇ ਨੇ। ਅਜਿਹੇ ਵਿਚ ਸਰਕਾਰ ਨੂੰ ਸੂਬੇ ਦੇ ਹਿੱਤ ਵਿਚ ਆਪਣੇ ਫੈਸਲੇ 'ਤੇ ਮੁੜ ਤੋਂ ਵਿਚਾਰ ਕਰਨਾ ਹੀ ਸਹੀ ਹੋਵੇਗਾ।

# ਲਾਇਸੰਸੀ ਹਥਿਆਰ ਰੱਖਣਾ ਸ਼ੌਕ ਜਾਂ ਮਜਬੂਰੀ

ਡਾ. ਅਮਨਪ੍ਰੀਤ ਸਿੰਘ ਬਰਾੜ
96537-90000
(Punjab Mail USA)



ਪੰਜਾਬ ਵਿਚ ਹਥਿਆਰਾਂ ਨੂੰ ਲੈ ਕਿ ਪਿਛਲੇ 5-7 ਸਾਲ ਤੋਂ ਵੱਖ-ਵੱਖ ਟਿੱਪਣੀਆਂ ਆਉਂਦੀਆਂ ਰਹੀਆਂ ਹਨ। ਕੁੱਝ ਸਮਾਂ ਪਹਿਲਾਂ ਸਰਕਾਰ ਨੇ ਕੁੱਝ ਗਾਣੇ ਬੰਦ ਕਰਵਾਏ, ਜਿਨ੍ਹਾਂ ਵਿਚ ਬੰਦੂਕਾਂ ਜਾਂ ਹੋਰ ਅਸਲੇ ਦਾ ਨਾਮ ਆਉਂਦਾ ਸੀ। ਇਹ ਮੰਨਿਆ ਗਿਆ ਕਿ ਨੌਜਵਾਨ ਗਾਣਿਆਂ ਤੋਂ ਪ੍ਰਭਾਵਿਤ ਹੋ ਕਿ ਲਾਇਸੰਸ ਬਣਾਉਣ ਅਤੇ ਅਸਲਾ ਖਰੀਦਣ ਵੱਲ ਤੁਰਦੇ ਹਨ।

## ਪਿਛੋਕੜ

ਪੁਰਾਣੇ ਸਮੇਂ ਦੀ ਗੱਲ ਕਰੀਏ ਤਾਂ ਉਸ ਸਮੇਂ ਜਿੰਨੇ ਹਮਲਾਵਰ ਭਾਰਤ ਆਉਂਦੇ ਸੀ, ਉਹ ਪੰਜਾਬ ਦੇ ਰਸਤੇ ਹੀ ਭਾਰਤ ਵਿਚ ਦਾਖਲ ਹੁੰਦੇ ਸੀ। ਉਸ ਵੇਲੇ ਲੋਕਾਂ ਨੇ ਆਪਣੀ ਅਤੇ ਆਪਣੇ ਪਰਿਵਾਰ ਅਤੇ ਜ਼ਮੀਨ-ਜਾਇਦਾਦ ਦੀ ਰਾਖੀ ਲਈ ਹਥਿਆਰ ਰੱਖੇ ਸਨ। ਇਨ੍ਹਾਂ ਵਿਚ ਤਲਵਾਰਾਂ, ਨੇਜ਼ੇ, ਗੰਡਾਸੇ, ਟਕੂਆ, ਤੀਰ-ਕਮਾਨ ਆਦਿ ਸ਼ਾਮਲ ਸਨ। ਇਸ ਲਈ ਉਸ ਸਮੇਂ ਤੋਂ ਹੀ ਪੰਜਾਬੀਆਂ ਕਰਕੇ ਭਾਰਤ ਦੇ ਦੁਸ਼ਮਣਾਂ ਨੂੰ ਮੂੰਹ ਦੀ ਖਾਣੀ ਪੈਂਦੀ ਸੀ ਅਤੇ ਇਸ ਕਰਕੇ ਪੰਜਾਬੀਆਂ ਨੂੰ ਬਹਾਦਰ ਯੋਧੇ ਦਾ ਖਿਤਾਬ ਵੀ ਮਿਲਿਆ। ਫਿਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਨੇ ਪੰਜਾਬੀਆਂ ਨੂੰ ਆਤਮ ਰੱਖਿਆ ਅਤੇ ਜ਼ੁਲਮ ਜਬਰ ਦਾ ਟਾਕਰਾ ਕਰਨ ਲਈ ਹਥਿਆਰ ਚੁੱਕਣ ਲਈ ਕਿਹਾ ਅਤੇ ਮੀਰੀ-ਪੀਰੀ ਦਾ ਉਪਦੇਸ਼ ਦਿੱਤਾ। ਇਹ ਗੱਲ ਅੱਗੇ ਦਸਮੇਸ਼ ਪਿਤਾ ਨੇ ਵੀ ਵਧਾਈ ਉਸ ਸਮੇਂ ਬੰਦੂਕਾਂ ਵੀ ਬਣਨ ਲੱਗ ਪਈਆਂ ਸਨ।

ਅੰਗਰੇਜ਼ਾਂ ਨੇ ਵੀ ਨਾਮਵਾਰ ਬੰਦਿਆਂ ਨੂੰ ਫੌਜ ਦੇ ਨਾਲ-ਨਾਲ ਹਥਿਆਰ ਦਿੱਤੇ। ਇਸ ਦਾ ਮਕਸਦ ਸੀ ਕਿ ਉਹ ਆਪਣੇ ਇਲਾਕੇ ਵਿਚ ਆਮ ਲੋਕਾਂ ਦੀ ਵੀ ਰੱਖਿਆ ਕਰਨ। ਠੀਕਰੀ ਪਹਿਰਾ ਲੱਗਦਾ ਸੀ। ਜਿਸ ਕੋਲ ਬੰਦੂਕ ਹੁੰਦੀ ਸੀ, ਉਹ ਅੱਗੇ ਲੱਗ ਕੇ ਪਹਿਰੇ ਦੀ ਅਗਵਾਈ ਕਰਦਾ ਸੀ। ਉਸ ਸਮੇਂ ਹਥਿਆਰਾਂ ਨੂੰ ਮਰਦਾਂ ਦਾ ਗਹਿਣਾ ਮੰਨਿਆ ਜਾਂਦਾ ਸੀ। ਇਹ ਹੀ ਰਿਵਾਜ਼ ਆਜ਼ਾਦੀ ਤੋਂ ਬਾਅਦ ਵੀ ਚੱਲਦਾ ਰਿਹਾ। ਪੰਜਾਬ ਵਿਚ ਤਕਰੀਬਨ 1970-80 ਤੱਕ ਰਿਵਾਲਵਰ ਕਮੀਜ਼ ਦੇ ਉਤੋਂ ਦੀ ਪਾਉਣ ਅਤੇ ਬੰਦਕੂ ਹੱਥ ਵਿਚ ਫੜਨ ਦਾ ਰਿਵਾਜ਼ ਸੀ। ਇਹ ਸੀ ਸਾਡਾ ਵਿਰਸਾ ਪਰ ਲਾਇਸੰਸੀ ਹਥਿਆਰ ਥੋੜੇ ਸਨ। 1984 ਤੋਂ ਬਾਅਦ ਇਸ ਵਿਚ ਕਈ ਗੁਣਾ ਵਾਧਾ ਹੋਇਆ। ਜਿਹੜੇ ਲੋਕ ਸਿਆਸਤਦਾਨਾਂ ਦੇ ਨੇੜੇ ਸੀ, ਉਨ੍ਹਾਂ ਨੂੰ ਹਥਿਆਰਾਂ ਦੇ ਲਾਇਸੈਂਸ ਮਿਲਣ ਲੱਗੇ। ਇਸ ਵਿਚ ਹੋਰ ਵਾਧਾ ਹੋਇਆ, ਜਦੋਂ ਤੋਂ ਹਲਕਾ ਇੰਚਾਰਜ ਬਣਨ ਲੱਗੇ। ਪੋਲੀਟੀਕਲ ਪਾਰਟੀਆਂ ਦੇ ਯੂਥ ਵਿੰਗ ਨੇ ਉਸ ਵੇਲੇ ਇਹੋ ਜਿਹੇ ਲੋਕਾਂ ਨੂੰ ਖਾਸ ਕਰਕੇ ਛੋਟੀ ਉਮਰ ਦੇ ਨੌਜਵਾਨਾਂ ਦੇ ਲਾਇਸੰਸ ਬਣਵਾਏ ਅਤੇ ਉਨ੍ਹਾਂ ਨੇ ਅਸਲੇ ਵਾਲੀਆਂ ਤਸਵੀਰਾਂ ਨੂੰ



ਸੋਸ਼ਲ ਮੀਡੀਆ 'ਤੇ ਪਾਉਣਾ ਆਪਣਾ ਸਟੇਟਸ ਸਿੰਬਲ ਬਣਾ ਲਿਆ। ਜਿਹੜੀ ਪਾਰਟੀ ਦੀ ਸਰਕਾਰ ਆਈ, ਉਨ੍ਹਾਂ ਨੇ ਆਪਣੇ ਨਾਲ ਤੁਰਨ ਵਾਲਿਆਂ ਦੇ ਲਾਇਸੰਸ ਬਣਵਾ ਦਿੱਤੇ। ਇਸ ਵਿਚ ਹੋਰ ਰੁਝਾਨ ਦੇਖਣ ਨੂੰ ਮਿਲਿਆ ਕਿ ਵੋਟਾਂ ਵੇਲੇ ਆਮ ਲੋਕਾਂ ਦੇ ਹਥਿਆਰ ਜਮਾਂ ਕਰਾ ਲਏ ਜਾਂਦੇ ਹਨ। ਇਨ੍ਹਾਂ ਸਿਆਸਤਦਾਨਾਂ ਦੇ ਵਰਕਰਾਂ ਨੂੰ ਆਪਣੇ ਕੋਲ ਹਥਿਆਰ ਰੱਖਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਹੈ। 2022 ਦੀਆਂ ਵੋਟਾਂ ਵੇਲੇ ਤਕਰੀਬਨ 91.1 ਫੀਸਦੀ ਹਥਿਆਰ ਜਮਾਂ ਹੋਏ ਸੀ। ਪਰ ਦੂਜੇ ਪਾਸੇ ਪਾਬੰਦੀ ਵੇਲੇ ਵੀ 27 ਬਗੈਰ ਲਾਇਸੈਂਸ ਦੇ ਹਥਿਆਰ ਫੜੇ ਗਏ ਸੀ।

2012 ਤੋਂ ਇੱਕ ਹੋਰ ਰੁਝਾਨ ਵੇਖਣ ਨੂੰ ਮਿਲਿਆ ਹੈ ਕਿ ਬਿਨੈਕਾਰ ਬਹੁਤੇ ਸ਼ਹਿਰੀ ਲੋਕ ਸਨ, ਖਾਸ ਕਰਕੇ ਔਰਤਾਂ ਸੀ। ਅੱਜ ਹਾਲਾਤ ਇਹ ਹਨ ਕਿ ਘਰ ਦੇ ਅੰਦਰ ਵੜ ਕੇ ਕੁੱਟ ਅਤੇ ਲੁੱਟ ਜਾਂਦੇ ਹਨ। ਆਏ ਦਿਨ ਬੰਦੂਕ ਦੀ ਨੋਕ 'ਤੇ ਕੋਈ ਕਾਰ ਲੁੱਟ ਕੇ ਭੱਜ ਗਏ, ਕੋਈ ਦੁਕਾਨ, ਘਰ ਲੁੱਟ ਕੇ। ਪਹਿਲਾਂ ਕੈਸ਼, ਸੋਨਾ ਅਤੇ ਕਾਰਾਂ ਖੋਹੀਆਂ ਜਾਂਦੀਆਂ ਸਨ, ਅੱਜ ਰਾਸ਼ਨ ਵੀ ਲੁੱਟਿਆ ਜਾਣ ਲੱਗਾ। ਸੋ ਬਹੁਤੇ ਲੋਕਾਂ ਦਾ ਹਥਿਆਰ ਰੱਖਣਾ ਮਜਬੂਰੀ ਹੈ, ਸ਼ੌਂਕ ਨਹੀਂ।

ਹਥਿਆਰਾਂ ਦੇ ਮਾਮਲੇ ਵਿਚ ਸਭ ਤੋਂ ਵੱਡੀ ਗੱਲ ਨਾਜਾਇਜ਼ ਹਥਿਆਰਾਂ ਦੀ ਹੈ। ਸੂਬੇ ਵਿਚ ਗੈਂਗਸਟਰਵਾਦ ਚੱਲ ਪਿਆ ਅਤੇ ਨਸ਼ਾ ਵੀ। ਨਸ਼ੇ ਲਈ ਪੈਸਾ ਚਾਹੀਦਾ ਹੈ। ਜਦੋਂ ਘਰ ਦੇ ਭਾਂਡੇ ਵਿੱਕ ਜਾਂਦੇ ਹਨ, ਤਾਂ ਫਿਰ ਨਸ਼ੇੜੀ ਲੁੱਟਣ ਵੱਲ ਤੁਰ ਪੈਂਦੇ ਹਨ। ਲੁੱਟਣ ਲਈ ਹਥਿਆਰ ਚਾਹੀਦੇ ਹਨ, ਜਿਹੜੇ ਬਾਹਰਲੇ ਸੂਬਿਆਂ ਵਿਚ ਬਣਦੇ ਹਨ ਅਤੇ ਏਥੇ ਵੇਚੇ ਜਾਂਦੇ ਹਨ। ਅਸਲੀਅਤ ਇਹ ਹੈ ਕਿ ਲਾਇਸੰਸੀ ਹਥਿਆਰਾਂ ਨਾਲੋਂ ਨਾਜਾਇਜ ਜ਼ਿਆਦਾ ਹਨ। ਸੂਬੇ ਵਿਚ ਜਿਹੜੀਆਂ ਪਿੱਛੇ ਘਟਨਾਵਾਂ ਹੋਈਆਂ ਹਨ, ਉਨ੍ਹਾਂ ਵਿਚ ਮਹਿੰਗੇ ਹਥਿਆਰ ਵਰਤੇ ਗਏ ਪਰ ਜਿਹੜੇ ਬੰਦੇ ਫੜੇ ਗਏ ਹਨ ਅਤੇ ਉਨ੍ਹਾਂ ਦਾ ਜੁਰਮ ਕਰਨ ਵਿਚ ਹੱਥ ਹੈ, ਉਹ ਬਹੁਤੇ ਗਰੀਬ ਘਰਾਂ ਦੇ ਹਨ। ਇਸ ਦਾ ਮਤਲਬ ਜੁਰਮ ਕਰਨ ਵਾਲੇ ਨੂੰ ਹਥਿਆਰ ਉਪਲਬੱਧ ਕਰਨ ਵਾਲਾ ਕੋਈ ਹੋਰ ਹੈ। ਜਦ ਵੀ ਕਿਸੇ ਵੀ.ਆਈ.ਪੀ. ਨੇ ਆਉਣਾ ਹੋਵੇ, ਜਿਵੇਂ ਪ੍ਰਧਾਨ ਮੰਤਰੀ ਨੇ ਜਾਂ ਵੋਟਾਂ ਪੈਣੀਆਂ ਹੋਣ, ਤਾਂ ਲਾਇਸੰਸੀ ਅਸਲਾ ਜਮ੍ਹਾਂ ਕਰਵਾ ਲਿਆ ਜਾਂਦਾ ਹੈ, ਜਿਵੇਂ ਕਿਤੇ ਸਾਰਾ ਜੁਰਮ ਲਾਇਸੰਸੀ ਹਥਿਆਰਾਂ ਵਾਲੇ ਹੀ ਕਰਦੇ ਹੋਣ।

ਅੱਜ ਹਾਲਾਤ ਇਹ ਹਨ, ਜੋ ਕੋਈ ਵੀ ਗੱਲ ਹੁੰਦੀ ਹੈ, ਉਸ ਵਿਚ ਸਭ ਤੋਂ ਪਹਿਲਾਂ ਅਸਲਾ ਲਾਇਸੈਂਸਧਾਰਕਾਂ 'ਤੇ ਗਾਜ ਡਿੱਗਦੀ ਹੈ। ਜਿਵੇਂ ਕਿ ਜੇ ਕਿਸੇ ਨੇ ਪਰਾਲੀ ਨੂੰ ਅੱਗ ਲਾਈ, ਤਾਂ ਉਸਦਾ ਅਸਲਾ ਲਾਈਸੈਂਸ ਨੂੰ ਦੁਬਾਰਾ ਰੀਨਿਊ ਕਰਨ 'ਤੇ ਅੜਿੱਕਾ ਪਾ ਦਿਉ ਕਿ ਇਹ ਰਿਨਿਊ ਨਹੀਂ ਹੋਊਗਾ। ਕਿਸੇ ਜ਼ਿਲ੍ਹੇ ਵਿਚ ਪਰਾਲੀ ਨੂੰ ਅੱਗ ਲਾਉਣ ਵਾਲਿਆਂ ਦੀ ਜਮ੍ਹਾਂਬੰਦੀ 'ਤੇ ਲਾਲ ਲਕੀਰ ਫੇਰ ਦਿੱਤੀ ਜਾਂਦੀ ਹੈ। ਧਰਨਾ ਲੱਗਿਆ ਹੈ, ਤਾਂ ਅਸਲੇ ਵਾਲਿਆਂ ਦੇ ਲਾਇਸੰਸ ਸਸਪੈਂਡ ਕਰ ਦਿਉ। ਨਵਾਂ ਅਸਲਾ ਲਾਈਸੈਂਸ ਬਣਵਾਉਣਾ ਹੈ, ਤਾਂ ਵੱਖ-ਵੱਖ ਜ਼ਿਲ੍ਹਿਆਂ ਦੇ ਵੱਖ-ਵੱਖ ਨਿਯਮ ਹਨ। ਜਿਵੇਂ ਕਿਸੇ ਜ਼ਿਲ੍ਹੇ ਵਿਚ ਪਹਿਲਾਂ ਫਾਰਮ ਲੈਣ ਲਈ ਰੈੱਡ ਕਰਾਸ ਦੀ ਪਰਚੀ ਕਟਾਓ, ਫੇਰ ਉਹ ਵੀ ਜ਼ਿਲ੍ਹਾ ਅਫ਼ਸਰ ਦੀ ਮਰਜ਼ੀ ਹੈ, ਕਿੰਨਾ ਹੁਕਮ ਹੁੰਦਾ ਹੈ।

14 ਦਸੰਬਰ ਦੀ ਟ੍ਰਿਬਿਊਨ ਵਿਚ ਛੱਪੀ ਖ਼ਬਰ ਅਨੁਸਾਰ ਇੱਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਾਹਿਬ ਨੇ ਨਵੇਂ ਆਦੇਸ਼ ਜਾਰੀ ਕੀਤੇ ਹਨ ਕਿ ਜਿਸਨੇ ਵੀ ਨਵਾਂ ਲਾਇਸੈਂਸ ਬਣਵਾਉਣਾ ਹੈ ਜਾਂ ਰੀਨਿਊ ਕਰਵਾਉਣਾ ਹੈ, ਉਹ ਪਹਿਲਾਂ ਪੰਜ ਦਰੱਖਤ ਲਾਉਣ ਅਤੇ ਉਸ ਨਾਲ ਸੈਲਫੀ ਲੈ ਕੇ ਫਾਇਲ ਜਮ੍ਹਾਂ ਕਰਾਉਣ। ਸਭ ਤੋਂ ਵੱਡੀ ਗੱਲ ਇਹ ਹੈ ਕਿ ਦਰੱਖਤ ਯੋਜਨਾਬੰਦ ਤਰੀਕੇ ਨਾਲ ਲੱਗਣਗੇ ਤਾਂ ਚੱਲਣਗੇ। ਹੋਰ ਦਰੱਖਤ ਲਾਉਣ ਵੇਲੇ ਸਾਨੂੰ ਇਹ ਵੀ ਸੋਚਣਾ ਪਵੇਗਾ ਕਿ ਦਰੱਖਤ ਸਾਰਾ ਸਾਲ ਧਰਤੀ ਵਿਚੋਂ ਪਾਣੀ ਖਿੱਚਦੇ ਹਨ, ਜਿਸ ਦੀ ਸਾਡੇ ਕੋਲ ਪਹਿਲਾਂ ਹੀ ਘਾਟ ਹੈ। ਲੋੜ ਅਨੁਸਾਰ ਅਸੀਂ ਹਵਾ ਵਿਚੋਂ ਕਾਰਬਨ ਘਣੀ ਖੇਤੀ ਨਾਲ ਹੀ ਜਮ੍ਹਾਂ ਕਰੀ ਜਾਂਦੇ ਹਾਂ। ਪੂਰੀ ਗਰਮੀ ਵਿਚ ਵੀ ਸਾਡਾ 15 ਤੋਂ 20 ਪ੍ਰਤੀਸ਼ਤ ਰਕਬਾ ਫ਼ਸਲਾਂ ਅਧੀਨ ਹੁੰਦਾ ਹੈ।

## ਚੋਰੀ ਜਾਂ ਡਕਾਇਤੀ

ਸੰਨ 1980 ਤੋਂ ਪਹਿਲਾਂ ਚੋਰੀਆਂ ਜ਼ਿਆਦਾ ਸੀ, ਡਕਾਇਤੀਆਂ ਘੱਟ ਪਰ ਇਸ ਤੋਂ ਬਾਅਦ ਹੌਲੀ-ਹੌਲੀ ਇਹ ਕੰਮ ਉਲਟ ਹੁੰਦਾ ਗਿਆ। ਕਿੰਨੀ ਵਾਰ ਕਾਲੇ ਕੱਛਿਆਂ ਵਾਲੇ ਗੈਂਗ ਆਏ ਅਤੇ ਮਹੀਨਾ-ਮਹੀਨਾ ਲੋਕਾਂ ਵਿਚ ਦਹਿਸ਼ਤ ਪਾਈ ਰੱਖੀ। ਇਹ ਲੋਕ 10 ਤੋਂ 15 ਦਾ ਗਰੁੱਪ ਬਣਾਕੇ ਤੁਰਦੇ ਸੀ ਅਤੇ ਸਾਰੇ ਕੱਪੜੇ ਲਾਹ ਕੇ ਪਿੰਡੇ 'ਤੇ ਤੇਲ ਮਲ ਕੇ ਕਾਲੀ ਨਿਕਰ ਪਾਉਂਦੇ ਸੀ, ਤਾਂ ਕਿ ਹਨ੍ਹੇਰੇ ਵਿਚ ਪਤਾ ਨਾ ਲੱਗੇ। ਉਸ ਵੇਲੇ ਇਨ੍ਹਾਂ ਕੋਲ ਲੋਹੇ ਦੀਆਂ ਰਾਡਾਂ, ਖਾਪੇ ਅਤੇ ਟਕੂਏ ਆਦਿ ਹੁੰਦੇ ਸੀ। ਉਨ੍ਹਾਂ ਨੇ ਵੀ ਲੋਕਾਂ ਨੂੰ ਲਾਇਸੰਸੀ ਹਥਿਆਰ ਲੈਣ ਨੂੰ ਮਜਬੂਰ ਕੀਤਾ। ਹੁਣ ਵੀ ਲੁਟੇਰੇ ਦੋ ਤੋਂ ਵੱਧ ਹੁੰਦੇ ਹਨ ਅਤੇ ਆਮ ਤੌਰ 'ਤੇ ਇੱਕ ਕੋਲ ਹਥਿਆਰ ਹੁੰਦਾ ਹੈ, ਜੋ ਘੇਰੇ ਜਾਣ 'ਤੇ ਚਲਾਉਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਪਿੱਛੇ 2-3 ਕੇਸ ਇਹੋ ਜਿਹੇ ਵੀ ਰਿਪੋਰਟ ਹੋਏ ਹਨ, ਜਿੱਥੇ ਦੁਕਾਨਦਾਰ ਤੋਂ ਨਕਦੀ ਮੰਗੀ, ਅੱਗੋਂ ਉਸ ਨੇ ਆਪਣੇ ਦਰਾਜ਼ ਵਿਚੋਂ ਹਥਿਆਰ ਕੱਢ ਲਿਆ ਤੇ ਲੁਟੇਰੇ ਭੱਜ ਗਏ। ਜ਼ਰਾ ਸੋਚੋ, ਪੁਲਿਸ ਨੂੰ ਲੁਟੇਰਿਆਂ ਦੇ ਭੱਜਣ ਵਿਚ ਫਾਇਦਾ ਜਾਂ ਲੁਟੇਰੇ ਨਕਦੀ ਲੁੱਟ ਦੇ ਜਾਂ ਕਿਸੇ ਦਾ ਨੁਕਸਾਨ ਹੋ ਜਾਂਦਾ, ਤਾਂ ਪੁਲਿਸ ਤਫਤੀਸ਼ ਵਿਚ ਲੱਗ ਜਾਂਦੀ ਅਤੇ ਉਨ੍ਹਾਂ ਦਾ ਗਸ਼ਤ ਦਾ ਕੰਮ ਰੁੱਕ ਜਾਂਦਾ।

## ਕਾਨੂੰਨ ਵਿਵਸਥਾ

ਰਾਜ ਕਰਤਾ ਪਾਰਟੀ ਦੇ ਮੁੱਖ ਮੰਤਰੀ ਤੋਂ ਲੈ ਕੇ ਐੱਮ.ਐੱਲ.ਏ. ਅਤੇ ਸਰਕਾਰੀ ਅਧਿਕਾਰੀ ਜਿਸ ਵਿਚ ਪੁਲਿਸ ਅਤੇ ਸਿਵਲ ਅਧਿਕਾਰੀ ਆਉਂਦੇ ਹਨ, ਕਿਸੇ ਨੂੰ ਪੁੱਛ ਲਓ ਹਰ ਕੋਈ ਕਹੇਗਾ, ਕਾਨੂੰਨ ਵਿਵਸਥਾ ਠੀਕ ਹੈ ਪਰ ਜੇ ਕਾਨੂੰਨ ਵਿਵਸਥਾ ਠੀਕ ਹੈ, ਤਾਂ ਫਿਰ ਸਰਕਾਰੀ ਗੰਨਮੈਨਾਂ ਦੀ ਕੀ ਲੋੜ ਹੈ। ਜੇ ਹਰ ਇੱਕ ਦੇ ਜ਼ਿਹਨ ਵਿਚ ਇਕੋ ਗੱਲ ਹੋਵੇ ਕਿ ਕਾਨੂੰਨ ਨੇ ਠੀਕ ਢੰਗ ਨਾਲ ਲਾਗੂ ਹੋ ਜਾਣਾ ਹੈ, ਤਾਂ ਚੋਰੀ ਕਰਨ ਵਾਲੇ ਨੂੰ ਪਤਾ ਹੋਵੇ, ਮੈਂ ਚੋਰੀ ਕੀਤੀ, ਤਾਂ ਪੁਲਿਸ ਨੇ ਮੈਨੂੰ ਫੜ ਲੈਣਾ ਹੈ, ਜੱਜ ਨੇ ਸਜ਼ਾ ਦੇ ਦੇਣੀ ਹੈ, ਤਾਂ ਚੋਰੀ ਕਰਨ ਵਾਲਾ ਡਰੇ, ਪੁਲਿਸ ਨੂੰ ਤੇ ਜੱਜ ਨੂੰ ਡਰਨ ਦੀ ਲੋੜ ਹੀ ਨਹੀਂ। ਜੇ ਡਰ ਨਹੀਂ, ਤਾਂ ਗੰਨਮੈਨਾ ਅਤੇ ਅੱਗੇ-ਪਿੱਛੇ ਗੱਡੀਆਂ ਲਾਉਣ ਦੀ ਲੋੜ ਹੀ ਨਹੀਂ। ਅੱਜ ਪੰਜਾਬ ਵਿਚ ਨੰਗੇ ਹਥਿਆਰ ਲੈ ਕੇ ਘੁੰਮਣ ਤੇ ਜਾਂ ਹਥਿਆਰ ਨਾਲ ਫੋਟੋ/ਵੀਡਿਉ ਪਾਉਣ 'ਤੇ ਪਾਬੰਦੀ ਹੈ। ਪਰ ਫਿਰ ਵੀ ਕਈ ਲੋਕ ਹਥਿਆਰ ਲੈ ਕੇ ਢਾਣੀਆਂ ਬਣਾ ਕੇ ਘੁੰਮਦੇ ਹਨ। ਇਸ ਦਾ ਮਤਲਬ ਕਾਨੂੰਨ ਦੀਆਂ ਅੱਖਾਂ 'ਤੇ ਪੱਟੀ ਨਹੀਂ ਬੱਧੀ ਪਰ ਕਾਨੂੰਨ ਬੰਦਾ ਵੇਖ ਕੇ ਕੰਮ ਕਰਦਾ ਹੈ।

## ਨਿਚੋੜ

ਕੁੱਲ ਮਿਲਾਕੇ ਲਾਇਸੰਸੀ ਹਥਿਆਰ ਜੁਰਮ ਘਟਾਉਣ ਵਿਚ ਮਦਦ ਕਰਦੇ ਹਨ। ਇੱਕ ਤਾਂ ਜੁਰਮ ਕਰਨ ਵਾਲਾ ਇਨ੍ਹਾਂ ਦੇ ਗਲ ਛੇਤੀ ਕੀਤੇ ਨਹੀਂ ਪੈਂਦਾ ਕਿਉਂਕਿ ਅਗਲੇ ਨੂੰ ਨੁਕਸਾਨ ਹੋਣ ਦਾ ਡਰ ਹੈ। ਦੂਜਾ ਇਹ ਬਹੁਤੇ ਚੰਗੀ ਰੋਟੀ ਖਾਂਦੇ ਹਨ ਅਤੇ ਕਾਨੂੰਨ ਨੂੰ ਮੰਨਣ ਵਾਲੇ ਹਨ, ਪੁਲਿਸ ਨੇ ਇਨ੍ਹਾਂ ਦਾ ਚਾਲ ਚੱਲਣ ਘੋਖਿਆ ਹੈ ਅਤੇ ਰਿਨਿਊ ਵੇਲੇ ਦੁਬਾਰਾ ਘੋਖ ਹੁੰਦੀ ਹੈ। ਇਨ੍ਹਾਂ ਵਿਚ ਬਹੁਤੇ ਕਿਸੇ ਕਿਸਮ ਦੀ ਸਜ਼ਾ ਜਾਂ ਜੁਰਮਾਨੇ ਤੋਂ ਡਰਨ ਵਾਲੇ ਹਨ। ਸਰਕਾਰ ਨੂੰ ਇਨ੍ਹਾਂ ਨੂੰ ਖੱਜਲ-ਖੁਆਰ ਕਰਨ ਦੀ ਬਜਾਏ ਵਿਸ਼ਵਾਸ ਵਿਚ ਲੈ ਕੇ ਚੰਗੇ ਸਾਂਝੇ ਕੰਮਾਂ ਲਈ ਸੂਬੇ ਅਤੇ ਦੇਸ਼ ਦੀ ਤਰੱਕੀ ਵਿਚ ਹਿੱਸੇਦਾਰ ਬਣਾਉਣਾ ਚਾਹੀਦਾ ਹੈ। ਨਵੇਂ ਲਾਇਸੰਸ ਬਣਾਉਣ 'ਤੇ ਪਾਬੰਦੀ ਨਹੀਂ ਲਾਉਣੀ ਚਾਹੀਦੀ, ਸਗੋਂ ਮੰਗ ਅਤੇ ਲੋੜ ਅਨੁਸਾਰ ਦਿੱਤੇ ਜਾਣੇ ਚਾਹੀਦੇ ਹਨ। ਕਈ ਘਰਾਂ ਵਿਚ ਦਹਾਕਿਆਂ ਤੋਂ ਲਾਇਸੰਸੀ ਹਥਿਆਰ ਸਨ ਪਰ ਘਰ ਵਿਚ ਵੱਡੇ ਦੀ ਮੌਤ ਤੋਂ ਬਾਅਦ ਹਥਿਆਰ ਜਮ੍ਹਾ ਹੋ ਗਿਆ, ਉਸ ਘਰ ਦੀ ਜਾਨ-ਮਾਲ ਦੀ ਰੱਖਿਆ ਕਿਵੇਂ ਹੋਵੇ। ਹਰ ਘਰ ਦਾ ਜੀਅ ਆਪਣੇ ਘਰ ਵਾਲਿਆਂ ਲਈ ਵੀ.ਆਈ.ਪੀ. ਹੁੰਦਾ ਹੈ, ਹਕੂਮਤ ਨੂੰ ਇਹ ਗੱਲ ਨਜ਼ਰਅੰਦਾਜ਼ ਨਹੀਂ ਕਰਨੀ ਚਾਹੀਦੀ।

# ਇਤਿਹਾਸਕ ਗੁਰਦੁਆਰਾ ਚਰਨ ਕੰਵਲ ਸਾਹਿਬ, ਪਿੰਡ ਜੀਂਦੋਵਾਲ

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)



ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਸਬਾ ਬੰਗਾ ਤੋਂ 4 ਕਿਲੋਮੀਟਰ ਦੀ ਦੂਰੀ 'ਤੇ ਅਤੇ ਰੇਲਵੇ ਸਟੇਸ਼ਨ ਸ਼ਹੀਦ ਭਗਤ ਸਿੰਘ ਨਗਰ ਤੋਂ 13 ਕਿਲੋਮੀਟਰ ਦੇ ਫਾਸਲੇ 'ਤੇ ਫਗਵਾੜਾ-ਬਲਾਚੌਰ ਰੋਡ 'ਤੇ ਸੜਕ ਦੇ ਨਜ਼ਦੀਕ ਪਿੰਡ ਜੀਂਦੋਵਾਲ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ। ਛੇਵੇਂ ਪਾਤਸ਼ਾਹ ਜੀ ਨੇ ਕਰਤਾਰਪੁਰ ਸਾਹਿਬ ਦੀ ਆਖਰੀ ਜੰਗ ਵਿਚ ਪੈਂਡੇ ਖਾਂ ਨੂੰ ਮਾਰ ਕੇ ਬਿਕਰਮੀ 1691 ਵਿਚ ਕੀਰਤਪੁਰ ਸਾਹਿਬ ਨੂੰ ਜਾਂਦੇ ਹੋਏ 20 ਹਾੜ ਨੂੰ ਇੱਥੇ ਚਰਨ ਪਾਏ ਸਨ। ਇਸ ਜਗ੍ਹਾ ਤੋਂ ਛੇਵੇਂ ਪਿਤਾ ਜੀ ਪਿੰਡ ਦੁਰਗਾਪੁਰ ਨੂੰ ਗਏ ਸਨ, ਜੋ ਕਿ ਚੜ੍ਹਦੇ ਦੀ ਤਰਫ 15 ਕਿਲੋਮੀਟਰ ਦੀ ਦੂਰੀ 'ਤੇ ਹੈ ਤੇ ਆਏ ਪਿੰਡ ਸੋਤ੍ਹ ਤੋਂ ਸਨ। ਗੁਰੂ ਜੀ ਨੇ ਇਥੇ ਹੀ ਜੀਵੇ ਜ਼ਿਮੀਂਦਾਰ ਨੂੰ ਦੁੱਧ ਦਾ ਵਰ ਦੇ ਕੇ ਔਸਰ ਝੋਟੀਆਂ ਦਾ ਦੁੱਧ ਚੁਆ ਕੇ ਨਿਹਾਲ ਕੀਤਾ ਸੀ। ਭਾਈ ਜੀਵੇ ਦੇ ਨਾਂਅ 'ਤੇ ਹੀ ਇਸ ਪਿੰਡ ਦਾ ਨਾਮ ਜੀਂਦੋਵਾਲ ਰੱਖਿਆ ਗਿਆ। ਜਦੋਂ ਗੁਰੂ ਜੀ ਪਿੰਡ ਜੀਂਦੋਵਾਲ ਆਏ ਸਨ, ਤਾਂ ਉਨ੍ਹਾਂ ਦੇ ਨਾਲ ਗੁਰੂ ਹਰ ਰਾਏ ਸਾਹਿਬ ਜੀ, ਬਾਬਾ ਗੁਰਦਿੱਤਾ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਵੀ ਸਨ। ਗੁਰੂ ਜੀ ਤਕਰੀਬਨ ਇੱਕ




ਮਹੀਨਾ ਇਸ ਅਸਥਾਨ 'ਤੇ ਠਹਿਰੇ ਸਨ ਤੇ ਜ਼ਖਮੀ 'ਸੁਹੇਲੇ' ਘੋੜੇ ਦਾ ਇਲਾਜ ਵੀ ਇੱਥੇ ਹੀ ਹੁੰਦਾ ਰਿਹਾ। ਸੁਹੇਲੇ ਘੋੜੇ ਦਾ ਪਹਿਲਾ ਨਾਮ ਗੁਲਬਾਗ ਸੀ। ਬਾਅਦ ਵਿਚ ਸਤਿਗੁਰਾਂ ਨੇ ਘੋੜੇ ਦਾ ਨਾਂਅ ਬਦਲ ਕੇ ਸੁਹੇਲਾ ਘੋੜਾ ਰੱਖਿਆ ਸੀ। ਗੁਰੂ ਜੀ ਨੇ ਸੁਹੇਲੇ ਘੋੜੇ 'ਤੇ ਹੀ ਕਰਤਾਰਪੁਰ ਦੀ ਜੰਗ ਲੜੀ। ਜੰਗ ਵਿਚ ਹੀ ਸੁਹੇਲਾ ਘੋੜਾ ਜ਼ਖਮੀ ਹੋ ਗਿਆ ਸੀ। ਇੱਕ ਮਹੀਨਾ ਇਸ ਅਸਥਾਨ 'ਤੇ ਸੁਹੇਲੇ ਘੋੜੇ ਦਾ ਇਲਾਜ ਕੀਤਾ ਗਿਆ। ਫੇਰ ਉਸ ਨੂੰ ਕੀਰਤਪੁਰ ਸਾਹਿਬ ਲਿਜਾ ਰਹੇ ਸਨ ਕਿ ਗੰਗੂਵਾਲ ਨੇੜੇ ਘੋੜਾ ਦਮ ਤੋੜ ਗਿਆ। ਜਿੱਥੇ ਸੁਹੇਲੇ ਘੋੜੇ ਨੇ ਦਮ ਤੋੜਿਆ ਸੀ, ਉਸ ਜਗ੍ਹਾ ਅੱਜਕੱਲ੍ਹ ਗੁਰਦੁਆਰਾ ਸੁਹੇਲਾ ਘੋੜਾ ਸਾਹਿਬ ਸੁਸ਼ੋਭਿਤ ਹੈ। ਘੋੜੇ ਦੇ ਸਰੀਰ ਵਿਚੋਂ ਭਾਰੀ ਮਾਤਰਾ ਵਿਚ ਗੋਲੀਆਂ ਅਤੇ ਤੀਰ ਨਿਕਲੇ ਸਨ। ਘੋੜੇ ਦਾ ਗੁਰੂ ਸਾਹਿਬ ਨੇ ਆਪਣੇ ਹੱਥੀਂ ਸੰਸਕਾਰ ਕੀਤਾ ਸੀ। ਗੁਰਦੁਆਰਾ ਚਰਨ ਕੰਵਲ ਸਾਹਿਬ ਦੇ ਨਾਮ 35 ਏਕੜ ਜ਼ਮੀਨ ਲੱਗੀ ਹੋਈ ਹੈ, ਪਹਿਲਾ ਇਸ ਗੁਰਦੁਆਰਾ ਸਾਹਿਬ ਨੂੰ 100 ਘੁਮਾਂ ਜ਼ਮੀਨ ਸੀ। ਗੁਰਦੁਆਰਾ ਸਾਹਿਬ ਦੇ ਖੱਬੇ ਹੱਥ ਬਹੁਤ ਹੀ ਸੁੰਦਰ ਸਰੋਵਰ ਬਣਿਆ ਹੋਇਆ ਹੈ, ਜਿਸਦੀ ਸੇਵਾ ਸਰਦਾਰ ਧੰਨਾ ਸਿੰਘ ਗੈਬਾ ਦੀ ਸਪੁੱਤਰੀ ਨੇ ਕਰਵਾਈ। ਇਸ ਪਾਵਨ ਸਰੋਵਰ ਵਿਚ ਸੰਗਤਾਂ ਇਸ਼ਨਾਨ ਕਰਕੇ ਆਪਣਾ ਜਨਮ ਸਫਲਾ ਕਰਦੀਆਂ ਹਨ। ਹਰ ਸਾਲ 21 ਹਾੜ ਨੂੰ ਇਸ ਅਸਥਾਨ 'ਤੇ ਬੜਾ ਭਾਰੀ ਜੋੜ ਮੇਲਾ ਵੀ ਲੱਗਦਾ ਹੈ, ਜਿੱਥੇ ਸੰਗਤਾਂ ਦੂਰੋਂ-ਨੇੜਿਉਂ ਆ ਕੇ ਹਾਜ਼ਰੀ ਭਰਦੀਆਂ ਹਨ।


# ਪ੍ਰਵੇਸ਼ ਸ਼ਰਮਾ ਦੀ ਸਵੈ-ਜੀਵਨੀ 'ਇਹ ਜ਼ਿੰਦਗੀ ਦਾ ਕਾਰਵਾਂ' : ਪ੍ਰੇਰਨਾ ਸ੍ਰੋਤ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਪ੍ਰਵੇਸ਼ ਸ਼ਰਮਾ ਪੰਜਾਬੀ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾਵਾਂ ਦਾ ਭਾਸ਼ਾਵਾਂ ਵਿਦਵਾਨ ਹੈ। ਇਸ ਤੋਂ ਇਲਾਵਾ ਉਹ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਦਾ ਵਿਅੰਗਕਾਰ ਲੇਖਕ ਹੈ। ਉਹ ਅਨੁਵਾਦਕ ਵੀ ਕਮਾਲ ਦਾ ਹੈ, ਉਸ ਦਾ ਕੀਤਾ ਅਨੁਵਾਦ ਮੌਲਿਕ ਰਚਨਾ ਹੀ ਹੁੰਦਾ ਹੈ। ਉਹ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰ ਵਿਭਾਗ ਦਾ ਸੇਵਾਮੁਕਤ ਸੀਨੀਅਰ ਅਧਿਕਾਰੀ ਹੈ। ਇਸ ਵਿਭਾਗ ਵਿਚ ਜਾਣ ਤੋਂ ਪਹਿਲਾਂ ਉਹ ਬੈਂਕ ਅਤੇ ਲੜਕੀਆਂ ਦੇ ਇੱਕ ਦਿਹਾਤੀ ਪ੍ਰਾਈਵੇਟ ਕਾਲਜ ਵਿਚ ਅੰਗਰੇਜ਼ੀ ਦਾ ਲੈਕਚਰਾਰ ਅਤੇ ਪ੍ਰਿੰਸੀਪਲ ਵੀ ਰਿਹਾ ਹੈ। ਉਸ ਦੀ ਸਵੈ-ਜੀਵਨੀ ਬੜੀ ਦਿਲਚਸਪ ਅਤੇ ਜ਼ਿੰਦਗੀ ਦੀ ਜੱਦੋ-ਜਹਿਦ ਦਾ ਦਸਤਾਵੇਜ਼ ਹੈ। ਐੱਮ.ਏ. ਕਰਕੇ ਬੇਰੋਜ਼ਗਾਰੀ ਦੀ ਮਾਰ ਤੋਂ ਬਚਣ ਲਈ ਚੌਕੀਦਾਰ ਦੀ ਨੌਕਰੀ ਲਈ ਵੀ ਅਰਜ਼ੀ ਦਿੰਦਾ ਹੈ ਪ੍ਰੰਤੂ ਉਥੇ ਵੀ ਨਮੋਸ਼ੀ ਮਿਲਦੀ ਹੈ। ਚਪੜਾਸੀ ਦੀ ਨੌਕਰੀ ਕਰਨ ਦਾ ਮੰਤਵ ਆਪਣੀ ਪੜ੍ਹਨ ਦੀ ਪ੍ਰਵਿਰਤੀ ਨੂੰ ਪੱਠੇ ਪਾਉਣ ਲਈ ਅਰਜ਼ੀ ਦਿੱਤੀ ਗਈ ਕਿਉਂਕਿ ਦਿਨ ਨੂੰ ਪੜ੍ਹਾਈ ਕਰਿਆ ਕਰੇਗਾ। ਕਮਾਲ ਦੀ ਸੋਚ ਹੈ ਪ੍ਰਵੇਸ਼ ਸ਼ਰਮਾ ਦੀ, ਉਸ ਦਾ ਭਾਵ ਇਸ ਛੋਟੀ ਨੌਕਰੀ ਦਾ ਮਹੱਤਵ ਵਧਾਉਣਾ ਸੀ, ਨੌਕਰੀ ਕੋਈ ਵੱਡੀ-ਛੋਟੀ ਨਹੀਂ ਹੁੰਦੀ, ਇਨਸਾਨ ਦੀ ਮਾਨਸਿਕਤਾ ਤੇ ਸੋਚ ਅਜਿਹੀ ਹੋ ਸਕਦੀ ਹੈ। ਭ੍ਰਿਸ਼ਟਾਚਾਰ ਦੀ ਪ੍ਰਵਿਰਤੀ ਦਾ ਪਾਜ ਐਡਹਾਕ ਬੈਂਕ ਦੀ ਨੌਕਰੀ ਲਈ ਮੈਨੇਜਰ ਨੂੰ ਇਕ ਮਹੀਨੇ ਦੀ ਤਨਖ਼ਾਹ ਦੇ ਕੇ ਉਘਾੜਿਆ ਹੈ। ਇਹ ਸਵੈ-ਜੀਵਨੀ ਆਮ ਸਵੈ-ਜੀਵਨੀਆਂ ਵਰਗੀ ਨਹੀਂ, ਸਗੋਂ ਵਿਲੱਖਣ ਕਿਸਮ ਦੀ ਹੈ। ਇਸ ਵਿਚ ਉਸ ਨੇ ਆਪਣੇ ਜੀਵਨ ਦੇ ਸਾਰੇ ਰੰਗਾਂ ਨੂੰ ਬਾਖ਼ੂਬੀ ਵਰਣਨ ਕੀਤਾ ਹੈ, ਕੋਈ ਵੀ ਰੰਗ ਫਿੱਕਾ ਨਹੀਂ ਪੈਣ ਦਿੱਤਾ। ਆਮ ਤੌਰ 'ਤੇ ਲੋਕ ਸਵੈ-ਜੀਵਨੀ ਲਿਖਣ ਲੱਗਿਆਂ ਸਿਰਫ ਆਪਣੀਆਂ ਪ੍ਰਾਪਤੀਆਂ ਦਾ ਹੀ ਜ਼ਿਕਰ ਕਰਦੇ ਹਨ ਪ੍ਰੰਤੂ ਪ੍ਰਵੇਸ਼ ਸ਼ਰਮਾ ਨੇ ਆਪਣੀਆਂ ਊਣਤਾਈਆਂ ਅਤੇ ਅਸਫਲਤਾਵਾਂ ਨੂੰ ਵੀ ਬੇਬਾਕੀ ਨਾਲ ਲਿਖਿਆ ਹੈ। ਉਸ ਨੇ ਆਪਣੀ ਕੋਈ ਵੀ ਗੱਲ ਲੁਕਾਈ ਨਹੀਂ, ਸਗੋਂ ਫਿਰ ਉਸ ਨੂੰ ਦਰੁੱਸਤ ਕਰਿਆ ਹੈ। ਪਾਠਕ ਇਕ ਵਾਰ ਪੜ੍ਹਨਾ ਸ਼ੁਰੂ ਕਰਕੇ ਪੂਰੀ ਸਵੈ-ਜੀਵਨੀ ਪੜ੍ਹਨ ਤੋਂ ਬਿਨਾ ਰਹਿ ਨਹੀਂ ਸਕਦੇ ਕਿਉਂਕਿ ਲਘੂ ਲੇਖਾਂ ਦੀ ਲੜੀ ਨਾਲ ਲੜੀ ਜੁੜਦੀ ਜਾਂਦੀ ਹੈ। ਹਰ ਚੈਪਟਰ ਇਕ ਦੂਜੇ ਤੋਂ ਵਧੇਰੇ ਦਿਲਚਸਪੀ ਵਾਲਾ ਹੁੰਦਾ ਹੈ। ਇਸ ਸਵੈ-ਜੀਵਨੀ ਵਿਚ ਉਸ ਨੇ ਪ੍ਰਾਇਮਰੀ ਸਕੂਲ ਤੋਂ ਲੈ ਜ਼ਿੰਦਗੀ ਵਿਚ ਵਿਚਰਦਿਆਂ ਹਰ ਮੌਕੇ ਆਪਣੇ ਰਾਹ ਵਿਚ ਆਈਆਂ ਵੰਗਾਰਾਂ ਦੇ ਦਿਲਚਸਪ ਪਹਿਲੂ ਲਿਖਦਿਆਂ ਕੋਈ ਝਿਜਕ ਮਹਿਸੂਸ ਨਹੀਂ ਕੀਤੀ। ਸਕੂਲ, ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਜਿਹੜੇ ਤਜ਼ਰਬੇ ਹਾਸਲ ਕੀਤੇ, ਉਹ ਲਾਜਵਾਬ ਹਨ। ਪ੍ਰਵੇਸ਼ ਐਨਾ ਭੋਲਾ ਸੀ ਕਿ ਯੂਨੀਵਰਸਿਟੀ ਦੀ ਜਮਾਤਣ ਨੂੰ ਭੈਣ ਜੀ ਕਹਿਕੇ ਸ਼ਰਮਿੰਦਾ ਹੋਣਾ ਪਿਆ। ਪ੍ਰਵੇਸ਼ ਦੀ ਸਵੈ-ਜੀਵਨੀ ਵਰਤਮਾਨ ਸਮੇਂ ਵਿਚ ਕੁੜੀਆਂ ਮੁੰਡਿਆਂ ਦੀ ਬੋਲਚਾਲ ਦੀ ਸ਼ਬਦਾਵਲੀ ਪੁਰਾਣੇ ਮਾਡਲਾਂ ਨੂੰ ਅਚੰਭਿਤ ਕਰਦੀ ਹੈ। ਰੈਗਿੰਗ ਦੀ ਪ੍ਰਵਿਰਤੀ ਨਵੇਂ ਪੜ੍ਹਾਕੂਆਂ ਲਈ ਆਫ਼ਤ ਬਣ ਜਾਂਦੀ ਹੈ ਪ੍ਰੰਤੂ ਪ੍ਰਵੇਸ਼ ਸ਼ਰਮਾ ਵਰਗਾ ਬੁੱਧੀਜੀਵੀ ਵਿਦਿਆਰਥੀ ਅਜਿਹੇ ਮੱਕੜਜਾਲ ਵਿਚੋਂ ਵੀ ਬਾਖ਼ੂਬੀ ਨਿਕਲ ਜਾਂਦਾ ਹੈ। ਦਫ਼ਤਰਾਂ ਦੀ ਕਾਰਗੁਜ਼ਾਰੀ, ਆਪਸੀ ਖਹਿਬਾਜ਼ੀ, ਚੁਸਕੀਆਂ, ਚੋਹਲ-ਮੋਹਲ, ਨੋਕ-ਝੋਕ ਅਤੇ ਦਫ਼ਤਰੀ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਵਿਵਹਾਰ ਦੇ ਆਪਸੀ ਸੰਬੰਧਾਂ ਨੂੰ ਬੜੇ ਸੁਚੱਜੇ ਦ੍ਰਿਸ਼ਟਾਂਤਿਕ ਢੰਗ ਨਾਲ ਲਿਖਿਆ ਗਿਆ ਹੈ। ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਪ੍ਰਵੇਸ਼ ਸ਼ਰਮਾ ਨਾਲ ਨਹੀਂ, ਸਗੋਂ ਤੁਹਾਡੇ ਨਾਲ ਵਾਪਰਦਾ, ਤੁਸੀਂ ਸਭ ਕੁਝ ਆਪ ਵੇਖ ਰਹੇ ਹੋ। ਦਫ਼ਤਰਾਂ ਵਿਚ ਸਦਭਾਵਨਾ ਦਾ ਮਾਹੌਲ ਬਣਾਉਣ ਅਤੇ ਦਫ਼ਤਰੀ ਕਾਰਜ਼ਕੁਸ਼ਲਤਾ ਨੂੰ ਸਹਿਜਤਾ ਨਾਲ ਵਧਾਉਣ ਲਈ ਕਿਹੜੇ ਢੰਗ ਵਰਤਣੇ ਚਾਹੀਦੇ ਹਨ, ਉਨ੍ਹਾਂ ਬਾਰੇ ਵੀ ਲਿਖਿਆ ਹੈ। ਇਹ ਵੀ ਪ੍ਰੇਰਨਾ ਮਿਲਦੀ ਹੈ ਕਿ ਜੇਕਰ ਅਸੀਂ ਸਾਥੀ ਮੁਲਾਜ਼ਮਾ ਦਾ ਸਤਿਕਾਰ ਕਰਾਂਗੇ, ਤਾਂ ਹੀ ਸਾਨੂੰ ਸਤਿਕਾਰ ਮਿਲੇਗਾ। ਇਕ ਹੋਰ ਗੱਲ ਬਾਕੀ ਜੀਵਨੀਆਂ ਨਾਲੋਂ ਇਹ ਵੱਖਰੀ ਹੈ ਕਿ ਪ੍ਰਵੇਸ਼ ਸ਼ਰਮਾ ਦਾ ਜਿਹੜੇ ਵੀ ਵਿਅਕਤੀਆਂ ਨਾਲ ਵਾਹ ਪਿਆ ਹੈ, ਉਨ੍ਹਾਂ ਦੇ ਰੇਖਾ ਚਿੱਤਰ ਲਿਖਕੇ, ਉਨ੍ਹਾਂ ਤੋਂ ਕੁਝ ਸਿੱਖਣ ਅਤੇ ਕੁਝ ਗ਼ਲਤੀਆਂ ਦੂਰ ਕਰਨ ਦਾ ਉਤਸ਼ਾਹ ਮਿਲੇਗਾ। ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਇਹ ਰੇਖਾ ਚਿੱਤਰ ਲਿਖਦਿਆਂ ਮਹਿਸੂਸ ਕੀਤਾ ਹੋਵੇਗਾ ਕਿ ਇਨ੍ਹਾਂ ਨੂੰ ਪੜ੍ਹਕੇ ਪਾਠਕ ਆਪੋ-ਆਪਣੇ ਵਿਵਹਾਰ ਵਿਚ ਤਬਦੀਲੀ ਲਿਆ ਸਕਣਗੇ। ਹੋ ਸਕਦਾ ਉਨ੍ਹਾਂ ਅਚੇਤ ਮਨ ਹੀ ਅਜਿਹੇ ਰੇਖਾ ਚਿੱਤਰ ਲਿਖੇ ਹੋਣ, ਪਰ ਗੱਲਾਂ ਸੱਚੀਆਂ ਤੇ ਖ਼ਰੀਆਂ ਹਨ। ਪ੍ਰਵੇਸ਼ ਸ਼ਰਮਾ ਦੇ ਪਿਤਾ ਦੀ ਹਰ ਤੀਜੇ ਦਿਨ ਬਦਲੀ ਇਮਾਨਦਾਰ ਮੁਲਾਜ਼ਮਾਂ ਦੀ ਤ੍ਰਾਸਦੀ ਬਾਰੇ ਜਾਣਕਾਰੀ ਦਾ ਪ੍ਰਗਟਾਵਾ ਕਰਦੀ ਹੈ। ਸਕੂਲਾਂ ਵਿਚ ਨਕਲ ਦੀ ਪ੍ਰਵਿਰਤੀ ਦਾ ਵੀ ਪਾਜ ਖੋਲ੍ਹਿਆ ਹੈ। ਭਾਗਵੰਤੀ ਪਟਵਾਰਨ ਅਤੇ ਗੌਰਾਂ ਦੇ ਟਿਪੀਕਲ ਕਿਰਦਾਰ ਪੁਰਾਣੇ ਸਮੇਂ ਵਿਚ ਦਿਹਾਤੀ ਇਸਤਰੀਆਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਮਮਤਾ ਦੇ ਇਸ਼ਕ ਦੀ ਦਲੇਰੀ ਦਾ ਮਿਰਜ਼ਾ ਸਾਹਿਬਾਂ ਦੇ ਇਸ਼ਕ ਨਾਲ ਤੁਲਨਾ ਕਰਕੇ ਪ੍ਰਵੇਸ਼ ਸ਼ਰਮਾ ਨੇ ਮਮਤਾ ਦੇ ਕਰੈਕਟਰ ਨੂੰ ਚਮਕਾ ਦਿੱਤਾ ਹੈ। ਖ਼ਚਰਾ ਬੁੜ੍ਹਾ ਪਿੰਡਾਂ ਦੀਆਂ ਸੱਥਾਂ ਵਿਚ ਬੈਠੇ ਬਜ਼ੁਰਗਾਂ ਦਾ ਇਕ ਪਾਤਰ ਹੈ। 'ਮੁਹੱਬਤ ਦਾ ਕਲ-ਕਲ ਵਹਿੰਦਾ ਚਸ਼ਮਾ-ਸ਼ਤੀਸ਼' ਵਿਚ ਪ੍ਰਵੇਸ਼ ਸ਼ਰਮਾ ਨੇ ਦੋਸਤੀ ਦੇ ਸਹੀ ਅਰਥ ਲਿਖ ਦਿੱਤੇ ਹਨ। ਸਤ ਨਰਾਇਣ ਦੀ ਕਥਾ ਕਰਵਾਉਣ ਵਾਲੀ ਗੱਲ ਬਾਕਮਾਲ ਢੰਗ ਨਾਲ ਲਿਖੀ ਹੈ। ਹੋਸਟਲ ਦੀ ਜ਼ਿੰਦਗੀ ਅਤੇ ਮਹਿੰਦਰ ਸਿੰਘ ਵਰਗੇ ਦੋਸਤਾਂ ਦਾ ਵਰ੍ਹਿਆਂ ਬਾਅਦ ਆ ਕੇ ਅਚਾਨਕ ਮਿਲਣ ਦਾ ਮਾਣ ਦੋਸਤੀ ਨੂੰ ਹੋਰ ਪੀਢੀ ਕਰਦਾ ਹੈ। ਸਿਰਲੇਖ ਵੇਖਦਿਆਂ ਹੀ ਪੜ੍ਹਨ ਦੀ ਦਿਲਚਸਪੀ ਪੈਦਾ ਕਰਨ ਦਾ ਵਲ ਸ਼ਰਮਾ ਜੀ ਕੋਲ ਬਾਖ਼ੂਬੀ ਹੈ। ਕੱਚ ਦਾ ਜ਼ੇਵਰ ਗੱਲ ਤਾਂ ਨਿਗਾਹ ਕਮਜ਼ੋਰ ਹੋਣ ਤੋਂ ਬਾਅਦ ਐਨਕ ਲਗਾਉਣ ਦੀ ਹੈ, ਪ੍ਰੰਤੂ ਸਿਰਲੇਖ ਪਾਠਕ ਨੂੰ ਪੁਸਤਕ ਪੜ੍ਹਨ ਲਈ ਮਜ਼ਬੂਰ ਕਰ ਦਿੰਦਾ ਹੈ। ਭ੍ਰਿਸ਼ਟ ਲੋਕਾਂ ਨੂੰ ਸੀ.ਬੀ.ਆਈ. ਦਾ ਨਾਮ ਹੀ ਡਰਾ ਦਿੰਦਾ ਹੈ। ਇਸ ਸਵੈ-ਜੀਵਨੀ ਦਾ ਲਗਪਗ ਸਾਰੇ ਹੀ ਪਾਤਰ ਬਹੁਤ ਹੀ ਦਿਲਚਸਪ ਅਤੇ ਆਪੋ ਆਪਣੇ ਖੇਤਰਾਂ ਦੀ ਪ੍ਰਤੀਨਿਧਤਾ ਕਰਦੇ ਹਨ। ਪ੍ਰਵੇਸ਼ ਸ਼ਰਮਾ ਨੂੰ ਨੌਕਰੀ ਦੌਰਾਨ ਮੀਡੀਆ ਨਾਲ ਸੰਬੰਧਤ ਕੰਮ ਵੀ ਕਰਨਾ ਪਿਆ। ਹਾਲਾਂਕਿ ਉਹ ਆਪ ਆਲ ਇੰਡੀਆ ਰੇਡੀਓ ਦਾ ਪ੍ਰਤੀਨਿਧ ਰਿਹਾ ਹੈ, ਇਸ ਕਰਕੇ ਉਸ ਨੂੰ ਮੀਡੀਆ ਦੇ ਕੰਮ ਦੀ ਪੂਰੀ ਜਾਣਕਾਰੀ ਸੀ ਪ੍ਰੰਤੂ ਉਸ ਦੇ ਲੇਖ ਪੜ੍ਹਨ ਤੋਂ ਆਮ ਪਾਠਕ ਨੂੰ ਪਤਾ ਲੱਗਦਾ ਹੈ ਕਿ ਮੀਡੀਆ ਦਾ ਕੰਮ ਜ਼ੋਖ਼ਮ ਭਰਿਆ ਹੈ ਕਿਉਂਕਿ ਮੀਡੀਆ ਕਰਮੀ ਆਪਣੇ ਆਪ ਨੂੰ ਆਮ ਪਰਜਾ ਤੋਂ ਉਤਮ ਸਮਝਦੇ ਹਨ। ਮੈਨੂੰ ਪ੍ਰਵੇਸ਼ ਸ਼ਰਮਾ ਦੀ ਇਹ ਸਾਹਿਤਕ ਸਵੈ-ਜੀਵਨ ਲਗਦੀ ਹੈ ਕਿਉਂਕਿ ਉਸ ਦੀ ਸ਼ਬਦਾਵਲੀ ਨੇ ਸਾਹਿਤਕ ਪਿਉਂਦ ਦਿੱਤੀ ਹੋਈ ਹੈ।




## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

**e-Baba Entertainment App ਨੂੰ Download ਕਰੋ।**




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਕੰਮਕਾਜੀ ਔਰਤਾਂ ਕਿਉਂ ਛੱਡ ਰਹੀਆਂ ਹਨ ਨੌਕਰੀਆਂ?





ਗੁਰਮੀਤ ਪਲਾਹੀ
# ਮੋਬਾਈਲ : 98158-02070
E-mail : gurmitpalahi@yahoo.com
(Punjab Mail USA


ਕੰਮਕਾਜੀ ਔਰਤਾਂ ਸਬੰਧੀ ਛਪੇ ਇੱਕ ਸਰਵੇਖਣ ਅਨੁਸਾਰ 131 ਦੇਸ਼ਾਂ ਦੀ ਸੂਚੀ ਵਿਚ ਭਾਰਤ ਦੀ ਕੰਮਕਾਜੀ ਔਰਤਾਂ ਦੀ ਭਾਗੀਦਾਰੀ 'ਚ 120ਵੀਂ ਥਾਂ ਹੈ। ਬਹੁਤ ਸਾਰੀਆਂ ਕੰਮਕਾਜੀ ਔਰਤਾਂ ਨੌਕਰੀਆਂ ਛੱਡ ਰਹੀਆਂ ਹਨ। ਵਿਚਕਾਰਲੀਆਂ ਪ੍ਰਬੰਧਨ ਨੌਕਰੀਆਂ ਨੂੰ ਤਿਲਾਂਜ਼ਲੀ ਦੇਣ ਵਾਲੀਆਂ ਔਰਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਾਂ ਜ਼ਿਆਦਾ ਹੈ।

ਪੁਰਸ਼ ਪ੍ਰਧਾਨ ਭਾਰਤੀ ਸਮਾਜ 'ਚ ਔਰਤਾਂ ਦੀ ਸਖ਼ਸ਼ੀ ਆਜ਼ਾਦੀ ਦਾ ਪਹੀਆ ਉਲਟਾ ਘੁੰਮ ਰਿਹਾ ਹੈ। ਪੁਰਸ਼ਾਂ ਦੀ ਜਕੜ ਹੋਰ ਪੱਕੀ-ਪੀਡੀ ਹੋ ਰਹੀ ਹੈ। ਸਾਲ 2005 ਵਿਚ ਔਰਤਾਂ ਦੀ ਨੌਕਰੀਆਂ 'ਚ ਹਿੱਸੇਦਾਰੀ 27 ਫ਼ੀਸਦੀ ਸੀ, ਜਿਹੜੀ ਡਿੱਗਕੇ ਹੁਣ 23 ਫ਼ੀਸਦੀ ਰਹਿ ਗਈ ਹੈ, ਜਦਕਿ ਔਰਤਾਂ ਪੜ੍ਹਾਈ ਦੇ ਖੇਤਰ 'ਚ ਲਗਾਤਾਰ ਅੱਗੇ ਵੱਧ ਰਹੀਆਂ ਹਨ, ਵੱਡੀਆਂ ਡਿਗਰੀਆਂ ਪ੍ਰਾਪਤ ਕਰ ਰਹੀਆਂ ਹਨ, ਨੌਕਰੀਆਂ ਲਈ ਮੁਕਾਬਲੇ ਦੇ ਇਮਤਿਹਾਨਾਂ 'ਚ ਮੋਹਰੀ ਥਾਂ ਬਣਾ ਰਹੀਆਂ ਹਨ।

ਮੱਧ ਵਰਗੀ ਕੰਮਕਾਜੀ ਔਰਤਾਂ ਦੇ ਨੌਕਰੀ ਛੱਡਣ ਦੇ ਬੁਨਿਆਦੀ ਕਾਰਨਾਂ 'ਚ ਸਭ ਤੋਂ ਪ੍ਰਮੁੱਖ ਇਹ ਹੈ ਕਿ ਦੇਸ਼ ਵਿਚ ਮਾਹਰ ਮਰਦਾਂ ਅਤੇ ਔਰਤਾਂ 'ਚ ਬਰਾਬਰ ਦੀ ਕੁਸ਼ਲਤਾ ਹੋਣ 'ਤੇ ਵੀ ਉਨ੍ਹਾਂ ਨੂੰ ਬਰਾਬਰ ਦੀ ਤਨਖਾਹ ਨਹੀਂ ਮਿਲਦੀ। ਜਾਂ ਉਨ੍ਹਾਂ ਨੂੰ ਨੌਕਰੀਆਂ 'ਚ ਬਰਾਬਰ ਦੇ ਮੌਕੇ ਨਹੀਂ ਮਿਲਦੇ ਅਤੇ ਨਾ ਹੀ ਬਰਾਬਰ ਦੀਆਂ ਤਰੱਕੀਆਂ ਮਿਲਦੀਆਂ ਹਨ। ਦੂਜਾ ਯੌਨ ਹਿੰਸਾ ਦਾ ਜ਼ੋਖਮ ਹੈ, ਜਿਸ 'ਚ ਦੇਸ਼ ਭਾਰਤ ਮੋਹਰੀ ਦੇਸ਼ਾਂ ਵਿਚੋਂ ਇੱਕ ਹੈ। ਲਿੰਗਕ ਨਾ ਬਰਾਬਰੀ ਵਾਲਾ ਪੁਰਸ਼ ਪ੍ਰਧਾਨ ਭਾਰਤੀ ਸਮਾਜ ਚਾਹੁੰਦਾ ਹੈ ਕਿ ਔਰਤਾਂ ਘਰ 'ਚ ਰਹਿਣ। ਉਨ੍ਹਾਂ ਦਾ ਮੁੱਖ ਕੰਮ ਘਰ ਦੀ ਚਾਰਦੀਵਾਰੀ ਅੰਦਰ ਹੈ। ਰੰਗੜਊ ਮਰਦ ਚਾਹੁੰਦੇ ਹਨ ਕਿ ਔਰਤਾਂ ਰਸੋਈ 'ਚ ਕੰਮ ਕਰਨ, ਬੱਚਿਆਂ ਦੀ ਦੇਖਭਾਲ ਕਰਨ ਅਤੇ ਸਿਰਫ਼ ਕੰਮ ਚਲਾਊ ਸਿੱਖਿਆ ਹੀ ਹਾਸਲ ਕਰਨ।

ਭਾਵੇਂ ਕਿ ਸੰਯੁਕਤ ਰਾਸ਼ਟਰ ਮਰਦਾਂ, ਔਰਤਾਂ ਦੀ ਬਰਾਬਰੀ ਦੀ ਗੱਲ ਕਰਦਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਵਿਸ਼ਵ ਭਰ 'ਚ 2.7 ਅਰਬ ਲੋਕਾਂ ਤੋਂ ਵੀ ਵੱਧ ਔਰਤਾਂ ਕਾਨੂੰਨੀ ਰੂਪ ਵਿਚ ਪੁਰਸ਼ਾਂ ਦੇ ਬਰਾਬਰ ਨੌਕਰੀਆਂ ਦੀ ਚੋਣ ਤੋਂ ਬਾਹਰ ਹਨ। ਬਹੁਤ ਸਾਰੇ ਦੇਸ਼ ਦੁਨੀਆਂ ਭਰ 'ਚ ਇਹੋ ਜਿਹੇ ਹਨ, ਜਿਥੇ ਔਰਤਾਂ ਨੂੰ ਨੌਕਰੀਆਂ ਕਰਨ 'ਤੇ ਪਾਬੰਦੀ ਹੈ। ਇਥੇ ਹੀ ਬੱਸ ਨਹੀਂ, ਦੁਨੀਆਂ 'ਚ 59 ਦੇਸ਼ ਇਹੋ ਜਿਹੇ ਹਨ, ਜਿਥੇ ਯੌਨ ਉਤਪੀੜਨ ਸਬੰਧੀ ਕੋਈ ਕਾਨੂੰਨ ਹੀ ਨਹੀਂ ਹੈ। ਵਿਸ਼ਵ ਪੱਧਰ 'ਤੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਤਨਖਾਹ ਨਹੀਂ ਮਿਲਦੀ। 40 ਫ਼ੀਸਦੀ ਔਰਤਾਂ ਇਹੋ ਜਿਹੀਆਂ ਹਨ, ਜਿਨ੍ਹਾਂ ਨੂੰ ਸਮਾਜਿਕ ਸੁਰੱਖਿਆ ਨਹੀਂ ਹੈ। ਦੁਨੀਆਂ ਭਰ 'ਚ ਸਿਰਫ਼ 58 ਫ਼ੀਸਦੀ ਔਰਤਾਂ ਦੀ ਹੀ ਬੈਂਕਾਂ ਆਦਿ ਤੱਕ ਪਹੁੰਚ ਹੈ। ਕੰਮਕਾਜੀ ਦੁਨੀਆਂ 'ਚ ਛੋਟੀਆਂ, ਵੱਡੀਆਂ, ਬਜ਼ੁਰਗ, ਪੜ੍ਹੀਆਂ, ਲਿਖੀਆਂ, ਅਨਪੜ੍ਹ ਹਰ ਵਰਗ ਦੀਆਂ ਔਰਤਾਂ ਦਾ ਕੰਮਾਂ ਦੀ ਥਾਂ ਤੇ ਸੋਸ਼ਣ ਅਤੇ ਕਈ ਹਾਲਤਾਂ 'ਚ ਯੌਨ ਸੋਸ਼ਣ ਹੁੰਦਾ ਹੈ।

ਅੰਤਰਰਾਸ਼ਟਰੀ ਲੇਬਰ ਸੰਗਠਨ ਦੀ ਇੱਕ ਰਿਪੋਰਟ ਪੜ੍ਹਨ ਵਾਲੀ ਹੈ। ਇਹ ਦਰਸਾਉਂਦੀ ਹੈ ਕਿ ਦੁਨੀਆਂ ਦੇ 64 ਦੇਸ਼ਾਂ ਦੀਆਂ ਸਾਰੀਆਂ ਔਰਤਾਂ ਰੋਜ਼ਾਨਾ 1640 ਕਰੋੜ ਘੰਟੇ ਬਿਨ੍ਹਾਂ ਉਜਰਤ ਕੰਮ ਕਰਦੀਆਂ ਹਨ। ਦੁਨੀਆਂ ਦੀਆਂ 25.8 ਕਰੋੜ ਪ੍ਰਵਾਸੀਆਂ ਵਿਚੋਂ ਲਗਭਗ 50 ਫ਼ੀਸਦੀ ਕੰਮਕਾਜੀ ਔਰਤਾਂ ਹਨ, ਜੋ ਆਪਣੇ ਦੇਸ਼ਾਂ ਤੋਂ ਬਾਹਰ ਰਹਿੰਦੀਆਂ ਹਨ। ਇਨ੍ਹਾਂ ਔਰਤਾਂ ਨੂੰ ਬਿਹਤਰ ਰੁਜ਼ਗਾਰ ਪ੍ਰਾਪਤੀ ਲਈ, ਰੂੜੀਵਾਦੀ ਸੋਚ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਨ੍ਹਾਂ ਦੀ ਨੌਕਰੀਆਂ 'ਚ ਚੋਣ ਅਤੇ ਅੱਗੋਂ ਕੰਮ ਕਰਨ 'ਚ ਇਹ ਸੋਚ ਰੁਕਾਵਟ ਬਣਦੀ ਹੈ।

ਪ੍ਰਾਪਤ ਜਾਣਕਾਰੀਆਂ, ਸਰਵੇ, ਰਿਪੋਰਟਾਂ ਦੱਸਦੀਆਂ ਹਨ ਕਿ ਭਾਰਤ ਵਿਚ ਕੰਮਕਾਜ 'ਚ ਔਰਤਾਂ ਦੀ ਹਿੱਸੇਦਾਰੀ ਵਿਚ ਲਗਾਤਾਰ ਗਿਰਾਵਟ ਆ ਰਹੀ ਹੈ। ਇਸਦਾ ਮੁੱਖ ਕਾਰਨ ਅਰਥ ਵਿਵਸਥਾ ਦੇ ਸੰਕਟ ਨਾਲ ਜੁੜਿਆ ਹੋਇਆ ਹੈ, ਕਿਉਂਕਿ ਵੱਡੀ ਗਿਣਤੀ ਔਰਤਾਂ ਕੋਲ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਕੰਮ ਹੀ ਕੋਈ ਨਹੀਂ ਅਤੇ ਉਨ੍ਹਾਂ ਦੀ ਕੰਮ-ਸ਼ਕਤੀ ਅਜਾਈਂ ਜਾ ਰਹੀ ਹੈ।

ਇਸੇ ਤਰ੍ਹਾਂ ਘਰੇਲੂ ਦਬਾਅ ਕਾਰਨ ਨੌਕਰੀਪੇਸ਼ਾ ਭਾਰਤੀ ਔਰਤਾਂ ਹਰ ਸਮੇਂ ਮਾਨਸਿਕ ਅਤੇ ਸਰੀਰਕ ਰੂਪ 'ਚ ਥੱਕੀਆਂ ਮਹਿਸੂਸ ਕਰਦੀਆਂ ਹਨ। ਭਾਰਤੀ ਔਰਤਾਂ ਉਤੇ ਘਰੇਲੂ ਜ਼ਿੰਮੇਵਾਰੀਆਂ ਦਾ ਭਾਰੀ ਬੋਝ ਰਹਿੰਦਾ ਹੈ। ਸਹੁਰੇ ਘਰਾਂ 'ਚ ਨਿਵਾਸ ਕਰਦੀਆਂ ਸਾਂਝੇ ਪਰਿਵਾਰ 'ਚ ਰਹਿੰਦੀਆਂ ਕੰਮਕਾਜੀ ਔਰਤਾਂ ਉਤੇ ਤਾਂ ਮਾਨਸਿਕ ਦਬਾਅ ਹੋਰ ਵੀ ਵਧਿਆ ਰਹਿੰਦਾ ਹੈ। ਵੇਖਣ ਵਿਚ ਤਾਂ ਇਹ ਵੀ ਆਉਂਦਾ ਹੈ ਕਿ ਰੂੜੀਵਾਦੀ ਸੋਚ ਵਾਲੇ ਲੋਕ ਔਰਤਾਂ ਨੂੰ ਨੌਕਰੀ ਕਰਨ ਦੇ ਹੱਕ 'ਚ ਨਹੀਂ ਰਹਿੰਦੇ। ਭਾਰਤ ਵਿਚ ਪਿਛਲੇ ਇੱਕ ਦਹਾਕੇ 'ਚ 1096 ਕਰੋੜ ਔਰਤਾਂ ਨੇ ਨੌਕਰੀਆਂ ਗੁਆਈਆਂ ਜਾਂ ਛੱਡੀਆਂ ਹਨ। ਇੰਜੀਨੀਅਰਿੰਗ ਤੇ ਮੈਡੀਕਲ ਖੇਤਰਾਂ 'ਚ ਔਰਤਾਂ ਦਾ 30 ਤੋਂ 45 ਫੀਸਦੀ ਤੱਕ, ਆਈ.ਆਈ.ਟੀ. ਖੇਤਰ 'ਚ ਪ੍ਰਵੇਸ਼ ਸਮੇਂ 20.8 ਫ਼ੀਸਦੀ ਅੱਛਾ ਖਾਸਾ ਪ੍ਰੀਖਿਆ ਯੋਗਤਾ ਪਾਸ ਕਰਨ 'ਚ ਹਿੱਸੇਦਾਰੀ ਹੁੰਦੀ ਹੈ ਪਰ ਨੌਕਰੀ ਵੇਲੇ ਤਾਂ ਆਈ.ਆਈ.ਟੀ. ਹਿੱਸੇਦਾਰੀ 8 ਤੋਂ 9 ਫ਼ੀਸਦੀ ਹੀ ਰਹਿ ਜਾਂਦੀ ਹੈ। ਅਸਲ 'ਚ ਵਿਆਹ ਵੇਲੇ ਮਰਦ ਸ਼ਰਤ ਹੀ ਇਹ ਲਾਉਂਦੇ ਹਨ ਕਿ ਉਨ੍ਹਾਂ ਦੀ ਘਰਵਾਲੀ ਨੌਕਰੀ ਨਹੀਂ ਕਰੇਗੀ।

ਅੱਜ ਔਰਤਾਂ ਉਦਯੋਗ, ਪ੍ਰਸ਼ਾਸਨ, ਰਾਜਨੀਤੀ ਆਦਿ ਸਭ ਥਾਈਂ ਕੰਮ ਕਰਦੀਆਂ ਹਨ। ਨੌਕਰੀਆਂ ਕਾਰਨ ਜਦੋਂ ਕਿ ਇੱਕ ਪਾਸੇ ਉਨ੍ਹਾਂ ਹਾਲਾਤਾਂ ਵਿਚ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਵਧ ਰਹੀਆਂ ਹਨ। ਕਿਉਂਕਿ ਨੌਕਰੀਆਂ ਕਾਰਨ ਔਰਤਾਂ ਨੂੰ ਘਰੋਂ ਬਾਹਰ ਰਹਿਣਾ ਪੈਂਦਾ ਹੈ। ਸਿੱਟੇ ਵਜੋਂ ਉਸ ਉਤੇ ਮਾਨਸਿਕ ਅਤੇ ਸਰੀਰਕ ਬੋਝ ਵਧਦਾ ਹੈ। ਕਈ ਹਾਲਤਾਂ ਵਿਚ ਜਦੋਂ ਉਨ੍ਹਾਂ 'ਤੇ ਨੌਕਰੀ ਦਾ ਭਾਰ ਵਧਦਾ ਹੈ, ਤਾਂ ਪਰਿਵਾਰਕ ਸਥਿਤੀ ਡਾਵਾਂਡੋਲ ਹੁੰਦੀ ਹੈ। ਵੱਡੀ ਗਿਣਤੀ ਔਰਤਾਂ ਦਾ ਨੌਕਰੀ ਆਪਣੀ ਆਜ਼ਾਦੀ ਅਤੇ ਚੰਗੀ ਪਛਾਣ ਲਈ ਵੀ ਨੌਕਰੀ ਕਰਦੀਆਂ ਹਨ। ਪਰ ਕੰਮ ਦੀਆਂ ਥਾਵਾਂ ਉਤੇ ਉਹ ਯੌਨ ਸੋਸ਼ਣ, ਲਿੰਗ ਭੇਦਭਾਵ ਅਤੇ ਅਸੁਰੱਖਿਆ ਉਨ੍ਹਾਂ ਲਈ ਨੌਕਰੀ ਲਈ ਰੁਕਾਵਟ ਬਣਦੀ ਹੈ। ਜਿਸ ਨਾਲ ਉਨ੍ਹਾਂ ਦਾ ਮਨੋਬਲ ਡਿੱਗਦਾ ਹੈ ਅਤੇ ਉਹ ਘਰ ਬੈਠਣ ਲਈ ਮਜਬੂਰ ਹੋ ਜਾਂਦੀਆਂ ਹਨ।

ਇਸ ਸਥਿਤੀ ਦੇ ਮੱਦੇਨਜ਼ਰ ਕੰਮਕਾਜੀ ਔਰਤਾਂ ਪ੍ਰਤੀ ਭਾਰਤ ਵਿਚ ਕੁਝ ਤੱਥ ਗੰਭੀਰ ਧਿਆਨ ਦੀ ਮੰਗ ਕਰਦੇ ਹਨ:-

1. ਭਾਰਤ ਵਿਚ 66 ਫ਼ੀਸਦੀ ਤੋਂ ਜ਼ਿਆਦਾ ਨੌਜਵਾਨ ਔਰਤਾਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ।
2. ਭਾਰਤ ਦੀਆਂ ਕੁੱਲ ਕੰਮਕਾਜੀ ਔਰਤਾਂ ਵਿਚ 63 ਫ਼ੀਸਦੀ ਖੇਤੀ ਦੇ ਕੰਮਾਂ 'ਚ ਲੱਗੀਆਂ ਹਨ।
3. ਭਾਰਤੀ ਔਰਤਾਂ ਦੀ ਲੇਬਰ ਦੇ ਕੰਮਾਂ 'ਚ ਭਾਗੀਦਾਰੀ 2005 ਵਿਚ 32 ਫ਼ੀਸਦੀ ਸੀ ਅਤੇ 2021 'ਚ ਇਹ 19 ਫ਼ੀਸਦੀ ਰਹਿ ਗਈ। ਭਾਵ ਪਿਛਲੇ ਦੋ ਦਹਾਕਿਆਂ 'ਚ ਇਹ ਕਾਫੀ ਘੱਟ ਗਈ।
4. ਵੱਡੀ ਗਿਣਤੀ ਭਾਰਤੀ ਔਰਤਾਂ ਨੂੰ ਕੰਮ ਬਦਲੇ ਕੋਈ ਮਜ਼ਦੂਰੀ ਨਹੀਂ ਮਿਲਦੀ। ਇਸ ਕੰਮ ਵਿਚ ਘਰੇਲੂ ਕੰਮ, ਬਾਲਣ ਇਕੱਠਾ ਕਰਨਾ, ਪਰਿਵਾਰ 'ਚ ਖੇਤੀਬਾੜੀ ਦੇ ਕੰਮ 'ਚ ਹੱਥ ਵਟਾਉਣਾ ਆਦਿ ਸ਼ਾਮਲ ਹੈ।

ਭਾਰਤ ਦੀ ਕੁੱਲ ਆਬਾਦੀ 140 ਕਰੋੜ ਪਹੁੰਚ ਚੁੱਕੀ ਹੈ ਅਤੇ ਇਸ ਵਿਚ ਔਰਤਾਂ ਦੀ ਗਿਣਤੀ 49 ਫ਼ੀਸਦੀ ਹੈ। ਇਹ ਭਾਰਤ ਲਈ ਵੱਡਾ ਚੈਲਿੰਜ ਹੈ ਕਿ ਭਾਰਤ ਦੀਆਂ ਔਰਤਾਂ ਲਈ ਕੰਮ ਦੇ ਵੱਧ ਤੋਂ ਵੱਧ ਮੌਕੇ ਨਹੀਂ ਮਿਲਦੇ। ਕੰਮ ਦੇ ਸਥਾਨ 'ਤੇ ਸੁਖਾਵਾਂ ਮਾਹੌਲ ਨਹੀਂ ਮਿਲਦਾ। ਇੱਕ ਸਰਵੇ ਅਨੁਸਾਰ ਅਨੁਸੂਚਿਤ ਜਾਤਾਂ ਜਾਂ ਪਿੱਛੜੇ ਵਰਗਾਂ ਨਾਲ ਸਬੰਧਤ ਔਰਤਾਂ ਦੀ ਹਾਲਤ ਤਾਂ ਬਹੁਤ ਹੀ ਨਿਰਾਸ਼ਾਜਨਕ ਹੈ। ਇਹ ਔਰਤਾਂ ਤਾਂ ਘਰ ਦੀ ਚਾਰਦੀਵਾਰੀ ਤੱਕ ਸੀਮਤ ਕਰਕੇ ਰੱਖ ਦਿੱਤੀਆਂ ਗਈਆਂ ਹਨ। ਉਂਜ ਵੀ ਪੜ੍ਹਾਈ ਕਰਨ ਤੋਂ ਬਾਅਦ ਵੱਡੀ ਗਿਣਤੀ ਔਰਤਾਂ ਘਰੇਲੂ ਕਾਰਨਾਂ ਅਤੇ ਵਧਦੀ ਬੇਰੁਜ਼ਗਾਰੀ ਦੀਆਂ ਸ਼ਿਕਾਰ ਨੌਕਰੀਆਂ ਤੋਂ ਵਾਂਝੀਆਂ ਰਹਿੰਦੀਆਂ ਹਨ।

ਵਿਸ਼ਵ ਪੱਧਰ 'ਤੇ ਲਗਭਗ ਇੱਕ ਤਿਹਾਈ ਔਰਤਾਂ ਦਾ ਮੁੱਖ ਰੁਜ਼ਗਾਰ ਖੇਤੀਬਾੜੀ ਹੈ, ਇਨ੍ਹਾਂ ਵਿਚ ਮੱਛੀ ਫੜਨ ਵਾਲੀਆਂ ਔਰਤਾਂ ਵੀ ਹਨ। ਪਰ ਹੈਰਾਨੀ ਵਾਲੀ ਗੱਲ ਹੈ ਕਿ 12.8 ਫ਼ੀਸਦੀ ਕਿਸਾਨ ਔਰਤਾਂ ਦੀ ਹੀ ਜ਼ਮੀਨ ਉਤੇ ਮਾਲਕੀ ਹੈ। ਭਾਰਤ ਵਿਚ 63 ਫ਼ੀਸਦੀ ਔਰਤਾਂ ਖੇਤੀਬਾੜੀ ਦੇ ਕੰਮ 'ਚ ਲੱਗੀਆਂ ਹਨ, ਜਦਕਿ ਹੋਰ ਖੇਤਰਾਂ 'ਚ ਔਰਤਾਂ ਦੀ ਰੁਜ਼ਗਾਰਤ ਭਾਗੀਦਾਰੀ 11.2 ਫ਼ੀਸਦੀ ਹੈ। ਅਸਲ ਅਰਥਾਂ 'ਚ ਇਹ ਗਿਣਤੀ ਪ੍ਰਤੀਸ਼ਤ ਬਹੁਤ ਹੀ ਘੱਟ ਹੈ। ਭਾਰਤ 'ਚ ਸਮਾਜਿਕ ਅਵਸਥਾ ਦੇ ਮੱਦੇਨਜ਼ਰ ਔਰਤਾਂ ਦੇ ਉਂਜ ਵੀ ਹਾਲਤ ਮਾੜੇ ਹਨ। ਨਾ-ਬਰਾਬਰੀ ਇਸਦਾ ਵੱਡਾ ਕਾਰਨ ਹੈ। ਸਦੀਆਂ ਤੋਂ ਉਹਨਾ ਨਾਲ ਹੁੰਦਾ ਵਿਤਕਰਾ ਅਤੇ ਵਰਤਾਓ, ਉਨ੍ਹਾਂ ਦੇ ਪੜ੍ਹਨ, ਲਿਖਣ, ਰੁਜ਼ਗਾਰਤ ਹੋਣ 'ਚ ਵੱਡੀ ਰੁਕਾਵਟ ਬਣਦਾ ਹੈ।

ਪਰ ਭਾਰਤ ਦੀ ਅਰਥ ਵਿਵਸਥਾ ਨੂੰ ਥਾਂ ਸਿਰ ਕਰਨ ਲਈ ਔਰਤਾਂ ਦੀ ਸ਼ਕਤੀ ਵਰਤਣ ਦੀ ਲੋੜ ਇੱਕ ਸਾਲਾਨਾ ਸਰਵੇ 'ਚ ਦਰਸਾਈ ਗਈ ਹੈ, ਜਿਸ ਅਨੁਸਾਰ 6.8 ਕਰੋੜ ਹੋਰ ਕੰਮਕਾਜੀ ਔਰਤਾਂ ਦੀ ਜ਼ਰੂਰਤ ਪੈ ਸਕਦੀ ਹੈ। ਜੇਕਰ ਔਰਤਾਂ ਨੂੰ ਕੰਮਕਾਜ ਦੇ ਚੰਗੇ, ਸੁਖਾਵੇਂ, ਮਾਹੌਲ ਵਾਲੇ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ, ਤਾਂ ਦੇਸ਼ 'ਚ ਕੰਮਕਾਜੀ ਔਰਤਾਂ ਦੀ ਗਿਣਤੀ ਪ੍ਰਤੀਸ਼ਤ ਕੁੱਲ ਕੰਮਕਾਜੀ ਲੋਕਾਂ 'ਚ 41 ਫ਼ੀਸਦੀ ਹੋ ਸਕਦੀ ਹੈ। ਜੋ ਅਗਲੇ ਦੋ ਤਿੰਨ ਸਾਲਾਂ 'ਚ ਜੀ.ਡੀ.ਪੀ. 'ਚ ਵੱਡਾ ਵਾਧਾ ਕਰਕੇ ਵਿਕਾਸ ਦਰ 'ਚ 1.4 ਫ਼ੀਸਦੀ ਹੋਰ ਉਛਾਲ ਦੇ ਸਕਦੀ ਹੈ ਅਤੇ 46 ਲੱਖ ਕਰੋੜ ਦਾ ਹੋਰ ਮੁਨਾਫਾ ਦੇਸ਼ ਦੇ ਵਿਕਾਸ ਲਈ ਦੇ ਸਕਦੀ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant

COSMETIC - IMPLANT - RESTORATIVE



ਐਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M



Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਨਾਲ ਹਾਕਮਾਂ ਦਾ ਹੇਜ਼ ਮਤਰੇਈ ਵਾਲਾ ਹੈ




ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਕਰੂੰਬਲਾਂ ਭਵਨ ਮਾਹਿਲਪੁਰ, (ਹੁਸ਼ਿਆਰਪੁਰ)
(Punjab Mail USA)



ਮਾਂ ਬੋਲੀ ਪੰਜਾਬੀ ਦੇ ਹਿਤੈਸ਼ੀਆਂ ਨੂੰ ਇਸ ਗੱਲ ਦੀ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਨਵੀਂ ਪਨੀਰੀ ਇਸ ਤੋਂ ਮੁੱਖ ਮੋੜੀ ਜਾ ਰਹੀ ਹੈ। ਅਸਲ ਵਿਚ ਨਵੀਂ ਪਨੀਰੀ ਦਾ ਕੋਈ ਕਸੂਰ ਨਹੀਂ ਹੈ। ਅਸੀਂ ਤਾਂ ਖੁਦ ਪੰਜਾਬੀ ਹੋ ਕੇ ਅਤੇ ਪੰਜਾਬ ਵਿਚ ਵਸਦੇ ਹੋਏ ਵੀ ਆਪਣੇ ਬੱਚਿਆਂ ਨਾਲ ਘਰ ਵਿਚ ਪੰਜਾਬੀ ਬੋਲਣ ਤੋਂ ਗੁਰੇਜ਼ ਕਰ ਰਹੇ ਹਾਂ। ਇਹੋ ਜਿਹੇ ਮਾਹੌਲ ਵਿਚ ਨਵਾਂ ਲੌਅ ਇਸ ਭਾਸ਼ਾ ਨਾਲ ਕਿਵੇਂ ਜੁੜ ਸਕਦਾ ਹੈ। ਮਾਂ, ਜਿਸਨੇ ਬੱਚੇ ਨੂੰ ਨੌਂ ਮਹੀਨੇ ਗਰਬ ਵਿਚ ਰੱਖ ਕੇ ਪਾਲਿਆ ਅਤੇ ਪ੍ਰਸੂਤੀ ਪੀੜਾ ਝੱਲ ਕੇ ਜਨਮ ਦਿੱਤਾ ਹੁੰਦਾ ਹੈ, ਉਹ ਖੁਦ ਆਪਣੇ ਲਾਡਲੇ-ਲਾਡਲੀਆਂ ਨਾਲ ਹਿੰਦੀ, ਅੰਗਰੇਜ਼ੀ ਵਿਚ ਗੱਲ ਕਰਨ ਨੂੰ ਤਰਜੀਹ ਦੇ ਰਹੀ ਹੈ। ਅਜਿਹੇ ਮਾਹੌਲ ਕਰਕੇ ਹੀ ਅਸੀਂ ਪੰਜਾਬੀ ਨੂੰ ਆਪਣੇ ਘਰਾਂ ਵਿਚ ਪਟਰਾਣੀ ਦੀ ਬਜਾਏ ਨੌਕਰਾਣੀ ਬਣਾਈ ਜਾ ਰਹੇ ਹਾਂ। ਸਾਡੇ ਘਰ ਵਿਚ ਨੌਕਰ ਬਣਕੇ ਆਏ ਇਕ ਬਿਹਾਰੀ ਨੂੰ ਅਸੀਂ ਪੰਜਾਬੀ ਨਹੀਂ ਸਿਖਾ ਸਕਦੇ, ਜਦਕਿ ਅਸੀਂ ਸਾਰੇ ਉਸ ਨਾਲ ਹਿੰਦੀ 'ਚ ਗੱਲਾਂ ਮਾਰਨ ਲੱਗ ਜਾਂਦੇ ਹਾਂ। ਇਹੋ ਜਿਹੀ ਮਾਨਸਿਕਤਾ ਦੇ ਅਸੀਂ ਸ਼ਿਕਾਰ ਹਾਂ। ਜੇਕਰ ਸਾਨੂੰ ਸਾਡੀ ਮਾਤਾ ਭਾਸ਼ਾ ਨਾਲ ਪਿਆਰ ਹੋਵੇ, ਫਿਰ ਅਸੀਂ ਮਾਂ ਬੋਲੀ, ਜਨਮ ਦੇਣ ਵਾਲੀ ਮਾਤਾ ਅਤੇ ਧਰਤੀ ਮਾਤਾ ਦੇ ਸਤਿਕਾਰ ਵਿਚ ਕਦੀ ਕੋਈ ਕਸਰ ਬਾਕੀ ਨਾ ਛੱਡੀਏ।

ਪੰਜਾਬ ਦਾ ਹਰ ਤੀਸਰਾ ਬੱਚਾ ਆਈਲੈਟਸ ਕਰਕੇ ਵਿਦੇਸ਼ ਭੱਜਣ ਦੀ ਤਿਆਰੀ ਵਿਚ ਹੈ। ਅਜਿਹੇ ਸਮੇਂ ਵਿਚ ਮਾਂ ਬੋਲੀ ਪੰਜਾਬੀ ਦਾ ਹਾਲ ਬਿਆਨ ਤੋਂ ਬਾਹਰ ਨਹੀਂ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਮਾਤ ਭਾਸ਼ਾ ਨੂੰ ਪੂਰਨ ਰੂਪ ਨਾਲ ਲਾਗੂ ਕਰਨ ਲਈ ਕਈ ਕਾਨੂੰਨ ਬਣਾਏ ਹਨ। 2008 'ਚ ਪੰਜਾਬ ਰਾਜ ਭਾਸ਼ਾ ਐਕਟ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਸੋਧ ਵੀ ਕੀਤੀ ਗਈ। ਜਿਸ ਤਹਿਤ ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਗਿਆ। ਇਨ੍ਹਾਂ ਕਮੇਟੀਆਂ ਨੇ ਆਪੋ ਆਪਣੇ ਜ਼ਿਲ੍ਹਿਆਂ ਵਿਚ ਮਾਤ ਭਾਸ਼ਾ ਨੂੰ ਸਹੀ ਢੰਗ ਨਾਲ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਸੀ। ਹੋਇਆ ਇੰਜ ਕਿ ਪੰਜਾਬ ਦੇ ਰਾਜਪਾਲ ਵਲੋਂ ਦਾਸ ਦਾ ਨਾਮ ਵੀ ਜ਼ਿਲ੍ਹਾ ਹੁਸ਼ਿਆਰਪੁਰ ਦੀ ਕਮੇਟੀ ਵਿਚ ਸ਼ਾਮਲ ਕਰ ਲਿਆ ਗਿਆ। ਅਫਸੋਸ ਇਸ ਗੱਲ ਦਾ ਕਿ ਪੂਰੇ ਕਾਰਜਕਾਲ ਦੌਰਾਨ ਕਮੇਟੀ ਦੀ ਇਕ ਵੀ ਮੀਟਿੰਗ ਨਹੀਂ ਹੋਈ, ਜਿਸ ਤਹਿਤ ਇਸ ਵਿਸ਼ੇ ਨੂੰ ਵਿਚਾਰਿਆ ਅਤੇ ਨਿਖਾਰਿਆ ਜਾਂਦਾ। ਦੂਜੇ ਬੰਨ੍ਹੇ ਹਰਿਆਣਾ ਸਰਕਾਰ ਨੇ ਪੰਜਾਬ ਵਿਚੋਂ ਬਾਲ ਸਾਹਿਤ ਲੇਖਕ ਵਜੋਂ 2012-14 ਦੇ ਕਾਰਜਕਾਲ ਲਈ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਦਾ ਜੱਜ ਨਿਯੁਕਤ ਕੀਤਾ। ਸਮੇਂ ਦੀ ਸਰਕਾਰ ਨੇ ਪੂਰੇ ਦੋ ਸਾਲ ਸੇਵਾਵਾਂ ਨਿੱਠ ਲਈਆਂ। ਇਹ ਫਰਕ ਹੈ ਨੀਅਤ ਅਤੇ ਨੀਤੀ ਦਾ। ਜਿਨ੍ਹਾਂ ਨੇ ਕੰਮ ਕਰਨਾ ਹੁੰਦਾ ਹੈ, ਉਹ ਗੱਲੀਬਾਤੀਂ ਕੁੱਝ ਨਹੀਂ ਕਰਦੇ, ਸਗੋਂ ਅਸਲੀ ਰੂਪ ਵਿਚ ਕਰਦੇ ਹਨ। ਅਜੋਕੀ ਪੰਜਾਬ ਸਰਕਾਰ ਪੰਜਾਬ ਅਤੇ ਪੰਜਾਬੀਅਤ ਦੀ ਅਲੰਬਰਦਾਰ ਕਹਾਉਂਦੀ ਹੈ। ਇਸ ਵਲੋਂ 31 ਮਾਰਚ ਤੱਕ ਪੰਜਾਬੀ ਵਿਚ ਲਿਖੇ ਜਾਣ ਬੋਰਡਾਂ ਦਾ ਜੋ ਹਾਲ ਹੈ, ਉਸ ਬਾਰੇ ਅਸੀਂ ਸਾਰੇ ਭਲੀਭਾਂਤ ਜਾਣੂ ਹੈ। ਜਿਹੜੀਆਂ ਕਮੇਟੀਆਂ ਭਾਸ਼ਾ ਲਾਗੂ ਕਰਨ ਵਾਸਤੇ ਬਣਾਈਆਂ ਜਾਣੀਆਂ ਸਨ, ਉਨ੍ਹਾਂ ਦਾ ਸੰਗਠਨ ਅਜੇ ਤੱਕ ਨਹੀਂ ਹੋ ਸਕਿਆ। ਇਥੋਂ ਇੰਜ ਪ੍ਰਤੀਤ ਹੁੰਦਾ ਹੈ ਕਿ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਡੰਗ ਟਪਾਇਆ ਜਾ ਰਿਹਾ।

ਆਉ ਹੁਣ ਚੱਲੀਏ ਪੰਜਾਬ ਦੇ ਸਕੂਲਾਂ ਵਿਚ, ਜਿਥੋਂ ਨਵੀਂ ਪਨੀਰੀ ਤਿਆਰ ਕੀਤੀ ਜਾ ਰਹੀ ਹੈ ਜਾਂ ਇੰਜ ਕਹੀਏ, ਜਿਥੋਂ ਦੇਸ਼ ਕੌਮ ਖਾਸ ਕਰ ਪੰਜਾਬ ਦੇ ਵਾਰਸ ਪੈਦਾ ਹੋ ਰਹੇ ਹਨ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਪੰਜਾਬ ਦੇ ਸਿੱਖਿਆ ਮੰਤਰੀ ਵਿਦੇਸ਼ ਦੌਰੇ 'ਤੇ ਗਏ ਤਾਂ ਉਨ੍ਹਾਂ ਨੂੰ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰਨ ਦਾ ਭੂਤ ਸਵਾਰ ਹੋ ਗਿਆ। ਬਿਨਾ ਤਿਆਰੀ ਤੋਂ ਸਭ ਕੁੱਝ ਹੋ ਗਿਆ ਤੇ ਹਸ਼ਰ ਇਹ ਹੋਇਆ ਕਿ ਕਊਆ ਚਲਾ ਹੰਸ ਕੀ ਚਾਲ ਆਪਣੀ ਚਾਲ ਵੀ ਖੋ ਬੈਠਾ। ਦਸਵੀਂ ਬਾਰ੍ਹਵੀਂ ਦੇ ਨਤੀਜਿਆਂ 'ਤੇ ਝਾਤ ਮਾਰੀਏ, ਤਾਂ ਪਤਾ ਲੱਗਦਾ ਹੈ ਕਿ ਪੰਜਾਬੀ ਵਿਚ ਬਹੁਤੇ ਵਿਦਿਆਰਥੀ ਮਸਾਂ ਪਾਸ ਹੋਏ ਹਨ। ਬਾਰ੍ਹਵੀਂ ਜਮਾਤ ਦੇ ਅੰਗਰੇਜ਼ੀ ਚੋਣਵਾਂ ਵਿਸ਼ਾ 98.58 % ਅਤੇ ਪੰਜਾਬੀ ਚੋਣਵਾਂ ਵਿਸ਼ਾ 98.62 % ਨਤੀਜਾ ਰਿਹਾ ਅਤੇ ਹੋਰ ਵਿਸ਼ਿਆਂ ਦੇ ਮੁਕਾਬਲੇ ਪੰਜਾਬੀ ਦੀ ਪਾਸ ਪ੍ਰਤੀਸ਼ਤ ਵੀ ਸੁਚੇਤ ਕਰਨ ਵਾਲੀ ਹੈ। ਜਿਹੜੇ ਬੱਚੇ ਆਪਣੀ ਮਾਤਾ ਭਾਸ਼ਾ ਵਿਚ ਕੱਚੇ ਹਨ, ਉਹ ਵਿਦੇਸ਼ੀ ਭਾਸ਼ਾ ਦੇ ਮਾਹਿਰ ਕਿਵੇਂ ਬਣ ਸਕਦੇ ਹਨ। ਪੰਜਾਬ ਦੇ ਪ੍ਰਾਇਮਰੀ ਸਕੂਲ ਟੀਚਰਲੈਸ, ਇਕ ਜਾਂ ਦੋ ਟੀਚਰਾਂ ਨਾਲ ਗੁਜ਼ਾਰਾ ਕਰ ਰਹੇ ਹਨ। ਫਿਰ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਸਾਡੀ ਬੁਨਿਆਦ ਕਿੰਨੀ ਕੁ ਪਕੇਰੀ ਹੈ। ਹੈੱਡਲੈਸ ਸਕੂਲਾਂ ਦੀ ਗਿਣਤੀ ਵੀ ਅੱਧ ਤੱਕ ਜਾ ਪੁੱਜਦੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਸਾਰੇ ਦਸ ਬਲਾਕਾਂ ਵਿਚ ਇਕ ਵੀ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਹੀਂ ਹੈ। ਹੁਣ ਤੁਸੀਂ ਦੱਸੋ ਮਲਾਹ ਤੋਂ ਬਗੈਰ ਬੇੜੀ ਕੰਢੇ ਕਿਵੇਂ ਲੱਗ ਸਕਦੀ ਹੈ? ਇਸ ਵਿਚ ਕੋਈ ਸ਼ੱਕ ਨਹੀਂ ਕਿ ਮਿਹਨਤੀ ਅਧਿਆਪਕ ਦਿਨ-ਰਾਤ ਜੁੱਟੇ ਹੋਏ ਹਨ।

ਇਥੇ ਇਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਸਾਡੇ ਨੇੜੇ ਇਕ ਨਿੱਜੀ ਵਿੱਦਿਅਕ ਅਦਾਰਾ ਹੈ, ਜਿਸ ਵਿਚ ਬੀ.ਐਡ. ਅਤੇ ਈ.ਟੀ.ਟੀ. ਕਰਵਾਈ ਜਾਂਦੀ ਹੈ। ਮੈਨੂੰ ਉਥੇ ਐਕਟਾਰਨਲ ਅਗਜ਼ਾਮੀਨਰ ਦੇ ਤੌਰ 'ਤੇ ਡਿਊਟੀ ਦੇਣ ਲਈ ਲਗਭਗ ਹਰ ਸਾਲ ਹੀ ਜਾਣਾ ਪੈਂਦਾ ਹੈ। ਕੁੱਝ ਸਾਲ ਪਹਿਲਾਂ ਮੈਨੂੰ ਪੰਜਾਬੀ ਦੇ ਅਧਿਆਪਕਾਂ ਦੀ ਟੀਚਿੰਗ ਪਰਖਣ ਦਾ ਮੌਕਾ ਮਿਲਿਆ। ਤੁਸੀਂ ਹੈਰਾਨ ਹੋਵੋਗੇ ਕਿ ਉਥੇ 60 ਵਿਚੋਂ 40 ਨੂੰ ਸਹੀ ਪੰਜਾਬੀ ਲਿਖਣੀ ਨਹੀਂ ਸੀ ਆਉਂਦੀ। ਉਹ ਸਾਰੇ ਸਮਾਂ ਪਾ ਕੇ ਅਧਿਆਪਕ ਨਿਯੁਕਤ ਹੋਣਗੇ ਅਤੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣਗੇ। ਅਜਿਹੇ ਪੰਜਾਬ ਵਿਚ ਅਨੇਕਾਂ ਹੋਰ ਕਾਲਜ ਹਨ, ਜਿਥੇ ਅਜਿਹੇ ਵਿਦਿਆਰਥੀ ਅਧਿਆਪਕ ਤਿਆਰ ਕੀਤੇ ਜਾ ਰਹੇ ਹਨ।

ਮਾਤ ਭਾਸ਼ਾ ਹੋਣ ਕਰਕੇ ਅਸੀਂ ਕਦੀ ਇਸਦੀ ਮਹੱਤਤਾ ਨੂੰ ਪਛਾਣਿਆ ਹੀ ਨਹੀਂ ਹੈ। ਅਸਲ ਵਿਚ ਪੰਜਾਬੀ ਨਾਲ ਬੱਚਾ ਉਦੋਂ ਜੁੜਦਾ, ਜਦੋਂ ਉਹ ਬਾਲ ਸਾਹਿਤ ਪੜ੍ਹਦਾ ਹੈ। ਉਸਦੇ ਮਨ ਨੂੰ ਤ੍ਰਿਪਤ ਕਰਨ ਵਾਲੀਆਂ ਕਹਾਣੀਆਂ ਅਤੇ ਕਵਿਤਾਵਾਂ ਉਸਦੇ ਮਨ ਵਿਚ ਸਦਾ ਵਾਸਤੇ ਘਰ ਕਰ ਜਾਂਦੀਆਂ ਹਨ। ਬਾਲ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਸਰਕਾਰਾਂ ਨੇ ਕਦੀ ਜ਼ਹਿਮਤ ਨਹੀਂ ਉਠਾਈ। ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਬਾਲ ਰਸਾਲੇ ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਸਰਕਾਰੀ ਸਕੂਲਾਂ ਵਿਚ ਵੀ ਨਹੀਂ ਲੱਭਦੇ। ਨਿੱਜੀ ਖੇਤਰ ਦਾ ਪੂਰੇ ਪੰਜਾਬ ਵਿਚੋਂ 1995 ਤੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾਂਦਾ ਰਸਾਲਾ ਨਿੱਕੀਆਂ ਕਰੂੰਬਲਾਂ ਵੀ ਸਰਕਾਰਾ ਵਲੋਂ ਅਣਗੌਲਿਆ ਹੀ ਪਿਆ ਹੈ, ਜਦਕਿ ਇਸਦਾ ਨਾਮ ਇੰਡੀਆ ਬੁੱਕ ਆਫ ਰਿਕਾਰਡ ਵਿਚ ਦਰਜ ਹੋ ਚੁੱਕਾ ਹੈ। ਨਿੱਜੀ ਸਕੂਲਾਂ ਵਿਚ ਤਾਂ ਪੰਜਾਬੀ ਬੋਲਣ ਦੀ ਵੀ ਮਨਾਹੀ ਹੈ ਤੇ ਰਸਾਲਿਆਂ ਦੀ ਗੱਲ ਕਰਨੀ ਤਾਂ ਜੱਗੋਂ ਤੇਰ੍ਹਵੀਂ ਲੱਗਦੀ ਹੈ। ਕਿਸੇ ਵੀ ਬੋਰਡ ਨਾਲ ਸਬੰਧਤ ਜਿਹੜੇ ਸਕੂਲ ਪੰਜਾਬ ਦੀ ਧਰਤੀ 'ਤੇ ਹਨ, ਉਨ੍ਹਾਂ ਵਿਚ ਪੰਜਾਬੀ ਰਸਾਲਿਆਂ ਦਾ ਅਤੇ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੋਣੀ ਚਾਹੀਦੀ ਹੈ। ਇਹ ਰਾਜਨੀਤਿਕ ਪਹੁੰਚ ਵਾਲਿਆਂ ਦੇ ਸਕੂਲ ਹਨ, ਜਿਸ ਕਰਕੇ ਕਿਸੇ ਵੀ ਸਰਕਾਰ ਨੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਨਹੀਂ ਲਿਆ।

ਜੂਨ 2023 ਵਿਚ ਆਬਕਾਰੀ ਅਤੇ ਕਰ ਇੰਸਪੈਕਟਰਾਂ ਦੀ ਭਰਤੀ ਲਈ ਕਰਵਾਈ ਪ੍ਰੀਖਿਆ 'ਚ 13 ਹਜ਼ਾਰ ਉਮੀਦਵਾਰ ਪੰਜਾਬੀ ਵਿਚੋਂ ਫੇਲ੍ਹ ਹੋ ਗਏ। ਇਹ ਖ਼ਬਰ ਪੰਜਾਬੀ ਪ੍ਰੇਮੀਆਂ ਲਈ ਚਿੰਤਾ ਵਾਲੀ ਹੈ। ਇਸ ਪ੍ਰੀਖਿਆ ਵਿਚ ਇਕ ਉਮੀਦਵਾਰ ਨੇ ਪੰਜਾਬੀ ਵਿਚ 50 ਫੀਸਦੀ ਅੰਕ ਲੈਣੇ ਸਨ। ਪ੍ਰਾਪਤ ਵੇਰਵਿਆਂ ਅਨੁਸਾਰ ਇਸ ਪ੍ਰੀਖਿਆ ਵਿਚ 36836 ਉਮੀਦਵਾਰ ਬੈਠੇ ਸਨ, ਜਿਨ੍ਹਾਂ ਵਿਚੋਂ 22957 ਪਾਸ ਹੋਏ ਅਤੇ 13879 ਉਮੀਦਵਾਰ ਪੰਜਾਬੀ 'ਚੋਂ ਫੇਲ ਹੋ ਗਏ, ਜਿਨ੍ਹਾਂ ਦੀ ਦਰ 37.67 ਫੀਸਦੀ ਬਣਦੀ ਹੈ। ਇਸ ਪ੍ਰੀਖਿਆ ਵਿਚ ਹੋਰ ਵੀ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ, ਜਿਨ੍ਹਾਂ ਵਿਚ 46 ਉਮੀਦਵਾਰ ਸਿਰਫ 1 ਤੋਂ 10 ਅੰਕ ਪ੍ਰਾਪਤ ਕਰ ਸਕੇ। 3678 ਉਮੀਦਵਾਰ 11 ਤੋਂ 20 ਅੰਕ ਅਤੇ 10152 ਉਮੀਦਵਾਰਾਂ ਦੇ ਅੰਕ 20 ਤੋਂ 25 ਦੇ ਦਰਮਿਆਨ ਰਹੇ। ਇਸ ਮਸਲੇ 'ਤੇ ਵਿਚਾਰ ਪ੍ਰਗਟ ਕਰਦਿਆਂ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਵੀ ਰਵਿੰਦਰ ਨੇ ਕਿਹਾ ਕਿ ਪ੍ਰਾਇਮਰੀ ਪੱਧਰ 'ਤੇ ਪੰਜਾਬੀ ਭਾਸ਼ਾ ਠੀਕ ਤਰੀਕੇ ਨਾਲ ਸਿਖਾਈ ਨਹੀਂ ਜਾ ਰਹੀ। ਉਚੇਰੀ ਸਿੱਖਿਆ ਹਾਸਲ ਕਰਨ ਵਾਲੇ ਬਹੁਤੇ ਵਿਦਿਆਰਥੀ ਸ਼ੁੱਧ ਪੰਜਾਬੀ ਲਿਖਣ ਤੋਂ ਕੋਰੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਫੇਲ੍ਹ ਹੋਣ ਵਾਲਿਆਂ ਨੇ ਗ੍ਰੈਜੂਏਸ਼ਨ ਤੱਕ ਪੰਜਾਬੀ ਪੜ੍ਹੀ ਹੋਈ ਹੈ। ਇਥੇ ਹੀ ਬਸ ਨਹੀਂ, ਸਗੋਂ ਹੋਰ ਵੀ ਉੱਚ ਪੱਧਰੀ ਪ੍ਰੀਖਿਆਵਾਂ 'ਚ ਭਾਗ ਲੈਣ ਵਾਲੇ ਅੱਧੇ ਪ੍ਰੀਖਿਆਰਥੀ ਪੰਜਾਬੀ ਵਿਚੋਂ ਫੇਲ ਹੁੰਦੇ ਹਨ। ਅੱਜ ਦੁਨੀਆਂ ਦਾ ਹਰ ਦਸਵਾਂ ਵਿਅਕਤੀ ਪੰਜਾਬੀ ਬੋਲਦਾ ਹੈ ਪਰ ਪੰਜਾਬ 'ਚ ਪੰਜਾਬੀ ਦਾ ਹਾਲ ਦਾਸੀਆਂ ਤੋਂ ਵੀ ਮਾੜਾ ਹੋਇਆ ਪਿਆ ਹੈ। ਨਿੱਜੀ ਸਕੂਲਾਂ ਦੇ ਵਿਦਿਆਰਥੀ ਜੇ ਪੰਜਾਬੀ ਦੇ ਚਾਰ ਸ਼ਬਦ ਲਿਖਦੇ ਵੀ ਹਨ, ਤਾਂ ਉਹ ਹਿੰਦੀ ਵਾਂਗ ਲਿਖੇ ਮਿਲਦੇ ਹਨ। ਪੰਜਾਬ ਦੇ ਬੁੱਧੀਜੀਵੀਆਂ ਲਈ ਇਹ ਵੇਲਾ ਸਿਰ ਜੋੜ ਵਿਚਾਰ ਕਰਨ ਦਾ ਹੈ। ਜਿਸ ਮਾਂ ਬੋਲੀ ਕਰਕੇ ਦੁਨੀਆਂ ਵਿਚ ਸਾਡੀ ਹੋਂਦ ਕਾਇਮ ਹੈ, ਉਸਨੂੰ ਪੰਜਾਬ ਵਿਚ ਭੁੱਲਿਆ ਅਤੇ ਰੋਲ਼ਿਆ ਜਾ ਰਿਹਾ ਹੈ। ਹਰ ਕੋਈ ਅੰਗਰੇਜ਼ੀ, ਹਿੰਦੀ ਬੋਲ ਕੇ ਆਪਣੇ ਆਪ ਨੂੰ ਸਿਆਣਾ ਸਾਬਤ ਕਰ ਰਿਹਾ ਹੈ। ਜਦਕਿ ਮਾਤ ਭਾਸ਼ਾ ਪੰਜਾਬੀ ਵਿਚ ਬਾਬਾ ਫਰੀਦ, ਸਾਈਂ ਬੁੱਲੇ ਸ਼ਾਹ, ਵਾਰਿਸ਼ ਸ਼ਾਹ ਅਤੇ ਗੁਰੂ ਸਾਹਿਬਾਨ ਨੇ ਰਚਨਾ ਕਰਕੇ ਇਸਨੂੰ ਅਮਰ ਬਣਾਇਆ ਹੈ। ਅਸੀਂ ਇਸ ਗੱਲ 'ਤੇ ਮਾਣ ਕਰੀ ਜਾ ਰਹੇ ਹਾਂ ਕਿ ਜਦ ਤੱਕ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਹੈ, ਤਦ ਤੱਕ ਪੰਜਾਬ ਅਤੇ ਪੰਜਾਬੀਅਤ ਨੇ ਕਾਇਮ ਰਹਿਣਾ ਹੈ।

ਸਰਕਾਰ ਵਲੋਂ ਮਾਤਾ ਭਾਸ਼ਾ ਨੂੰ ਪੂਰਨ ਰੂਪ ਨਾਲ ਲਾਗੂ ਕਰਨ ਵਿਚ 'ਸੁੱਕਾ ਹੇਜ਼ ਮਤੇਈ ਦਾ ਮੰਗਿਆ ਟੱਕ ਨੀ ਦੇਈਦਾ' ਵਾਲੀ ਗੱਲ ਅਪਣਾਈ ਜਾ ਰਹੀ ਹੈ। ਅਖ਼ਬਾਰਾਂ ਵਿਚ ਪੰਜਾਬੀ ਲਾਗੂ ਕਰਨ ਦੇ ਬਿਆਨ ਪੜ੍ਹਕੇ ਈਸਬਗੋਲ ਕੁੱਝ ਨਾ ਫੋਲ ਵਾਲੀ ਗੱਲ ਬਣੀ ਪਈ ਹੈ। 2020 ਵਿਚ ਛੇ ਸਾਲਾਂ ਦੇ ਐਲਾਨ ਸ਼੍ਰੋਮਣੀ ਅਤੇ ਪੰਜਾਬ ਰਤਨ ਪੁਰਸਕਾਰਾਂ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਹੈ। ਜਦਕਿ ਅਗਲੇ ਤਿੰਨ ਸਾਲਾਂ ਦੇ ਇਹ ਪੁਰਸਕਾਰ ਤਿਆਰ ਖੜ੍ਹੇ ਹਨ। ਸਮੇਂ ਦੀਆਂ ਸਰਕਾਰਾਂ ਆਪਣੇ ਸਾਹਿਤਕਾਰਾਂ ਦਾ ਮਾਣ ਤਾਂ ਕਰਦੀਆਂ ਹਨ ਪਰ ਈਦ ਪਿੱਛੋਂ ਤੰਬਾ ਫੂਕਣ ਵਾਲੀ ਗੱਲ ਬਣਾ ਕੇ। ਇਹ ਵੀ ਤਾਂ ਸੱਚ ਹੀ ਕਿਹਾ ਹੈ ਕਿ ਵੇਲੇ ਦੀ ਨਵਜ਼ ਤੇ ਕੁਵੇਲੇ ਦੀਆਂ ਟੱਕਰਾਂ। ਕੈਨੇਡਾ ਅਤੇ ਆਸਟ੍ਰੇਲੀਆਂ ਵਰਗੇ ਦੇਸ਼ਾਂ 'ਚ ਪੰਜਾਬੀ ਨੂੰ ਦੂਜੀ ਥਾਂ ਦਿੱਤੀ ਜਾ ਰਹੀ ਹੈ। ਪਰ ਪੰਜਾਬ ਵਿਚ ਇਸਨੂੰ ਆਪਣਾ ਬਣਦਾ ਰੁਤਬਾ ਹਾਸਲ ਨਹੀਂ ਹੋ ਰਿਹਾ। ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ 'ਚ ਮਾਤ ਭਾਸ਼ਾ ਦਾ ਹਰ ਥਾਂ ਪੂਰਾ ਮਾਣ-ਸਨਮਾਨ ਕਾਇਮ ਹੋਵੇ। ਇਸਨੂੰ ਰੁਜ਼ਗਾਰ, ਵਪਾਰ ਅਤੇ ਨਿਆਂ ਦੀ ਭਾਸ਼ਾ ਬਣਾਕੇ ਇਸ ਦੇ ਰੁਤਬੇ ਨੂੰ ਚਾਰ ਚੰਨ ਲਾਏ ਜਾਣ। ਹਰ ਨੌਕਰੀ ਲਈ ਪ੍ਰੀਖਿਆ ਪੰਜਾਬੀ ਵਿਚ ਹੋਵੇ ਅਤੇ ਇਸ ਵਿਚੋਂ ਪਾਸ ਹੋਣਾ ਲਾਜ਼ਮੀ ਕੀਤਾ ਜਾਵੇ। ਹਰ ਸਰਕਾਰੀ ਅਤੇ ਗੈਰ ਸਰਕਾਰੀ ਸਕੂਲ ਵਿਚ ਪੰਜਾਬੀ ਬਾਲ ਰਸਾਲੇ ਲਾਜ਼ਮੀ ਕੀਤੇ ਜਾਣ। ਸਕੂਲਾਂ ਅਤੇ ਕਾਲਜਾਂ ਵਿਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਪੂਰੇ ਕੀਤੀਆਂ ਜਾਣ। ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਦਾ ਮਾਣ-ਸਨਮਾਨ ਕੀਤਾ ਜਾਵੇ। ਪ੍ਰਾਇਮਰੀ ਪੱਧਰ 'ਤੇ ਅਧਿਆਪਕਾਂ ਦੀ ਕਮੀ ਖਤਮ ਕਰਕੇ ਮਾਤ ਭਾਸ਼ਾ 'ਚ ਬੱਚਿਆਂ ਨੂੰ ਮਾਹਿਰ ਬਣਾਇਆ ਜਾਵੇ। ਸਰਕਾਰ ਨੂੰ ਮਤਰੇਈ ਵਾਲਾ ਹੇਜ਼ ਛੱਡ ਕੇ ਹਕੀਕੀ ਰੂਪ 'ਚ ਕਾਰਜ ਕਰਨਾ ਚਾਹੀਦਾ ਹੈ।

# ਰਿਸ਼ਤਿਆਂ ਦੀ ਖਤਮ ਹੋਈ ਅਹਿਮੀਅਤ

-ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਦੋ ਕੁ ਦਿਨ ਪਹਿਲਾਂ ਖ਼ਬਰ ਪੜ੍ਹਨ ਨੂੰ ਮਿਲੀ ਕਿ ਹੁਸ਼ਿਆਰਪੁਰ ਵਿਖੇ ਇੱਕ ਪਿਤਾ ਵੱਲੋਂ ਪੁੱਤਰ ਨੂੰ ਏ.ਸੀ. ਚਲਾਉਣ ਲਈ ਕਿਹਾ, ਤਾਂ ਪੁੱਤ ਨੇ ਆਪਣੇ ਪਿਤਾ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਲੜਾਈ ਇੰਨੀ ਵੱਧ ਗਈ ਕਿ ਪੁੱਤਰ ਨੇ ਪਿਓ 'ਤੇ ਗੋਲੀ ਚਲਾ ਦਿੱਤੀ। ਦੋ ਕੁ ਹਫ਼ਤੇ ਪਹਿਲਾਂ ਇਕ ਹੋਰ ਖਬਰ ਪੜ੍ਹਨ ਨੂੰ ਮਿਲੀ ਕਿ ਪਿਓ ਨੇ ਆਪਣੇ ਪੁੱਤ ਤੋਂ ਦਵਾਈ ਮੰਗੀ, ਦਵਾਈ ਤਾਂ ਕੀ ਦੇਣੀ ਸੀ, ਪੁੱਤ ਨੇ ਡੰਡਿਆਂ ਨਾਲ ਬਾਪ ਜ਼ਖ਼ਮੀ ਕਰ ਦਿੱਤਾ। ਰਿਸ਼ਤਿਆਂ ਦੀ ਅਹਿਮੀਅਤ ਖ਼ਤਮ ਹੋ ਚੁੱਕੀ ਹੈ। ਚਾਰ ਕੁ ਸਾਲ ਪਹਿਲਾਂ ਮੁਕਤਸਰ ਜ਼ਿਲ੍ਹੇ ਵਿਚ ਇੱਕ ਬਜ਼ੁਰਗ ਨੂੰ ਘੁਰਨੇ ਵਿਚ ਰਹਿਣਾ ਪਿਆ, ਜਿਸ ਕਾਰਨ ਉਸ ਦੇ ਸਿਰ ਵਿਚ ਕੀੜੇ ਪੈ ਗਏ ਸਨ। ਉਸ ਬਜ਼ੁਰਗ ਦੀ ਔਲਾਦ ਕਲਾਸ ਵਨ ਅਫ਼ਸਰ ਸੀ। ਦੇਖੋ ਜਿਸ ਬਜ਼ੁਰਗ ਨੇ ਆਪਣੀ ਔਲਾਦ ਨੂੰ ਅਫ਼ਸਰ ਬਣਾਇਆ ਹੋਵੇ, ਉਸ ਦੇ ਦਿਲ 'ਤੇ ਕੀ ਗੁਜ਼ਰੀ ਹੋਣੀ। ਬਜ਼ੁਰਗ ਸਾਡੇ ਸਮਾਜ ਦਾ ਸਰਮਾਇਆ ਹੁੰਦੇ ਹਨ। ਬਜ਼ੁਰਗਾਂ ਦੀ ਪੈਨਸ਼ਨ ਨਾਲ ਪਿਆਰ ਹੈ, ਪਰ ਬਜ਼ੁਰਗਾਂ ਨਾਲ ਪਿਆਰ ਨਹੀਂ ਹੈ। ਸੋਸ਼ਲ ਨੈੱਟਵਰਕਿੰਗ ਸਾਈਟਸ 'ਤੇ ਅਸੀਂ ਕੇਕ ਕੱਟ ਕੇ ਮਾਂ-ਪਿਓ ਦਿਵਸ ਮਨਾਉਂਦੇ ਹਾਂ। ਉੱਥੇ ਤਾਂ ਇੰਜ ਜਾਪਦਾ ਹੈ ਕਿ ਪਤਾ ਨਹੀਂ ਬੱਚਿਆਂ ਨੂੰ ਆਪਣੇ ਮਾਂ-ਬਾਪ ਨਾਲ ਕਿੰਨਾ ਲਗਾਅ ਹੈ। ਬਜ਼ੁਰਗਾਂ ਦੀ ਬੇਕਦਰੀ ਬਹੁਤ ਹੋ ਰਹੀ ਹੈ। ਘਰ ਵਿਚ ਬਜ਼ੁਰਗਾਂ ਦਾ ਬਿਲਕੁਲ ਵੀ ਸਤਿਕਾਰ ਨਹੀਂ ਰਿਹਾ ਹੈ। ਜੋ ਬਜ਼ੁਰਗ ਵਧੀਆ ਪੈਨਸ਼ਨ ਲੈ ਰਹੇ ਹਨ, ਉਨ੍ਹਾਂ ਨਾਲ ਘਰ ਵਿਚ ਮਾੜਾ ਵਤੀਰਾ ਹੋ ਰਿਹਾ ਹੈ। ਵਿਚਾਰਨ ਵਾਲੀ ਗੱਲ ਹੈ ਕਿ ਜਿਨ੍ਹਾਂ ਬਜ਼ੁਰਗਾਂ ਕੋਲ ਪੈਨਸ਼ਨ ਨਹੀਂ ਹੈ, ਉਹ ਵਿਚਾਰੇ ਘਰ ਵਿਚ ਕਿਵੇਂ ਸਮਾਂ ਕੱਢਦੇ ਹੋਣੇ। ਮਾਂ-ਬਾਪ ਆਪ ਤੰਗੀਆਂ ਕੱਟ ਕੇ ਆਪਣੀ ਔਲਾਦ ਨੂੰ ਪੜ੍ਹਾਉਂਦੇ ਹਨ। ਉਨ੍ਹਾਂ ਨੂੰ ਇਹ ਹੁੰਦਾ ਹੈ ਕਿ ਕੱਲ੍ਹ ਨੂੰ ਇਸ ਦੀ ਜ਼ਿੰਦਗੀ ਸਵਰ ਜਾਵੇਗੀ। ਬਿਰਧ ਆਸ਼ਰਮਾਂ ਦੀ ਸੰਖਿਆ ਦਿਨੋਂ-ਦਿਨ ਵੱਧ ਰਹੀ ਹੈ। ਘਰ ਵਿਚ ਬਜ਼ੁਰਗਾਂ ਨੂੰ ਇਕੱਲਾਪਣ ਬਹੁਤ ਮਹਿਸੂਸ ਹੁੰਦਾ ਹੈ, ਕਿਉਂਕਿ ਉਨ੍ਹਾਂ ਦੀ ਗੱਲ ਕੋਈ ਸੁਨਣ ਵਾਲਾ ਨਹੀਂ ਹੁੰਦਾ ਹੈ। ਬਜ਼ੁਰਗਾਂ ਕੋਲ ਜ਼ਿੰਦਗੀ ਦਾ ਨਿਚੋੜ ਹੁੰਦਾ ਹੈ। ਅੱਜਕੱਲ੍ਹ ਦੇ ਬੱਚਿਆਂ ਨੂੰ ਮਾਂ-ਬਾਪ ਦੀ ਟੋਕਾ-ਟਾਕੀ ਬਿਲਕੁਲ ਵੀ ਪਸੰਦ ਨਹੀਂ ਹੈ। ਪਿਛਲੇ ਹੀ ਹਫ਼ਤੇ ਇੱਕ ਹੋਰ ਖ਼ਬਰ ਪੜ੍ਹੀ ਕਿ ਇਕ ਨਸ਼ੇੜੀ ਨੌਜਵਾਨ ਨੇ ਆਪਣੀ ਮਾਂ ਦਾ ਹੀ ਬੇਰਹਿਮੀ ਨਾਲ ਕਤਲ ਕਰ ਦਿੱਤਾ। ਦਿਨ ਪ੍ਰਤੀ ਦਿਨ ਰਿਸ਼ਤੇ ਤਾਰ-ਤਾਰ ਹੋ ਰਹੇ ਹਨ। ਬਜ਼ੁਰਗ ਘਰ ਦੇ ਜਿੰਦਰੇ ਹੁੰਦੇ ਹਨ। ਜਿਸ ਤਰ੍ਹਾਂ ਦਾ ਵਤੀਰਾ ਅਸੀਂ ਆਪਣੇ ਬਜ਼ੁਰਗਾਂ ਨਾਲ ਕਰਾਂਗੇ, ਤਾਂ ਕੱਲ੍ਹ ਨੂੰ ਵੀ ਸਾਡੇ ਨਾਲ ਇਹੋ ਜਿਹਾ ਸਭ ਕੁੱਝ ਹੋਣਾ ਹੈ। ਬਜ਼ੁਰਗ ਜੇ ਘਰ ਵਿਚ ਆਪਣੇ ਬੱਚਿਆਂ ਨੂੰ ਟੋਕਦੇ ਹਨ, ਤਾਂ ਅੱਜਕੱਲ੍ਹ ਦੀ ਪੀੜ੍ਹੀ ਨੂੰ ਇਹ ਬਿਲਕੁਲ ਵੀ ਬਰਦਾਸ਼ਤ ਨਹੀਂ ਹੁੰਦਾ। ਕਿਤੇ ਪੜ੍ਹਿਆ ਸੀ ਕਿ ਇੱਕ ਨੂੰਹ ਆਪਣੇ ਬਜ਼ੁਰਗ ਨੂੰ ਝੂੱਠੇ ਭਾਂਡਿਆਂ ਵਿਚ ਖਾਣਾ ਦਿੰਦੀ ਹੈ। ਬਜ਼ੁਰਗ ਘਰ ਨੂੰ ਸਵਾਰਦੇ ਹਨ, ਉਹ ਆਪਣੀ ਔਲਾਦ ਦਾ ਕਿਵੇਂ ਮਾੜਾ ਸੋਚ ਸਕਦੇ ਹਨ। ਬੱਚਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਣ। ਉਨ੍ਹਾਂ ਨੂੰ ਕਿਤੇ ਘੁੰਮਾਉਣ ਲਈ ਲੈ ਕੇ ਜਾਣ। ਦੇਖਿਆ ਜਾਵੇ ਤਾਂ ਬਜ਼ੁਰਗਾਂ ਨੂੰ ਵੀ ਸਮੇਂ ਦੇ ਮੁਤਾਬਕ ਬਦਲਣਾ ਚਾਹੀਦਾ ਹੈ। ਜਿਸ ਤਰ੍ਹਾਂ ਬੱਚੇ ਕਹਿ ਦਿੰਦੇ ਹਨ, ਬਜ਼ੁਰਗਾਂ ਨੂੰ ਉਨ੍ਹਾਂ ਦੀ ਵੀ ਸੁਣਨੀਂ ਚਾਹੀਦੀ ਹੈ। ਜੇ ਮਾਂ-ਪਿਓ ਆਪਣੇ ਬੱਚਿਆਂ ਦੇ ਮੁਤਾਬਿਕ ਚੱਲਣਗੇ, ਤਾਂ ਉਹ ਘਰ ਸਵਰਗ ਬਣ ਜਾਂਦਾ ਹੈ। ਕਹਿਣ ਦਾ ਮਤਲਬ ਹੈ ਕਿ ਬੱਚਿਆਂ ਤੇ ਬਜ਼ੁਰਗਾਂ ਨੂੰ ਆਪਸੀ ਤਾਲਮੇਲ ਬਣਾ ਕੇ ਰੱਖਣਾ ਚਾਹੀਦਾ ਹੈ।

## 2 ਜੁਲਾਈ 'ਤੇ ਵਿਸ਼ੇਸ਼

# ਮੀਰੀ-ਪੀਰੀ ਦਾ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਤੇ ਮੰਤਵ

-ਦਿਲਜੀਤ ਸਿੰਘ ਬੇਦੀ
(Punjab Mail USA)



ਸ੍ਰੀ ਗੁਰੂ ਨਾਨਕ ਸਾਹਿਬ ਨੇ ਕਮਾਲ ਦੀ ਯੋਜਨਾਬੰਦੀ ਨਾਲ ਨਿਰਬਲ ਹੋਈ ਜਨਤਾ ਨੂੰ ਹਲੂਣਿਆਂ, ਜਿਸ ਉਪਰ ਹੰਕਾਰੀ ਅਤੇ ਅਨੈਤਿਕ ਲੋਕ ਕਈ ਸਦੀਆਂ ਤੋਂ ਰਾਜ ਕਰ ਰਹੇ ਸਨ। ਗੁਰੂ ਜੀ ਨੇ ਇਕ ਮੁੱਢੋਂ ਅਜ਼ਾਦ ਧਰਮ ਅਤੇ ਪੰਥ ਦੀ ਸਿਰਜਨਾ ਕੀਤੀ। ਅਕਾਲ ਪੁਰਖ ਦੀ ਆਪਣੀ ਜੋਤਿ ਨੇ ਗੁਰੂ ਨਾਨਕ ਕਹਾਇਆ ਅਤੇ ਫਿਰ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਇਹ ਜੋਤਿ ਗੁਰੂ ਅਰਜਨ ਦੇਵ ਜੀ ਵਿਚ ਪਰਵੇਸ਼ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਤਕ ਇੱਕੋ ਹੀ ਜੋਤਿ ਅਤੇ ਜੁਗਤਿ ਨਿਰੰਤਰ ਚੱਲਦੀ ਰਹੀ। ਇਹ ਜੋਤਿ ਜੁਗਤ ਜੋ ਧਰਮ ਪਿਤਾ ਵਾਹਿਗੁਰੂ ਦੀ ਪ੍ਰੇਰਨਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਹੋਈ ਸੀ, ਦਸ ਗੁਰੂ ਸਾਹਿਬਾਨ ਰਾਹੀਂ ਪ੍ਰਚਾਰੀ ਗਈ, ਉਸੇ ਨਿਰਮਲ ਤੇ ਖਾਲਸ ਧਰਮ ਦਾ ਨਾਮ ਗੁਰਮਤਿ ਹੈ:

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥...
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥...
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ ॥...
ਦੇਵਪੁਰੀ ਮਹਿ ਗਯਉ ਆਪਿ ਪਰਮੇਸੂਰ ਭਾਯਉ ॥...
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥ (ਪੰਨਾ 1408-1409)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਮੋਹਸਿਨ ਫਾਨੀ ਜਿਹੜਾ ਇਰਾਨ ਵੱਲੋਂ ਅੰਮ੍ਰਿਤਸਰ ਆਇਆ, ਨੇ ਆਪਣੀ ਕਿਤਾਬ ਦੇ 'ਨਾਨਕ ਪੰਥੀ' ਮਜ਼ਮੂਨ ਵਿਚ ਦਰਜ ਕੀਤਾ ਕਿ "ਦੁਨੀਆਂ ਦੇ ਮੁਲਕਾਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ, ਜਿਥੇ ਥੋੜ੍ਹੇ ਬਹੁਤ ਸਿੱਖ ਨਾ ਹੋਣ"। ਸ੍ਰੀ ਗੁਰੂ ਅਰਜਨ ਸਾਹਿਬ ਜੀ ਵੇਲੇ ਸਿੱਖੀ ਬਹੁਤ ਫੈਲੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੰਥ ਨੂੰ ਬੁਨਿਆਦੀ ਤੱਥ ਸਮਝਾਉਣ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਵਕਤ ਸੱਤੇ ਬਲਵੰਡੇ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਦਰਜ ਕੀਤੇ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ "ਤੇਰਾ ਕੀਆ ਮੀਠਾ ਲਾਗੈ" ਉਚਾਰਦੇ ਹੋਏ ਸ਼ਹੀਦੀ ਤੋਂ ਪਹਿਲਾਂ ਭਾਈ ਬਿਧੀ ਚੰਦ ਘੋੜਸਵਾਰ ਰਾਹੀਂ ਲਾਹੌਰ ਤੋਂ ਅੰਮ੍ਰਿਤਸਰ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ "ਹਰਗੋਬਿੰਦ ਛੇਵੇਂ ਨਾਨਕ ਹਨ ਅਤੇ ਉਹ ਹਥਿਆਰਬੰਦ ਹੋ ਕੇ ਤਖ਼ਤ 'ਤੇ ਬੈਠਣ ਅਤੇ ਵੱਡੀ ਤੋਂ ਵੱਡੀ ਫੌਜ ਰੱਖਣ"। ਗੁਰੂ ਸਾਹਿਬ ਦੀ ਸ਼ਹੀਦੀ ਸਿੱਖਾਂ ਲਈ ਦਿਲ ਹਿਲਾ ਦੇਣ ਵਾਲੀ ਘਟਨਾ ਸੀ। ਇਸ ਘਟਨਾ ਨੇ ਸਿੱਖ ਧਰਮ ਅੰਦਰ ਇਨਕਲਾਬੀ ਮੋੜ ਲਿਆਂਦਾ। ਸ੍ਰੀ ਗੁਰੂ ਹਰਿਗੋਬਿੰਦ ਜੀ ਗੁਰੂ-ਪਿਤਾ ਦੀ ਸ਼ਹੀਦੀ ਵਕਤ 11 ਸਾਲ ਦੇ ਸਨ। ਇਸ ਸਮੇਂ ਸੰਗਤਾਂ ਨੂੰ ਕੀਰਤਨ ਕਰਨ ਅਤੇ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦੇ ਹੋਏ ਭਾਣਾ ਮੰਨਣ ਦਾ ਹੁਕਮ ਕੀਤਾ ਅਤੇ ਕਿਹਾ ਕਿ ਉਹ ਜਲਦੀ ਹੀ ਪੰਥ ਅੱਗੇ ਨਵਾਂ ਪ੍ਰੋਗਰਾਮ ਰੱਖਣਗੇ।

ਜੂਨ 1606 ਈ: ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ ਅਤੇ ਉਸਾਰੀ ਕਰਵਾਈ। ਇਸ ਉਪਰੰਤ ਉਨ੍ਹਾਂ ਫ਼ੁਰਮਾਇਆ ਕਿ ਤਖ਼ਤ ਉੱਪਰ ਸੁੰਦਰ ਗਲੀਚਾ ਵਿਛਾ ਕੇ ਉਪਰ ਸ਼ਾਹੀ ਠਾਠ ਵਾਲਾ ਚੰਦੋਆ ਲਗਾਉਣ ਅਤੇ ਉਹ ਆਪ ਤਿਆਰ ਹੋ ਕੇ ਆਉਣਗੇ। ਉਨ੍ਹਾਂ ਖ਼ੂਬਸੂਰਤ ਸ਼ਾਹੀ ਬਸਤਰ ਪਹਿਨ ਕੇ, ਦਸਤਾਰ ਤੇ ਕਲਗੀ, ਮੋਤੀਆਂ ਦੀ ਮਾਲਾ ਅਤੇ ਫੌਲਾਦੀ ਚੱਕਰ ਨਾਲ ਸੁਸ਼ੋਭਿਤ ਹੋਣ ਉਪਰੰਤ ਤਖ਼ਤ 'ਤੇ ਪਹੁੰਚੇ ਅਤੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਗੁਰਿਆਈ ਦੇ ਤਿਲਕ ਦੀ ਜਗ੍ਹਾ ਉਨ੍ਹਾਂ ਨੂੰ ਦੋ ਤਲਵਾਰਾਂ ਪਹਿਨਾਉਣ-ਇਕ ਮੀਰੀ ਦੀ ਅਤੇ ਇਕ ਪੀਰੀ ਦੀ। ਉਨ੍ਹਾਂ ਐਲਾਨ ਕੀਤਾ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਵੀ ਧਾਰਮਿਕ ਅਤੇ ਰਾਜਸੀ ਗੁਰੂ ਹੋ ਕੇ ਵਿਚਰਦੇ ਰਹੇ ਹਨ ਪਰ ਹੁਣ ਅਸੀਂ ਨਾ ਸਿਰਫ ਪੰਥ ਨੂੰ ਬਲਕਿ ਸਾਰੇ ਸੰਸਾਰ ਨੂੰ ਆਪਣਾ ਰੂਪ ਪ੍ਰਤੱਖ ਕਰਨਾ ਹੈ। ਉਨ੍ਹਾਂ ਹੁਕਮ ਕੀਤਾ ਕਿ ਉਨ੍ਹਾਂ ਦੇ ਸੀਸ 'ਤੇ ਇਕ ਸਿੱਖ ਹਮੇਸ਼ਾਂ ਸ਼ਾਹੀ ਛਤਰ ਕਰਿਆ ਕਰੇ ਅਤੇ ਇਕ ਹੋਰ ਸਿੱਖ ਚੌਰ ਕਰਿਆ ਕਰੇ। ਉਨ੍ਹਾਂ ਪੰਥ ਨੂੰ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਸੰਗਤਾਂ ਕੋਲੋਂ ਉਨ੍ਹਾਂ ਨੂੰ ਹਥਿਆਰ, ਘੋੜੇ ਅਤੇ ਜਵਾਨੀ ਦੀਆਂ ਭੇਟਾਵਾਂ ਉਤਮ ਰੂਪ ਵਿਚ ਪ੍ਰਵਾਨ ਹੋਣਗੀਆਂ। ਆਪਣੇ ਸਿੱਖਾਂ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਇਤਨੀ ਉੱਚੀ ਕਰ ਦਿੱਤੀ ਕਿ ਜਦ ਗੁਰੂ ਜੀ ਨੇ ਸਿੱਖਾਂ ਨੂੰ ਚੰਗੀ ਨਸਲ ਦੇ ਘੋੜੇ ਲਿਆਉਣ ਲਈ ਸੰਕੇਤ ਦਿੱਤਾ, ਤਾਂ ਅੰਮ੍ਰਿਤਸਰ ਤੋਂ ਘੋੜੇ ਲਿਆਉਣ ਲਈ ਸੈਂਕੜੇ ਸਿੱਖ ਤੁਰ ਪਏ। ਇਸ ਤਰ੍ਹਾਂ ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖਿਲਾਫ ਜੰਗ ਛੇੜਨ ਦਾ ਇਕ ਖੁੱਲ੍ਹਾ ਸੱਦਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਡੁੱਲ੍ਹੇ ਖ਼ੂਨ ਦੀ ਪੈਦਾਵਾਰ ਹੈ। ਪੰਚਮ ਪਾਤਸ਼ਾਹ ਦੀ ਸ਼ਹੀਦੀ ਸਮੇਂ ਸਿੱਖਾਂ 'ਚ ਆਈ ਘਬਰਾਹਟ ਦੇਖ ਕੇ ਮਾਤਾ ਗੰਗਾ ਜੀ ਅਤੇ ਬਾਬਾ ਬੁੱਢਾ ਜੀ ਨੇ ਤਸੱਲੀ ਦਿੱਤੀ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਸ ਹੁਕਮ ਅਨੁਸਾਰ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਦਰਸ਼ਨਾਂ ਨੂੰ ਆਉਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੂਰਬੀਰਾਂ ਨੂੰ ਬਾਬਾ ਬੁੱਢਾ ਜੀ ਦੀ ਦੇਖ-ਰੇਖ 'ਚ ਜੰਗਜੂ ਸੰਘਰਸ਼ ਲਈ ਤਿਆਰ ਕੀਤਾ ਤੇ ਇਨ੍ਹਾਂ ਦੇ ਚਾਰ ਜੱਥੇ ਬਣਾਏ। ਗੁਰੂ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਬੈਠ ਕੇ ਸਿੱਖ ਸੰਗਤਾਂ ਦੇ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ। ਸ੍ਰੀ ਅਕਾਲ ਤਖ਼ਤ ਸਾਹਮਣੇ ਕੁਸ਼ਤੀਆਂ, ਜੰਗਜੂ ਕਰਤੱਬ ਵਾਲੀਆਂ ਖੇਡਾਂ ਕਰਵਾਉਣੀਆਂ ਆਰੰਭ ਕਰ ਦਿੱਤੀਆਂ। ਢਾਡੀ ਬੀਰ-ਰਸੀ ਵਾਰਾਂ ਸੁਣਾਉਂਦੇ, ਸਿੱਖ ਸ਼ਕਤੀ ਦਾ ਖ਼ੂਨ ਜੋਸ਼ ਨਾਲ ਉਬਾਲੇ ਖਾਣ ਲੱਗਾ। ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ, ਜੋ ਮੀਰੀ-ਪੀਰੀ ਦੀ ਸ਼ਕਤੀ ਦੇ ਪ੍ਰਤੀਕ ਹਨ।

ਗੁਰੂ ਜੀ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਦਰਬਾਰ ਲਗਾਉਂਦੇ, ਸਿੱਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆਂ ਜਾਂਦਾ ਅਤੇ ਉਨ੍ਹਾਂ ਦਾ ਨਿਬੇੜਾ ਕੀਤਾ ਜਾਂਦਾ। ਇਸ ਦਰਬਾਰ ਨੇ ਸਾਬਤ ਕਰ ਦਿੱਤਾ ਕਿ ਸਿੱਖ ਕੌਮ ਸਿੱਖ ਧਾਰਮਿਕ ਖੇਤਰ ਵਿਚ ਹੀ ਸੁਤੰਤਰ ਨਹੀਂ, ਸਗੋਂ ਸੰਸਾਰਕ ਮਸਲਿਆਂ ਨੂੰ ਵੀ ਨਜਿੱਠਣ ਦੀ ਸ਼ਕਤੀ ਰੱਖਦੀ ਹੈ। ਇਹ ਆਤਮ ਨਿਰਣੈ ਲੈਣ ਦਾ ਇਕ ਜ਼ੋਰਦਾਰ ਪ੍ਰਗਟਾਵਾ ਸੀ। ਇਹ ਗੁਰੂ ਜੀ ਦੀ ਸ਼ਹਾਦਤ ਦਾ ਪ੍ਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿਚ ਦਿੱਤੇ ਗਏ ਚੈਲੰਜ ਨੂੰ ਪ੍ਰਵਾਨ ਕਰਨ ਦਾ ਐਲਾਨ ਵੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਪਰਉਪਕਾਰੀ ਵਡਯੋਧੇ ਗੁਰੂ ਦੀਆਂ ਅਨੰਤ ਬਖਸ਼ਿਸ਼ਾਂ ਦਾ ਰੂਹਾਨੀ ਕ੍ਰਿਸ਼ਮਾ ਹੈ।

ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਨੇ 2200 ਦੀ ਫੌਜ ਤਿਆਰ ਕੀਤੀ, ਜਿਸ ਵਿਚ 60 ਬੰਦੂਕਚੀ, 300 ਘੋੜ-ਸਵਾਰ ਜਿਨ੍ਹਾਂ ਲਈ 700 ਘੋੜੇ ਸਨ। ਸਰਹਿੰਦ ਦੇ ਨਕਸ਼ਬੰਦੀ ਮੁਸਲਮਾਨ ਜਿਹੜੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਖੁਸ਼ ਹੋਏ ਸਨ, ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਕਾਰਨਾਮੇ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਜਹਾਂਗੀਰ ਨੂੰ ਜ਼ੋਰਦਾਰ ਸ਼ਿਕਾਇਤ ਕੀਤੀ ਕਿ ਤੇਰੇ ਰਾਜ ਵਿਚ ਕੀ ਹੋ ਰਿਹਾ ਹੈ ਕਿ ਕਾਫਰਾਂ ਦਾ ਗੁਰੂ ਤੇਰੇ ਰਾਜ ਵਿਚ ਤਖ਼ਤ 'ਤੇ ਬੈਠਦਾ ਹੈ, ਸੱਚਾ ਪਾਤਸ਼ਾਹ ਕਹਾਉਂਦਾ ਹੈ ਅਤੇ ਉਸ ਨੇ ਆਧੁਨਿਕ ਫੌਜ ਵੀ ਰੱਖੀ ਹੋਈ ਹੈ। ਜਦ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰੂ ਸਾਹਿਬ ਆਪਣੇ ਫੌਜੀਆਂ ਦੀ ਗਾਰਦ ਨਾਲ ਲੈ ਕੇ ਸ਼ਾਹੀ ਠਾਠ ਨਾਲ ਜਹਾਂਗੀਰ ਨੂੰ ਮਿਲੇ ਅਤੇ ਸਪੱਸ਼ਟ ਕੀਤਾ ਕਿ "ਭਾਵੇਂ ਉਹ ਅਕਾਲ ਦੇ ਤਖ਼ਤ 'ਤੇ ਸੁਸ਼ੋਭਿਤ ਹੁੰਦੇ ਹਨ ਪਰ ਉਨ੍ਹਾਂ ਨੇ ਦੁਨੀਆਂ ਦੇ ਕਿਸੇ ਰਾਜ ਦੇ ਇਕ ਗਜ਼ ਹਿੱਸੇ ਉਪਰ ਵੀ ਕਬਜ਼ਾ ਨਹੀਂ ਕੀਤਾ। ਅਕਾਲ ਦੇ ਤਖ਼ਤ ਦਾ ਕਾਰਜ ਖੇਤਰ ਸਾਰਾ ਸੰਸਾਰ ਹੈ ਅਤੇ ਅਕਾਲ ਪੁਰਖ ਵੱਲੋਂ ਉਨ੍ਹਾਂ ਨੂੰ ਕੁਲ ਆਲਮ ਦੇ ਲੋਕਾਂ ਨੂੰ ਰਾਹਤ ਦੇਣ ਦੀ ਜ਼ਿੰਮੇਵਾਰੀ ਮਿਲੀ ਹੋਈ ਹੈ"। "ਜਹਾਂਗੀਰ ਨੂੰ ਇਸ ਬਾਤ ਦੀ ਸਮਝ ਨਾ ਆਈ ਅਤੇ ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੇ ਕੀਰਤਨ ਅਤੇ ਲੋਹ-ਲੰਗਰ ਦੇ ਪ੍ਰੋਗਰਾਮ ਜਾਰੀ ਰੱਖਣ। ਅੰਮ੍ਰਿਤਸਰ ਤੋਂ ਗਵਾਲੀਅਰ ਵੱਲ ਕੀਰਤਨ ਕਰਦੀਆਂ ਸਿੱਖਾਂ ਦੀਆਂ ਟੋਲੀਆਂ ਨੇ ਚਾਲੇ ਪਾ ਦਿੱਤੇ। ਰਸਤੇ ਵਿਚ ਸਭ ਨੂੰ ਲੰਗਰ ਛਕਾਉਂਦੇ ਅਤੇ ਕਿਲ੍ਹੇ ਦੇ ਦੁਆਲੇ ਸਤਿਨਾਮੁ ਦਾ ਜਾਪ ਕਰਦੇ। ਇਸ ਸਮੇਂ ਕੀਰਤਨ ਕਰਦੇ ਸਿੱਖਾਂ ਨੇ ਸਿੱਖੀ ਦਾ ਕਮਾਲ ਦਾ ਪ੍ਰਚਾਰ ਕੀਤਾ, ਜਿਸ ਨਾਲ ਸਿੱਖੀ ਪ੍ਰਚਾਰ ਨੂੰ ਬਲ ਮਿਲਿਆ। ਸਿੱਖਾਂ ਦੀ ਚੜ੍ਹਦੀ ਕਲਾ ਵੇਖ ਕੇ ਅੰਤ ਵਿਚ ਜਹਾਂਗੀਰ ਨੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ 52 ਹੋਰ ਰਾਜਸੀ ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਬੜੀ ਸ਼ਾਨ ਨਾਲ ਮਾਰਚ ਕਰਦਾ ਹੋਇਆ ਗੁਰੂ ਪਾਤਸ਼ਾਹ ਜੀ ਦਾ ਵੱਡਾ ਕਾਫਲਾ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚਿਆ ਅਤੇ ਸਭ ਨੇ ਖੁਸ਼ੀ ਵਿਚ ਆਤਿਸ਼ਬਾਜੀ ਅਤੇ ਦੀਪਮਾਲਾ ਨਾਲ ਗੁਰੂ ਜੀ ਦਾ ਜੋਸ਼ੋ-ਖਰੋਸ਼ ਨਾਲ ਸਵਾਗਤ ਕੀਤਾ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਮੁਗਲਾਂ ਨੇ ਇਸ ਅਲੌਕਿਕ ਸ੍ਰੀ ਅਕਾਲ ਤਖ਼ਤ ਸਾਹਿਬ ਅਧੀਨ ਸਰਬ ਸੰਸਾਰ ਦੇ ਇਲਾਹੀ ਰਾਜ ਨੂੰ ਮਾਨਤਾ ਦਿੱਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦੀ ਸੁਤੰਤਰਤਾ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

"ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਐਸੀ ਸੰਸਥਾ ਬਣ ਚੁੱਕੀ ਹੈ, ਜਿਸ ਨੂੰ ਸਿੱਖਾਂ ਦੀਆਂ ਧਾਰਮਿਕ ਜਾਂ ਰਾਜਨੀਤਿਕ ਗਤੀਵਿਧੀਆਂ ਜਾਂ ਸਿੱਖ ਰਾਜਨੀਤੀ ਵਿਚੋਂ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਦੀ ਸਥਾਪਨਾ ਤੋਂ ਹੁਣ ਤੀਕ ਸਮੁੱਚਾ ਸਿੱਖ ਸੰਘਰਸ਼ ਇਸ ਦੇ ਦੁਆਲੇ ਕੇਂਦਰਿਤ ਰਹੇ ਹਨ। ਰਾਜਨੀਤਿਕ ਸਿਧਾਂਤਾਂ ਦੇ ਅਨੁਸਾਰ ਜੋ ਸਥਿਤੀਆਂ ਕਿਸੇ ਕੌਮ ਲਈ ਜ਼ਰੂਰੀ ਹੁੰਦੀਆਂ ਹਨ, ਉਨ੍ਹਾਂ ਵਿਚ ਝੰਡਾ, ਫ਼ਲਸਫ਼ਾ, ਬੋਲੀ ਅਤੇ ਸੁਤੰਤਰ ਤੌਰ 'ਤੇ ਵਿਚਰਣ ਦੀ ਯੋਗਤਾ; ਸਿੱਖ ਕੌਮ ਇਨ੍ਹਾਂ ਦੀ ਧਾਰਨੀ ਹੈ। ਖਾਲਸਾ ਪੰਥ ਪਾਸ ਆਪਣਾ ਕੇਸਰੀ ਨਿਸ਼ਾਨ ਸਾਹਿਬ (ਝੰਡਾ), ਆਪਣਾ ਧਾਰਮਿਕ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਗੁਰਮੁੱਖੀ ਵਿਚ ਲਿਖੀ ਜਾਣ ਵਾਲੀ ਪੰਜਾਬੀ ਬੋਲੀ, ਸਰਬੱਤ ਖਾਲਸਾ ਦੇ ਰੂਪ ਵਿਚ ਸੰਗਠਤ ਪ੍ਰਣਾਲੀ"। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਕਾਸ਼ਨ ਨਾਲ ਸਿੱਖ ਚਿੰਤਨ ਦੇ ਸੰਕਲਪੀ ਪ੍ਰਸੰਗ ਵਿਚ ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ ਅਤੇ ਸੰਤ ਤੇ ਸਿਪਾਹੀ ਵਰਗੇ ਵੱਖ-ਵੱਖ ਲੱਗਦੇ ਸੰਕਲਪਾਂ ਨੂੰ ਇਕੱਤਰ ਰੂਪ ਵਿਚ ਪ੍ਰਸਤੁਤ ਕਰਨ ਦੀ ਪਹਿਲ ਸਿੱਖ ਧਰਮ ਨੇ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ, ਤਾਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਰਾਹੀਂ ਖਾਲਸਾਈ ਜੋਤਿ ਦੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋਈ ਹੈ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਦੀਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਓਟ ਆਸਰੇ ਬਿਨਾਂ ਕੋਈ ਸਿੱਖ ਜੀਅ ਨਹੀਂ ਸਕਦਾ। ਇਹ ਦੋਵੇਂ ਸੰਸਥਾਵਾਂ ਸਾਰੀ ਦੁਨੀਆਂ 'ਚ ਵਸਦੇ ਸਿੱਖਾਂ ਦੇ ਮਨਾਂ ਵਿਚ ਵਸੀਆਂ ਹੋਈਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਬਾਦਸ਼ਾਹੀ ਤੋਂ ਸੱਚੀ ਪਾਤਸ਼ਾਹੀ ਦੇ ਸੰਕਲਪ ਦੀ ਸਿਰਜਨਾ ਦਾ ਚਿੰਨ੍ਹ ਹੈ। ਅਕਾਲ-ਨੀਤੀ ਦੀ ਉਸਾਰੀ ਦੀ ਪੂਰਬ ਕਲਪਨਾ ਦਾ ਚਿੰਨ੍ਹ, ਨੁਕਤਾ ਜਾਂ ਆਦਿ ਨਿਸ਼ਾਣੁ ਸ੍ਰੀ ਅਕਾਲ ਤਖ਼ਤ ਸਾਹਿਬ, ਮਾਨਵਤਾ ਦੇ ਮਹਾਂ-ਉਥਾਨ ਦਾ ਜ਼ਾਮਨ ਹੈ। ਧਰਮ ਸ਼ਾਸਤਰ ਦੇ ਇਤਿਹਾਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮਾਨਵ-ਚੇਤਨਾ ਦਾ ਇਕ ਅਜਿਹਾ ਕੇਂਦਰ ਹੈ, ਜਿਥੇ ਕੇਵਲ ਤੇ ਕੇਵਲ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਹੋਣਾ ਹੀ ਪਹਿਲੀ ਸ਼ਰਤ ਹੈ। -ਡਾ. ਸੁਖਦਿਆਲ ਸਿੰਘ।

"ਸਿੱਖ ਸਿਧਾਂਤ, ਸਿੱਖ ਸੰਸਥਾਵਾਂ ਅਤੇ ਸਿੱਖ ਵਿਸ਼ਵਾਸ ਨੂੰ ਇਕ ਦੂਜੇ ਦੀ ਨਿਰੰਤਰਤਾ ਵਿਚ ਜਾਂ ਇਕ ਦੂਜੇ ਦੀ ਪੂਰਕਤਾ ਵਿਚ ਹੀ ਵੇਖੇ ਜਾਣ ਦੀ ਲੋੜ ਹੈ। ਅਕਾਦਮਿਕ ਖੇਤਰ ਵਿਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਵਰਤਣ ਵਾਲੇ ਵਿਦਵਾਨਾਂ ਨੇ, ਇਸ ਸਤਿ ਦਾ ਕੋਈ ਨੈਤਿਕ ਬੰਧਨ ਕਬੂਲ ਨਹੀਂ ਕੀਤਾ ਜਾਪਦਾ। ਸਿੱਟਾ ਇਹ ਨਿਕਲਿਆ ਹੈ ਕਿ ਅਧਿਆਤਮਿਕਤਾ ਅਤੇ ਇਤਿਹਾਸ ਨੂੰ, ਸਿਧਾਂਤ ਤੇ ਸੰਸਥਾਵਾਂ ਨੂੰ, ਫ਼ਲਸਫ਼ੇ ਅਤੇ ਧਰਮ ਵਿਗਿਆਨ ਨੂੰ ਅਤੇ ਵਿਸ਼ਵਾਸ ਅਤੇ ਸਮਾਜਿਕਤਾ ਨੂੰ ਗੁਰਬਾਣੀ ਵਿਚ ਪ੍ਰਾਪਤ ਜੋਤਿ ਅਤੇ ਜੁਗਤੀ ਦੇ ਮਾਡਲ ਅਨੁਸਾਰ ਪਰਖਣ ਦੀ ਥਾਂ, ਪ੍ਰਾਪਤ ਅਕਾਦਮਿਕ ਅੰਤਰ-ਦ੍ਰਿਸ਼ਟੀਆਂ ਅਨੁਸਾਰ ਢਾਲਣ ਲਈ ਖਿੱਚ ਧੂਹ ਕੇ ਪੇਸ਼ ਕੀਤਾ ਜਾ ਰਿਹਾ ਹੈ। ਲਿਖਣ ਵਾਸਤੇ ਲਿਖਣ ਦੀ ਆਜ਼ਾਦੀ ਨਾਲ, ਪ੍ਰਮਾਣਿਕ ਸਿੱਖ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਣ ਵਿਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਵਰਤਮਾਨ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਇਸ ਕਿਸਮ ਦੀਆਂ ਮੁਸ਼ਕਲਾਂ ਦਾ ਬਹੁਤ ਚਰਚਾ ਹੋਇਆ ਹੈ। ਸਿਆਸੀ ਵਿਰੋਧ ਨੂੰ ਧਾਰਮਿਕ ਵਿਰੋਧ ਵਜੋਂ ਪੇਸ਼ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਜਿਹੜੇ ਵਿਦਵਾਨ ਸਿੱਖੀ ਜੀਵਨ ਤੋਂ ਦੂਰ ਹਨ, ਉਨ੍ਹਾਂ ਨੇ ਆਪਣੀਆਂ ਕਮਜ਼ੋਰੀਆਂ ਦੀ ਜ਼ਿੰਮੇਵਾਰੀ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਸੁੱਟਣ ਦਾ ਯਤਨ ਕੀਤਾ ਹੈ। ਅਕਾਦਮਿਕ ਖੁੱਲ੍ਹ ਦੇ ਉਲਾਰ ਵਿਚ, ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੁਜਾਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗੁਰਦੁਆਰਿਆਂ ਵਿਚੋਂ ਇਕ ਗੁਰਦੁਆਰਾ ਸਾਬਤ ਕਰਨ ਲਈ, ਜੋ ਜੀਅ ਆਇਆ, ਕਿਹਾ ਅਤੇ ਲਿਖਿਆ ਗਿਆ ਹੈ"। -ਡਾ. ਬਲਕਾਰ ਸਿੰਘ।

"ਅਸੀਂ, ਬਿਖੜੇ-ਸੱਭਿਆਚਾਰ-ਅਵਚੇਤਨ ਦੀਆਂ ਵਿਨਾਸ਼ਕਾਰੀ ਹੱਦਾਂ ਵਿਚੋਂ ਗੁਜ਼ਰ ਰਹੇ ਹਾਂ। ਸਮੁੱਚੇ ਭਾਰਤ ਦਾ ਨੈਤਿਕ, ਸਿਆਸੀ ਅਤੇ ਧਾਰਮਿਕ ਆਪਾ ਇਕ ਵਿਸ਼ੇਸ਼ ਕਿਸਮ ਦੀ ਆਂਤਰਿਕ ਟੁੱਟ-ਭੱਜ ਦਾ ਸ਼ਿਕਾਰ ਹੋ ਰਿਹਾ ਹੈ। ਭਾਰਤ ਭੂ-ਖੰਡ ਦਾ ਸਤਿਕਾਰ ਦੁਨੀਆਂ ਵਿਚ ਦਿਨੋਂ-ਦਿਨ ਘੱਟ ਰਿਹਾ ਹੈ ? ਸੰਭਵ ਹੈ ਕਿ ਇਸ ਦੇ ਸਤਿਕਾਰ ਦੇ ਘੱਟ ਜਾਣ ਦਾ ਕਾਰਨ ਸ਼ਾਇਦ ਇਹ ਵੀ ਹੋਵੇ ਕਿ ਸਾਰੀਆਂ ਸਿਆਸੀ ਜਮਾਤਾਂ ਨੇ, ਧਰਮਾਂ ਨੂੰ, ਨਿੱਤ ਵਰਤੋਂ ਦਾ ਹਥਿਆਰ ਬਣਾ ਕੇ ਵਰਤਣ ਦਾ ਵਿਨਾਸ਼ਕਾਰੀ ਖੇਲ੍ਹ ਖੇਲਿਆ ਹੈ। ਧਾਰਮਿਕ ਤੇਜੱਸਵ ਦੀ ਪੁਨਰ-ਸਥਾਪਤੀ ਲਈ ਇਹੋ ਜਿਹੇ ਯਤਨ ਪੰਥ ਦੇ ਅਤੇ ਸਮੁੱਚੇ ਭਾਰਤ ਭੂ-ਖੰਡ ਦੇ ਵਿਕਾਸ ਅਤੇ ਇਸ ਦੀਆਂ ਸਰਬ-ਉੱਚ ਮਾਣ-ਮਰਿਯਾਦਾਵਾਂ ਅਤੇ ਸੰਭਾਵਨਾਵਾਂ ਦੀ ਸਥਾਪਤੀ ਲਈ ਕਾਰਗਰ ਸਿੱਧ ਹੋ ਸਕਦੇ ਹਨ। ਧਰਮ ਦੇ ਵਿਕਾਸ ਦਾ ਜ਼ੁੰਮਾ ਨਾਸਤਿਕ ਸਿਆਸੀ ਮਾਫੀਆ ਦੇ ਹੱਥਾਂ ਵਿਚ ਆ ਸਕਦਾ ਹੈ। ਸ਼ਾਇਦ ਰੱਬ ਦੀ ਥਾਂ ਪੁਜਾਰੀ ਨੇ ਮੱਲ ਲਈ ਹੈ ਅਤੇ ਬਾਣੀ ਦੀ ਥਾਂ ਮਹਿਜ਼ ਵਿਆਖਿਆ ਦੇ ਸ਼ੌਕ ਨੇ ਮੱਲ ਲਈ ਹੈ। ਇਸ ਕਿਸਮ ਦਾ ਸੰਕਟ ਪੰਥ ਨੂੰ ਹਰ ਸਮੇਂ ਦਰਪੇਸ਼ ਰਿਹਾ ਹੈ। ਇਹ ਸੰਕਟ ਸਾਡੇ ਸਵੱਛ-ਅਧਿਆਤਮਕ ਚਿੰਤਨ ਨੂੰ ਸਾਂਝੇ-ਅਵਚੇਤਨ ਵਿਚ ਪਰਿਵਰਤਿਤ ਨਹੀਂ ਹੋਣ ਦੇ ਰਿਹਾ। ਇਸੇ ਕਾਰਨ ਸਾਡਾ ਧਾਰਮਿਕ ਤੇ ਮਾਨਸਿਕ ਅਵਚੇਤਨ ਨਿਤਾਪ੍ਰਤੀ ਟੁੱਟ ਰਿਹਾ ਹੈ। ਇਨ੍ਹਾਂ ਮਹਾਨ ਸੰਸਥਾਵਾਂ ਦਾ ਮਹੱਤਵ ਤੇ ਰੁਤਬਾ ਸਾਨੂੰ ਉਦੋਂ ਪਤਾ ਲੱਗਦਾ ਹੈ, ਜਦੋਂ ਭਾਈ ਮਨੀ ਸਿੰਘ ਵਰਗੇ ਚਿੰਤਕ ਅਤੇ ਸ਼ਹੀਦ ਦੁਨੀਆਂ ਨੂੰ ਇਹ ਸਮਝਾ ਦਿੰਦੇ ਹਨ ਕਿ ਚਿੰਤਨ ਅਤੇ ਜ਼ਿੰਦਗੀ ਦੋ ਵੱਖ-ਵੱਖ ਮੁੱਦੇ ਨਹੀਂ ਹਨ। ਬਲਕਿ, ਇਹ ਅਕਾਲ ਪੁਰਖ ਦੇ ਵਰੋਸਾਏ ਹੋਏ ਏਕੀਕ੍ਰਿਤ-ਮੁੱਦੇ ਹਨ। ਇਹੋ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸ਼ਾਸਤਰੀ-ਨੇਮ ਜਾਂ ਨੈਤਿਕ ਜ਼ਿੰਦਗੀਨਾਮਹ ਬਣਦਾ ਹੈ। ਇਹੀ ਦੈਵੀ-ਫ਼ਲਸਫ਼ਾ ਸਦ-ਜਾਗਤ ਜੋਤਿ ਸ੍ਰੀ ਅਕਾਲ ਪੁਰਖ ਜੀ ਦੀ ਅੰਸ਼ ਬਣਨ ਦੀ ਮਿੱਠੀ ਵੰਗਾਰ ਵੀ ਬਣਦਾ ਹੈ।" ਡਾ. ਕੁਲਵੰਤ ਸਿੰਘ ਗਰੇਵਾਲ।

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਸਰਬ-ਉੱਚਤਾ ਲਈ ਕਿਸੇ ਵੀ ਵਿਅਕਤੀ ਦੀ ਮੁਥਾਜੀ ਨਹੀਂ ਹੈ। ਇਸ ਨੂੰ ਗੁਰੂ-ਕਾਲ ਤੋਂ ਹੀ ਸਰਬ-ਉੱਚਤਾ ਪ੍ਰਾਪਤ ਰਹੀ ਹੈ। ਕਵੀ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਤੇ ਹੋਰ ਲੇਖਕ ਇਸ ਬਾਰੇ ਗਵਾਹੀ ਆਪਣੀਆਂ ਲਿਖਤਾਂ ਵਿਚ ਵੀ ਕਰਦੇ ਹਨ। ਜਿਹੜੇ ਵਿਅਕਤੀ ਇਹ ਸਮਝਦੇ ਹਨ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਵਿਚ ਕੋਈ ਵਾਧਾ ਜਾਂ ਘਾਟਾ ਕਰ ਸਕਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕੌਮੀ ਰੂਹ ਵਿਚ ਉਤਰ ਚੁੱਕੀਆਂ ਸੰਸਥਾਵਾਂ ਨੂੰ ਬੌਧਿਕ ਕਲਾਬਾਜ਼ੀਆਂ ਅਤੇ ਚਾਤਰੀ ਨਾਲ ਪੈਦਾ ਕੀਤੇ ਆਸਰਿਆਂ ਦੀ ਲੋੜ ਨਹੀਂ ਪੈਂਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1920 ਈ: ਤੋਂ ਲੈ ਕੇ ਅੱਜ ਤੱਕ ਅਜਿਹੀ ਪੰਥਕ ਸੰਸਥਾ ਸਾਬਤ ਹੋਈ ਹੈ, ਜਿਸ ਨੇ ਲਗਾਤਾਰ ਇਹ ਕੋਸ਼ਿਸ਼ ਕੀਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਨ ਦੀ ਆਨ ਅਤੇ ਸ਼ਾਨ ਨੂੰ ਚਮਕਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਇਸ ਦੇ ਬਾਵਜੂਦ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ, ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤਕ ਪੱਧਰ 'ਤੇ ਆਪਸੀ ਤਾਲਮੇਲ ਅਤਿ ਜ਼ਰੂਰੀ ਹੈ। ਇਸ ਬਿਨਾਂ ਇਹ ਸੰਸਥਾਵਾਂ ਪ੍ਰਫੁਲਤ ਨਹੀਂ ਹੋ ਸਕਦੀਆਂ। ਇਨ੍ਹਾਂ ਤਿੰਨਾ ਸੰਸਥਾਵਾਂ ਦਾ ਜਬਰੀ ਮਿਲਗੋਬਾ ਨਹੀਂ ਹੋਣਾ ਚਾਹੀਦਾ। ਸਹੀ ਅਰਥਾਂ ਵਿਚ ਅਜੋਕੇ ਦੌਰ ਵਿਚ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਸੰਚਾਲਕ ਸਿੱਖ ਜਗਤ ਵਿਚ ਚੁਣੌਤੀਆਂ ਨਾਲ ਜੂਝ ਰਹੇ ਹਨ, ਇਸਦਾ ਕਾਰਨ ਵੀ ਸਾਫ ਸਪੱਸ਼ਟ ਹੈ ਕਿ ਜਦੋਂ ਸਿਧਾਤਾਂ ਦੀ ਬਲੀ ਦੇ ਕੇ ਕੋਈ ਸਰਦਾਰੀ ਕਾਇਮ ਕਰਨਾ ਚਾਹੇਗਾ, ਤਾਂ ਅਜਿਹੇ ਹਲਾਤਾਂ ਨਾਲ ਦੋ-ਚਾਰ ਹੋਣਾ ਹੀ ਪਵੇਗਾ।

**ਕੀਤਾ ਕੀ ਜਾਵੇ:-** ਇਹ ਤਿੰਨੇ ਸੰਸਥਾਵਾਂ ਆਪਣੇ ਮੁੱਢਲੇ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਸਿੱਖ ਕਿਰਦਾਰ ਪੈਦਾ ਕਰਕੇ ਪ੍ਰਚਾਰ ਦਾ ਖੇਤਰ ਚੁਨਣ। ਹਰ ਦੇਸ਼ ਵਿਚ ਯੂਨਿਟ ਕਾਇਮ ਕਰਕੇ ਸੇਵਾ, ਸਿਮਰਨ, ਕਿਰਤ ਦਾ ਸਿਧਾਂਤ ਨਿਮਰਤਾ ਨਾਲ ਪ੍ਰਚਾਰਨ। ਆਧੁਨਿਕ ਸਾਧਨਾਂ ਰਾਹੀਂ ਨਵੀਂ ਪਨੀਰੀ ਨੂੰ ਸਿੱਖ ਇਤਿਹਾਸ, ਧਰਮ ਬਾਰੇ ਜਾਣਕਾਰੀ ਮੁਹੱਈਆ ਕਰਨ ਦਾ ਯਤਨ ਕੀਤਾ ਜਾਵੇ। ਕਹਿਣੀ ਤੇ ਕਥਨੀ ਦਾ ਪਾਠ ਸਰਵਣ ਹੀ ਨਾ ਕਰਵਾਇਆ ਜਾਵੇ, ਪਹਿਲਾਂ ਉਨ੍ਹਾਂ ਦੇ ਧਾਰਨੀ ਹੋਇਆ ਜਾਵੇ ਆਪ ਰੋਲ ਮਾਡਲ ਬਣਨ ਦੀ ਲੋੜ ਹੈ। ਨਵੀਨਤਮ ਕਿਸਮ ਨਾਲ ਸੁੰਦਰ ਦਿਲਚਸਪ ਸਾਹਿਤ, ਗਤੀਵਿਧੀਆਂ ਪ੍ਰਚਾਰਨ ਲਈ ਟੀ.ਵੀ. ਚੈਨਲਾਂ, ਸੋਸ਼ਲ ਮੀਡੀਆ ਤੇ ਅਖਬਾਰਾਂ, ਰਸਾਲਿਆਂ ਨੂੰ ਹਥਿਆਰ ਵਜੋਂ ਜੰਗੀ ਪੱਧਰ 'ਤੇ ਅਪਣਾਇਆ ਜਾਵੇ। ਸੰਸਾਰ ਵਿਚ ਵੱਧਦੇ ਸਿੱਖ ਭਾਈਚਾਰੇ ਨੂੰ ਇਕ ਲੜੀ 'ਚ ਪਰੋਣ ਲਈ ਇਕ ਅਜਿਹਾ ਦਸਤਾਵੇਜ਼ ਤਿਆਰ ਹੋਵੇ, ਜਿਸ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਣ ਵਾਲੇ ਸਮਾਜ ਉਸਾਰੂ ਫੈਸਲਿਆਂ ਨੂੰ ਇਕ ਕਲਿੱਕ ਰਾਹੀਂ ਭੇਜ ਸਕੇ। ਇਸ ਵਾਸਤੇ ਯੂਨਿਟ ਕਾਇਮ ਕੀਤੇ ਜਾਣ। ਜਿਹੜੀਆਂ ਸੰਸਥਾਵਾਂ ਆਪਣੇ ਆਪ ਨੂੰ ਬੁੱਧੀਜੀਵੀ ਵਰਗ ਨਾਲੋਂ ਤੋੜ ਲੈਂਦੀਆਂ ਜਾਂ ਦੂਰੀ ਬਣਾ ਲੈਂਦੀਆਂ ਹਨ, ਉਨ੍ਹਾਂ ਦਾ ਵਜੂਦ ਅਖੀਰ ਜਲਦ ਹੀ ਖਾਤਮੇ ਵੱਲ ਵੱਧ ਜਾਂਦਾ ਹੈ। ਅੱਜ ਸਵੈ-ਪੜਚੋਲ ਦੀ ਲੋੜ ਹੈ, ਜੋ ਹੋ ਨਹੀਂ ਰਹੀ।



# ਫ਼ਿਲਮ "ਜੱਟ ਜਿਊਣਾ ਮੌੜ" ਦੀ ਚੜ੍ਹਤ ਦੇ ਦਿਲਚਸਪ ਕਿੱਸੇ

-ਸੁਰਜੀਤ ਜੱਸਲ
98146-07737
(Punjab Mail USA)



ਕੁਝ ਦਿਨ ਪਹਿਲਾਂ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਮੌੜ' ਨਵੀਂ ਪੀੜ੍ਹੀ ਦੇ ਦਰਸ਼ਕਾਂ ਦੀ ਪਸੰਦ ਬਣੀ ਹੋਈ ਹੈ। ਫ਼ਿਲਮ ਵਿਚ ਦੇਵ ਖਰੋੜ, ਐਮੀ ਵਿਰਕ ਸਮੇਤ ਹੋਰ ਵੀ ਅਨੇਕਾਂ ਨਾਮੀਂ ਕਲਾਕਾਰਾਂ ਨੇ ਫ਼ਿਲਮ 'ਚ ਅਹਿਮ ਕਿਰਦਾਰ ਨਿਭਾਏ ਹਨ। ਇਸ ਫ਼ਿਲਮ ਨੂੰ ਵੇਖਦਿਆਂ ਕਹਿ ਸਕਦੇ ਹਾਂ ਕਿ ਲੇਖਕ ਨਿਰਦੇਸ਼ਕ ਜਤਿੰਦਰ ਮੌਹਰ ਨੇ ਆਪਣੀ ਸੂਝ-ਬੂਝ ਤੇ ਮਿਹਨਤ ਸਦਕਾ ਫ਼ਿਲਮ ਨੂੰ ਬਿਹਤਰ ਬਣਾਉਣ ਦੇ ਯਤਨ ਕੀਤੇ ਹਨ। ਭਾਵੇਂਕਿ ਇਸ ਫ਼ਿਲਮ ਦੀ ਕਹਾਣੀ 30 ਸਾਲ ਪਹਿਲਾਂ ਦੀ ਸੂਪਰ-ਡੂਪਰ ਹਿੱਟ 'ਜੱਟ ਜਿਊਣਾ ਮੌੜ' ਨੂੰ ਥੋੜ੍ਹਾ ਹੋਰ ਵਿਸਥਾਰ ਨਾਲ ਪੇਸ਼ ਕਰਦੀ ਹੈ ਪ੍ਰੰਤੂ ਬਹੁਤੇ ਦਰਸ਼ਕਾਂ ਦਾ ਇਹ ਕਹਿਣਾ ਹੈ ਕਿ ਮੌੜ ਫ਼ਿਲਮ ਅੱਜ ਦੇ ਸਮੇਂ ਠੀਕ ਹੈ, ਪ੍ਰੰਤੂ ਗੁੱਗੂ ਗਿੱਲ ਵਾਲੀ ਗੱਲ ਨਹੀਂ ਬਣੀ... ਭਾਵੇਂਕਿ ਗੁੱਗੂ ਗਿੱਲ ਵਾਲੀ ਜਿਉਣਾ ਮੌੜ ਵੀ ਇਸੇ ਫ਼ਿਲਮ ਦੇ ਬਰਾਬਰ ਰਿਲੀਜ਼ ਹੋਈ ਸੀ ਪ੍ਰੰਤੂ ਐਨ ਮੌਕੇ ਇਸ ਫ਼ਿਲਮ ਨੂੰ ਕੁਝ ਗਿਣਵੀਆਂ-ਚੁਣਵੀਆਂ ਸਕਰੀਨਾਂ ਦੇ ਸ਼ੋਅ ਹੀ ਮਿਲੇ। ਖੈਰ.... ਇਸ ਲੇਖ ਰਾਹੀਂ ਤੀਹ ਸਾਲ ਪਹਿਲਾਂ ਵਾਲੀ ਜਿਊਣਾ ਮੌੜ ਨਾਲ ਜੁੜੇ ਕੁਝ ਜਾਣਕਾਰੀ ਭਰਪੂਰ ਰੌਚਕ ਤੱਥ ਸਾਂਝੇ ਕਰ ਰਹੇ ਹਾਂ।

ਅੱਜ ਜਦੋਂ 'ਜੱਟ ਜਿਊਣਾ ਮੌੜ' 'ਤੇ ਬਣੀ ਨਵੀਂ ਫ਼ਿਲਮ 'ਮੌੜ' ਰਿਲੀਜ਼ ਹੋ ਚੁੱਕੀ ਹੈ, ਤਾਂ ਤੀਹ ਸਾਲ ਪਹਿਲਾਂ ਬਣੀ ਲੇਖਕ ਨਿਰਦੇਸ਼ਕ ਰਵਿੰਦਰ ਰਵੀ ਤੇ ਅਭਿਨੇਤਾ ਗੁਗੂ ਗਿੱਲ ਦੀ ਬਲਾਕਬੱਸਟਰ ਫ਼ਿਲਮ 'ਜੱਟ ਜਿਊਣਾ ਮੌੜ' ਵੀ ਚਰਚਾ ਦਾ ਵਿਸ਼ਾ ਬਣੀ ਹੋਈ ਐ, ਕੁੱਝ ਚੰਗੇ ਕਾਰਨਾਂ ਕਰਕੇ ਤੇ ਕੁਝ ਗਲਤ ਕਾਰਨਾਂ ਕਰਕੇ... ਗਲਤ ਕਾਰਨ ... ਕਿਉਂਕਿ ਪੁਰਾਣੀ ਫ਼ਿਲਮ ਦੇ ਨਿਰਮਾਤਾਵਾਂ ਨੇ ਉਸ ਫ਼ਿਲਮ ਨੂੰ ਨਵੀਂ ਫਿਲਮ ਦੇ ਬਰਾਬਰ ਰਿਲੀਜ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋਏ ਪਰ ਇਸ ਗੱਲ ਦੇ ਬਾਵਜੂਦ ਜੱਟ ਜਿਊਣਾ ਮੌੜ ਦੀ ਰਿਲੀਜ਼ ਵੇਲੇ ਹੋਈ ਇਸ ਫ਼ਿਲਮ ਦੀ ਚੜ੍ਹਤ ਤੇ ਜਲੌਂ, ਫ਼ਿਲਮ ਵੱਲੋਂ ਸਥਾਪਤ ਕਾਰਨਾਮੇ ਤੇ ਰਿਕਾਰਡਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਆਓ, ਜੱਟ ਜਿਊਣਾ ਮੌੜ ਦੇ ਰਚੇ ਇਤਹਾਸ ਤੇ ਰਿਕਾਰਡਾਂ 'ਤੇ ਇੱਕ ਝਾਤ ਮਾਰੀਏ।

- ਤੀਹ ਸਾਲ ਪਹਿਲਾਂ 27 ਮਈ, 1992 ਨੂੰ ਰਿਲੀਜ਼ ਹੋਈ ਜੱਟ ਜਿਊਣਾ ਮੌੜ ਜਿਨ੍ਹਾਂ ਨੇ ਸਿਨੇਮੇ ਵਿਚ ਉਸ ਟਾਈਮ 'ਤੇ ਇਹ ਫ਼ਿਲਮ ਦੇਖੀ ਹੈ, ਉਨ੍ਹਾਂ ਨੂੰ ਯਾਦ ਹੋਵੇਗਾ ਕਿ ਕਿਵੇਂ ਸਿਨਮੇ ਦੇ ਵਿਚ ਮੇਲੇ ਵਰਗਾ ਮਾਹੌਲ ਹੁੰਦਾ ਸੀ। ਫ਼ਿਲਮ ਦਾ ਪਹਿਲਾ ਸ਼ੋਅ ਦਸ ਵਜੇ ਸ਼ੁਰੂ ਹੁੰਦਾ ਸੀ ਪਰ ਲੋਕ ਸੱਤ ਵਜੇ ਹੀ ਸਿਨਮਿਆਂ ਬਾਹਰ ਇਕੱਠੇ ਹੋਣਾ ਸ਼ੁਰੂ ਹੋ ਜਾਂਦੇ ਸੀ। ਦੱਸ-ਬਾਰਾਂ ਹਫਤਿਆਂ ਤੱਕ ਸਿਨੇਮੇ ਵਾਲਿਆਂ ਨੂੰ ਢਾਈ ਤਿੰਨ ਸੌ ਕੁਰਸੀ ਵਾਧੂ ਲਾਉਣੀ ਪੈਂਦੀ ਸੀ। ਲ਼ੋਕਾਂ ਦੀ ਭੀੜ ਸੰਭਾਲਣ ਲਈ ਕਈ ਸਿਨਮਿਆਂ ਵਿਚ ਪੁਲਿਸ ਬੁਲਾਉਣੀ ਪਈ ਸੀ। ਲੋਕਾਂ ਨੇ ਗੀਤਾ ਸਿਨੇਮਾ ਮੋਗਾ ਤੇ ਰਾਜਪਾਲ ਮੁਕਤਸਰ ਦੇ ਗੇਟ ਤੋੜ ਸਿੱਟੇ ਸਨ।
- ਲੁਧਿਆਣੇ ਜੱਟ ਜਿਊਣਾ ਮੋੜ ਮਿੰਨੀ ਅਰੋੜਾ ਵਿਚ ਰਿਲੀਜ਼ ਹੋਈ ਸੀ। ਮੇਨ ਅਰੋੜਾ ਵਿਚ ਅਭਿਤਾਬ ਬੱਚਨ ਦੀ 'ਹਮ' ਲੱਗੀ ਹੋਈ ਸੀ। ਚੱਲਦੇ ਸ਼ੋਅ ਵਿਚ ਮਿੰਨੀ ਅਰੋੜਾ ਸਿਨੇਮਾ ਦਾ ਸਾਊਂਡ ਖਰਾਬ ਹੋ ਗਿਆ। ਹਾਲ ਵਿਚ ਚੀਕ-ਚੀਹਾੜਾਂ ਪੈ ਗਿਆ। ਕੁਰਸੀਆਂ ਟੁੱਟਣ ਦੇ ਹੋਰ ਨੁਕਸਾਨ ਹੋਣ ਦੇ ਡਰ ਤੋਂ ਸਿਨਮੇ ਵਾਲਿਆਂ ਨੇ 'ਹਮ' ਫ਼ਿਲਮ ਵਿਚੋਂ ਬੰਦ ਕਰਵਾਈ ਤੇ 'ਜੱਟ ਜਿਊਣਾ ਮੌੜ' ਦੇ ਦਰਸ਼ਕ ਮੇਨ ਸਿਨਮੇ ਵਿਚ ਸ਼ਿਫਟ ਕਰਵਾ ਕੇ ਸ਼ੋਅ ਚਲਵਾਇਆ।
- ਗੁੱਗੂ ਗਿੱਲ ਵੱਲੋਂ ਬੋਲੇ ਫ਼ਿਲਮ ਦੇ ਹਰ ਡਾਇਲਾਗ 'ਤੇ ਸਿਨਮੇ ਵਿਚ ਉਸ ਦੇ ਪ੍ਰਸ਼ੰਸਕਾਂ ਵਲੋਂ ਮਾਰੀਆਂ ਜਾਂਦੀਆਂ ਸੀਟੀਆਂ ਤੇ ਤਾੜੀਆਂ ਬਾਹਰ ਮੇਨ ਰੋਡ ਤੱਕ ਸੁਣਦੀਆਂ ਸੀ। ਗੁੱਗੂ ਗਿੱਲ ਪੰਜਾਬੀ ਸਿਨੇਮਾ ਦਾ ਬੇਤਾਜ ਬਾਦਸ਼ਾਹ ਤੇ ਸਦਾਬਹਾਰ ਨਾਇਕ ਬਣ ਗਿਆ। ਫ਼ਿਲਮ ਦੇ ਡਾਇਲਾਗ ਇੰਨੇ ਜ਼ਬਰਦਸਤ ਸਨ ਕਿ ਅੱਜ ਵੀ ਤਕਰੀਬਨ ਸੱਤਰ ਫ਼ਿਲਮਾਂ ਕਰਨ ਦੇ ਬਾਵਜੂਦ ਲੋਕ ਗੁੱਗੂ ਗਿੱਲ ਤੋਂ ਜੱਟ ਜਿਊਣਾ ਮੌੜ ਦੇ ਹੀ ਡਾਇਲਾਗ ਸੁਣਨਾ ਪਸੰਦ ਕਰਦੇ ਨੇ। ਇਹ ਫ਼ਿਲਮ ਸੁਪਰ-ਡੁਪਰ ਹਿੱਟ ਹੋਣ ਤੋਂ ਬਾਅਦ ਗੁੱਗੂ ਗਿੱਲ ਨੂੰ ਬਹੁਤ ਹਿੰਦੀ ਫ਼ਿਲਮਾਂ ਆਫ਼ਰ ਹੋਈਆਂ ਪਰ ਉਸ ਨੇ ਮਾਹਣੀਖੇੜਾ (ਗੁੱਗੂ ਗਿੱਲ ਦਾ ਪਿੰਡ) ਛੱਡ ਕੇ ਬੰਬਈ ਵੱਸਣਾ ਸਵੀਕਾਰ ਨਹੀਂ ਕੀਤਾ ਤੇ ਹਮੇਸ਼ਾ ਪੰਜਾਬੀ ਫ਼ਿਲਮਾਂ ਨੂੰ ਹੀ ਤਰਜੀਹ ਦਿੱਤੀ। ਨਿਰਦੇਸ਼ਕ ਰਵਿੰਦਰ ਰਵੀ ਨੂੰ ਵੀ ਉਸ ਵੇਲੇ ਦੇ ਸਭ ਤੋਂ ਵੱਡੇ ਨਿਰਮਾਤਾ ਪਹਿਲਾਜ ਨਿਹਲਾਨੀ ਨੇ ਸਾਈਨ ਕੀਤਾ ਪਰ ਉਹ ਵੀ ਪੰਜਾਬੀ ਫਿਲਮਾਂ ਵਿਚ ਹੀ ਬਿਜ਼ੀ ਹੋ ਗਿਆ ਤੇ ਉਹ ਫ਼ਿਲਮ ਸ਼ੁਰੂ ਨਾ ਹੋਈ।
- ਫ਼ਿਲਮ ਵਿਚ ਸਾਰੇ ਪਾਤਰਾਂ ਦੀ ਚੋਣ ਐਨੀ ਪਰਪੱਕ ਸੀ ਕਿ ਦਰਸ਼ਕਾਂ ਨੇ ਸਾਰਿਆਂ ਨੂੰ ਆਪਣੇ ਸਿਰ ਅੱਖਾਂ 'ਤੇ ਬਿਠਾਇਆ ਤੇ ਕਿਸੇ ਫ਼ਿਲਮ ਦੇਖ ਕੇ ਇਹ ਸ਼ਿਕਾਇਤ ਨਹੀਂ ਕੀਤੀ ਕਿ ਇਹ ਰੋਲ ਉਹ ਐਕਟਰ ਨੂੰ ਕਰਨਾ ਚਾਹੀਦਾ ਸੀ ਜਾਂ ਉਹ ਰੋਲ ਫਲਾਣੇ ਐਕਟਰ ਨੂੰ।
- ਗੁੱਗੂ ਗਿੱਲ ਦੀ ਨਿੱਜੀ ਪਾਲਤੂ ਘੋੜੀ ਜਿਸ ਦਾ ਨਾਂ ਅੰਜੂਮਨ ਸੀ, ਨੇ ਬਾਕਮਾਲ ਕੰਮ ਕੀਤਾ। ਫ਼ਿਲਮ ਅਣਖ ਜੱਟਾਂ ਦੀ ਵਿਚ ਇਸੇ ਘੋੜੀ ਨੇ ਦਿਲਸ਼ਾਦ ਅਖ਼ਤਰ ਦੇ ਗਾਣੇ ਵਿਚ ਡਾਂਸ ਕੀਤਾ ਸੀ।
- ਫ਼ਿਲਮ ਦੀ ਸ਼ੂਟਿੰਗ ਹਨੂੰਮਾਨਗੜ੍ਹ ਦੇ ਟਿੱਬਿਆਂ ਵਿਚ ਹੋਈ ਤੇ ਜੋ ਡਾਕੂਆਂ ਦਾ ਅੱਡਾ ਦਿਖਾਇਆ ਗਿਆ ਹੈ, ਉੱਥੇ ਕਿਸੇ ਟਾਈਮ 'ਤੇ ਅਸਲੀ ਡਾਕੂ ਰਹਿੰਦੇ ਸੀ। ਗੁੱਗੂ ਗਿੱਲ ਦੇ ਹੱਥ ਵਿਚ ਫੜੀ .315 ਗੰਨ ਅਸਲ਼ੀ ਸੀ ਤੇ ਉਸ ਦੀ ਫਾਈਰਿੰਗ ਵਿਚ ਅਸਲੀ ਕਾਰਤੂਸ ਹੀ ਵਰਤੇ ਗਏ। ਪਹਿਲਾਂ ਦੂਰ ਤੱਕ ਘੋੜਿਆਂ ਤੇ ਖੇਤਾਂ ਵਿਚ ਦੋ ਘੋੜਸਵਾਰ ਚੈੱਕ ਕਰਦੇ ਕਿ ਕੋਈ ਖੇਤਾਂ ਵਿਚ ਕੰਮ ਤਾਂ ਨਹੀਂ ਕਰ ਰਿਹਾ, ਫੇਰ ਹੀ ਸ਼ਾਟ ਲਿਆ ਜਾਂਦਾ।
- ਤੀਹ ਲੱਖ ਦੇ ਬਜਟ ਵਿਚ ਬਣੀ ਜੱਟ ਜਿਊਣਾ ਮੌੜ ਆਪਣੇ ਵੇਲੇ ਦੀ ਪੰਜਾਬੀ ਦੀ ਸਭ ਤੋਂ ਮਹਿੰਗੀ ਫ਼ਿਲਮ ਸੀ ਪਰ ਇਸ ਨੇ ਦੋ ਹਫ਼ਤਿਆਂ ਵਿਚ ਹੀ ਸਿਰਫ ਅੱਠ ਪ੍ਰਿੰਟਾਂ 'ਤੇ 16 ਲੱਖ ਕਮਾ ਕੇ ਪੰਜਾਬ ਵਿਚ ਪਹਿਲਾਂ ਬਣੇ 'ਪੁੱਤ ਜੱਟਾਂ ਦੇ', 'ਸ਼ੋਅਲੇ' ਤੇ 'ਖੁਦਾ ਗਵਾਹ' ਫ਼ਿਲਮਾਂ ਦਾ ਰਿਕਾਰਡ ਤੋੜਿਆ। ਆਪਣੇ ਪੱਚੀ ਹਫ਼ਤੇ ਦੇ ਸਿਲਵਰ ਜੁਬਲੀ ਰਣ ਵਿਚ 95 ਲੱਖ ਦੀ ਰਿਕਾਰਡ ਕਮਾਈ ਕੀਤੀ। ਯਾਦ ਰਹੇ ਉਸ ਵੇਲੇ ਸਿਨੇਮਾ ਟਿਕਟ ਦੀ ਕੀਮਤ ਹਾਲ 15 ਰਪਏ ਤੇ ਬਾਲਕੋਨੀ 20 ਰੁਪਏ ਸੀ। ਫ਼ਿਲਮ ਪੰਜਾਬ ਤੇ ਦੋ ਕੇ ਸਿਨਮਿਆਂ ਵਿਚ ਰਾਜਸਥਾਨ ਲੱਗੀ ਸੀ ਪਰ ਫ਼ਿਲਮ ਓਵਰਸ਼ੀਜ਼ ਰਿਲੀਜ਼ ਨਹੀਂ ਹੋਈ ਸੀ।
- ਪੰਜਾਬੀ ਫ਼ਿਲਮਾਂ ਦਾ ਇਤਿਹਾਸ ਜੇ ਤੁਸੀਂ ਗੂਗਲ ਸਰਚ ਕਰੋਗੇ, ਤਾਂ ਜੱਟ ਜਿਊਣਾ ਮੌੜ ਨੂੰ ਪੰਜਾਬੀ ਦੀ 'ਸ਼ੋਅਲੇ' ਕਿਹਾ ਗਿਆ ਹੈ ਤੇ ਯਕੀਨਨ ਜਿਨ੍ਹਾਂ ਨੇ ਇਹ ਫ਼ਿਲਮ ਉਸ ਵੇਲੇ ਸਿਨਮੇ ਵਿਚ ਦੇਖੀ ਹੋਵੇਗੀ, ਉਹ ਜੱਟ ਜਿਊਣਾ ਮੌੜ ਬਾਰੇ ਦੱਸਣਗੇ ਕਿ ਕਿਸ ਤਰ੍ਹਾਂ ਇਸੇ ਫ਼ਿਲਮ ਨੇ ਟਿਕਟ ਖਿੜਕੀ 'ਤੇ ਆਪਣੇ ਝੰਡੇ ਲਹਿਰਾਏ ਸੀ ਤੇ ਕਿਵੇਂ ਗੁੱਗੂ ਗਿੱਲ ਦੀ ਦਹਾੜ ਨੇ ਸਿਨਮਿਆਂ ਦੀਆਂ ਕੰਧਾਂ ਹਿਲਾਈਆਂ ਸੀ।
- 30 ਸਾਲ ਪਹਿਲਾਂ ਦੀ ਗੱਲ ਕਰੀਏ, ਤਾਂ ਭਾਵੇਂ ਉਦੋਂ ਸੋਸ਼ਲ ਮੀਡੀਆ ਨਹੀਂ ਸੀ। ਫ਼ਿਲਮ ਦੇ ਪ੍ਰਚਾਰਕ ਸਾਧਨ ਵੀ ਨਾਮਾਤਰ ਹੀ ਸੀ, ਪ੍ਰੰਤੂ ਫੇਰ ਵੀ ਦਰਸ਼ਕਾਂ ਦਾ ਪਿੰਡਾਂ ਤੋਂ ਟਰਾਲੀਆਂ ਭਰ-ਭਰ ਆਉਣਾ ਪੰਜਾਬੀ ਸਿਨਮੇ ਦੇ ਸੁਨਹਿਰੇ ਦੌਰ ਦੀ ਨਿਸ਼ਾਨੀ ਸੀ। ਜਦਕਿ ਅੱਜ ਦੇ ਦੌਰ ਵਿਚ ਪ੍ਰਚਾਰ ਲਈ ਮਣਾਂ-ਮੂੰਹੀਂ ਪੈਸਾ ਲੁਟਾਇਆ ਜਾਂਦਾ ਹੈ। 'ਕੱਲੇ-'ਕੱਲੇ ਸ਼ਹਿਰ ਫ਼ਿਲਮ ਦੀ ਸਮੁੱਚੀ ਟੀਮ ਨੂੰ ਸਪੈਸ਼ਲ ਟੂਰ ਬਣਾ ਕੇ ਜਾਣਾ ਪੈਂਦਾ ਹੈ, ਦਰਸ਼ਕਾਂ ਨੂੰ ਬਹਾਨੇ ਨਾਲ ਸਿਨੇਮਿਆਂ 'ਚ ਇਕੱਠੇ ਕੀਤਾ ਜਾਂਦਾ ਹੈ, ਫ਼ਿਲਮ ਨਾਲ ਜੁੜੇ ਸੁਆਲ-ਜੁਆਬ ਪੁੱਛ ਕੇ ਗਿਫ਼ਟ ਦਿੱਤੇ ਜਾਂਦੇ ਹਨ। ਤਾਂਕਿ ਦਰਸ਼ਕ ਫ਼ਿਲਮ ਵੇਖੇ......। ਅੱਗੇ ਚੰਗੀ ਫ਼ਿਲਮ ਹੋਣ ਦਾ ਪ੍ਰਚਾਰ ਕਰਕੇ ਦਰਸ਼ਕ ਹੀ ਦੱਸ ਦਿੰਦਾ ਸੀ ਤੇ ਲੋਕ ਫ਼ਿਲਮ ਵੇਖਣ ਲਈ ਵਹੀਰਾ ਘੱਤ ਦਿੰਦੇ ਸੀ।
- ਫ਼ਿਲਮ 'ਚ ਜਿੱਥੇ ਗੁੱਗੂ ਗਿੱਲ ਜਿਊਣੇ ਦੇ ਕਿਰਦਾਰ 'ਚ ਨਾਇਕ ਵਜੋਂ ਉੱਭਰ ਕੇ ਸਾਹਮਣੇ ਆਇਆ, ਉੱਥੇ ਡੋਗਰ ਦੇ ਖਲਨਾਇਕ ਕਿਰਦਾਰ ਨੂੰ ਗੁਰਕੀਰਤਨ ਚੌਹਾਨ ਨੇ ਕੋਈ ਕਸਰ ਨਾ ਛੱਡੀ। ਰੰਗਮੰਚ ਤੇ ਫ਼ਿਲਮਾਂ ਨਾਲ ਜੁੜੇ ਸਵ. ਗੁਰਕੀਰਤਨ ਨੂੰ ਜਿਊਣਾ ਮੌੜ ਨੇ ਸਿਨਮੇ ਇਤਿਹਾਸ 'ਚ ਸਦਾ ਲਈ ਅਮਰ ਕਰ ਦਿੱਤਾ। ਉਸਦੇ ਬੋਲੇ ਡਾਇਲਾਗ ਅੱਜ ਵੀ ਦਰਸ਼ਕਾਂ ਦੇ ਚੇਤਿਆਂ ਵਿਚ ਵਸੇ ਪਏ ਹਨ। ਇੱਕ ਗੱਲ ਸਪੱਸ਼ਟ ਹੈ ਕਿ ਚਾਲੀ ਸਾਲ ਪਹਿਲਾਂ ਬਣੀ ਫ਼ਿਲਮ ਜੱਗਾ ਡਾਕੂ ਦੇ ਕਿਰਦਾਰ ਲਈ ਦਾਰਾ ਸਿੰਘ ਤੇ ਜਿਊਣਾ ਮੌੜ ਲਈ ਗੱਗੂ ਗਿੱਲ ਹੀ ਪੈਦਾ ਹੋਏ ਹਨ, ਜੋ ਮਕਬੂਲੀਅਤ ਇਨ੍ਹਾਂ ਦੇ ਹਿੱਸੇ ਆਈ, ਕਿਸੇ ਹੋਰ ਦੇ ਨਹੀਂ।
- ਅਖੀਰ ਵਿਚ ਇਹੋ ਕਹਾਂਗੇ ਕਿ ਪੰਜਾਬੀ ਸਿਨੇਮਾ ਇਤਿਹਾਸ ਵਿਚੋਂ ਜਿਊਣਾ ਮੌੜ ਬਾਰੇ ਹੋਰ ਵੀ ਫ਼ਿਲਮਾਂ ਬਣਦੀਆਂ ਰਹਿਣਗੀਆਂ ਪ੍ਰੰਤੂ ਗੁੱਗੂ ਗਿੱਲ ਵਾਲੇ ਜਿਊਣਾ ਮੌੜ ਦੀ ਚਮਕ-ਦਮਕ ਕਦੇ ਫਿੱਕੀ ਨਹੀਂ ਹੋਵੇਗੀ। ਫ਼ਿਲਮ ਦੇ ਨਿਰਮਾਤਾਵਾਂ, ਨਿਰਦੇਸ਼ਕਾਂ ਨੂੰ ਵੀ ਇੱਕ ਅਹਿਮ ਸੁਝਾਉ ਹੈ ਕਿ ਪੰਜਾਬੀ ਸਿਨਮੇ ਨੂੰ ਸਿਰਫ਼ ਦਰਸ਼ਕਾਂ ਦੇ ਮਨੋਰੰਜਨ ਦੇਣ ਦੇ ਮਕਸਦ ਨਾਲ ਹੀ ਵਰਤੋ, ਨਾ ਕਿ ਮੁਕਾਬਲੇ ਲਈ। ਇਕੋ ਦਿਨ ਦੋ-ਦੋ ਫ਼ਿਲਮਾਂ ਰਿਲੀਜ਼ ਕਰਨ ਦੀ ਗੀਤ ਤੋਂ ਹਟਕੇ ਪੰਜਾਬੀ ਸਿਨਮੇ ਨੂੰ ਇੱਕ ਤਰਤੀਬ ਨਾਲ ਪੇਸ਼ ਕਰਨ ਦੀ ਅਹਿਮ ਲੋੜ ਹੈ। ਇਸ ਵਿਚ ਸਭ ਦੀ ਬੇਹਤਰੀ ਹੋਵੇਗੀ।






## ਅੰਬ ਸਬੰਧੀ ਦਿਲਚਸਪ ਤੱਥ



ਰਜਵਿੰਦਰ ਪਾਲ ਸ਼ਰਮਾ
ਬਠਿੰਡਾ
70873-67969
(Punjab Mail USA)



1. ਭਾਰਤੀ ਅੰਬ ਦਾ ਵਿਗਿਆਨਕ ਨਾਮ ਮੈਂਜੀਫਿਰਾ ਇੰਡੀਕਾ ਹੈ।
2. ਦੁਨੀਆਂ ਵਿਚ 400 ਤੋਂ ਜ਼ਿਆਦਾ ਅੰਬ ਦੀਆਂ ਕਿਸਮਾਂ ਪਾਈਆਂ ਜਾਂਦੀਆਂ ਹਨ।
3. ਸੁੰਦਰੀ, ਲੰਗੜਾ, ਅਮਰਪਾਲੀ, ਰਾਜਾਪੁਰੀ, ਦੁਸ਼ਿਹਰੀ ਅੰਬ ਦੀਆਂ ਮੁੱਖ ਕਿਸਮਾਂ ਹਨ।
4. ਅੰਬ ਦੇ ਦਰੱਖ਼ਤ ਦੀ ਲੰਬਾਈ 35-40 ਮੀਟਰ ਹੁੰਦੀ ਹੈ।
5. ਅੰਬ ਵਿਚ ਕਾਰਬੋਹਾਈਡ੍ਰੇਟ 15 ਗ੍ਰਾਮ, ਚਰਬੀ 0.38 ਗ੍ਰਾਮ, ਪ੍ਰੋਟੀਨ 0.82 ਗ੍ਰਾਮ, ਵੱਖ-ਵੱਖ ਪ੍ਰਕਾਰ ਦੇ ਵਿਟਾਮਿਨ ਅਤੇ ਖਣਿਜ ਪਦਾਰਥ ਸ਼ਾਮਲ ਹੁੰਦੇ ਹਨ।
6. ਅੰਬ ਦੀ ਖੇਤੀ ਦੀ ਸ਼ੁਰੂਆਤ ਚੌਥੀ ਅਤੇ ਪੰਜਵੀਂ ਸਦੀ ਵਿਚ ਦੱਖਣੀ ਏਸ਼ੀਆ ਤੋਂ ਹੁੰਦੀ ਹੋਈ ਹੌਲੀ-ਹੌਲੀ ਅਫ਼ਰੀਕੀ ਦੇਸ਼ਾਂ ਤੱਕ ਫੈਲ ਗਈ।
7. ਅੰਬ ਭਾਰਤ, ਪਾਕਿਸਤਾਨ ਅਤੇ ਫਿਲੀਪੀਨਜ਼ ਦੇਸ਼ਾਂ ਦਾ ਰਾਸ਼ਟਰੀ ਫਲ ਹੈ।
8. ਦੁਨੀਆਂ ਦੇ ਇਕਤਾਲੀ ਪ੍ਰਤੀਸ਼ਤ ਅੰਬਾਂ ਦਾ ਉਤਪਾਦਨ ਭਾਰਤ ਵਿਚ ਹੁੰਦਾ ਹੈ।
9. ਅੰਬ ਕੈਂਸਰ ਦੀ ਰੋਕਥਾਮ, ਇਮਿਊਨਿਟੀ ਵਧਾਉਣ, ਸ਼ੂਗਰ ਘਟਾਉਣ, ਪਾਚਣ ਸ਼ਕਤੀ ਵਧਾਉਣ ਅਤੇ ਕੋਲੈਸਟਰੋਲ ਦਾ ਪੱਧਰ ਨਿਯੰਤਰਣ ਰੱਖਣ ਵਿਚ ਬਹੁਤ ਮਦਦ ਕਰਦਾ ਹੈ।
10. ਅੰਬ ਨੂੰ ਫਲਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ।

## ਬਹਾਦਰੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਇੱਕ ਰਾਜੇ ਨੇ ਦੂਜੇ ਰਾਜੇ ਨੂੰ ਹਰਾ ਕੇ ਕੈਦ ਕਰ ਲਿਆ ਅਤੇ ਫਾਂਸੀ ਦੇਣ ਦਾ ਹੁਕਮ ਕੀਤਾ। ਜਦ ਅਸੂਲ ਅਨੁਸਾਰ ਹਾਰੇ ਹੋਏ ਰਾਜੇ ਨੂੰ ਆਖਰੀ ਇੱਛਾ ਪੁੱਛੀ ਗਈ, ਤਾਂ ਉਸ ਨੇ ਕਿਹਾ, 'ਮੈਨੂੰ ਮੇਰਾ ਕੋਟ ਲਿਆ ਦਿਉ'। ਆਖ਼ਰੀ ਇੱਛਾ ਵਿਚ ਕੋਟ ਦੀ ਮੰਗ ਸੁਣ ਕੇ ਅਹਿਲਕਾਰ ਚੌਂਕ ਕੇ ਉਸ ਨੂੰ ਪੁੱਛਦੇ ਕਿ ਆਖ਼ਰੀ ਇੱਛਾ ਵਿਚ ਕੋਈ ਆਪਣੀ ਬੀਵੀ, ਬੱਚਿਆਂ ਨੂੰ ਮਿਲਣ ਦੀ ਖਾਹਸ਼ ਕਰਦਾ ਹੈ ਤੇ ਕੋਈ ਆਪਣੇ ਵਜ਼ੀਰਾਂ ਨੂੰ!!! ਪਰ ਕੋਟ ਮੰਗਣ ਵਾਲੀ ਗੱਲ ਦੀ ਸਮਝ ਨਹੀਂ ਆਈ ? ਬਹਾਦਰ ਰਾਜੇ ਨੇ ਜੋ ਜਵਾਬ ਦਿੱਤਾ, ਉਸ ਤੋਂ ਹਰ ਸ਼ਖਸ ਹੈਰਾਨ ਸੀ। ਰਾਜੇ ਨੇ ਕਿਹਾ, 'ਅੱਜ ਸਰਦੀ ਬਹੁਤ ਹੈ। ਹੋ ਸਕਦਾ ਹੈ ਮੈਂ ਸਰਦੀ ਕਾਰਨ ਕੰਬਣ ਲੱਗ ਪਵਾਂ, ਤਾਂ ਮੇਰੀ ਪਰਜਾ ਇਹ ਨਾ ਸਮਝ ਲਵੇ ਕਿ ਸਾਡਾ ਰਾਜਾ ਮੌਤ ਦੇ ਡਰੋਂ ਕੰਬਣ ਲੱਗ ਪਿਆ ਹੈ ਅਤੇ ਪਰਜਾ ਨੂੰ ਗਲਤ ਸੁਨੇਹਾ ਚਲਾ ਜਾਵੇ, ਜਿਸ ਨਾਲ ਸਾਡੀ ਆਉਣ ਵਾਲੀ ਨਸਲ ਕਮਜ਼ੋਰ ਨਾ ਹੋ ਜਾਵੇ।' ਦੋਸਤੋ ਇਹ ਹੁੰਦੀ ਹੈ ਅਸਲ ਬਹਾਦਰੀ॥

# ਝੂਠੀ ਸੌਂਹ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)



ਇਹ ਹੱਡਬੀਤੀ ਦੱਸਣ ਦਾ ਮਕਸਦ ਕਿਸੇ ਤਰ੍ਹਾਂ ਦਾ ਵਹਿਮ-ਭਰਮ ਫੈਲਾਉਣਾ ਜਾਂ ਇਹ ਦਰਸਾਉਣਾ ਨਹੀਂ ਹੈ ਕਿ ਕਿਸੇ ਖਾਸ ਧਾਰਮਿਕ ਸਥਾਨ 'ਤੇ ਚੁੱਕੀ ਹੋਈ ਕਸਮ ਤੋੜਨ ਨਾਲ ਕੋਈ ਨੁਕਸਾਨ ਹੋ ਸਕਦਾ ਹੈ। ਪਰ ਕਈ ਵਾਰ ਕੁਦਰਤੀ ਤੌਰ 'ਤੇ ਆਪਸ ਵਿਚ ਜੁੜੀਆਂ ਹੋਈਆਂ ਅਜਿਹੀਆਂ ਘਟਨਾਵਾਂ ਇੱਕ ਤੋਂ ਬਾਅਦ ਇੱਕ ਵਾਪਰ ਜਾਂਦੀਆਂ ਹਨ, ਜੋ ਲੋਕਾਂ ਦੇ ਮਨਾਂ ਵਿਚ ਭੈਅ ਪੈਦਾ ਕਰ ਦਿੰਦੀਆਂ ਹਨ। ਕੁਝ ਲੋਕ ਐਨੀ ਬੇਸ਼ਰਮੀ ਅਤੇ ਬੇਬਾਕੀ ਨਾਲ ਝੂਠ ਬੋਲਦੇ ਹਨ ਕਿ ਵੇਖ ਕੇ ਹੈਰਾਨੀ ਹੁੰਦੀ ਹੈ। ਪੁਲਿਸ ਦੀ ਨੌਕਰੀ ਦੌਰਾਨ ਕਈ ਵਾਰ ਅਜਿਹੇ ਮੌਕੇ ਆਉਂਦੇ ਹਨ, ਜਦੋਂ ਦੋ ਪਾਰਟੀਆਂ ਦਾ ਛੋਟਾ-ਮੋਟਾ ਝਗੜਾ ਸਹੁੰ ਨੇਮ 'ਤੇ ਮੁਕਾਉਣਾ ਪੈਂਦਾ ਹੈ। ਵੇਖਣ ਵਿਚ ਆਇਆ ਹੈ ਕਿ ਸੱਚਾ ਆਦਮੀ ਚਾਹੇ ਕਿੰਨਾ ਵੀ ਨੁਕਸਾਨ ਝੱਲ ਜਾਵੇ, ਕਦੇ ਸਹੁੰ ਨਹੀਂ ਚੁੱਕਦਾ ਪਰ ਬੇਸ਼ਰਮ ਅਤੇ ਝੂਠਾ ਵਿਅਕਤੀ ਝੂਠੀ ਸਹੁੰ ਚੁੱਕਣ ਲੱਗਿਆਂ ਪਲ ਨਹੀਂ ਲਾਉਂਦਾ।

1994-95 ਵਿਚ ਮੈਂ ਰੋਪੜ ਜ਼ਿਲ੍ਹੇ ਦੇ ਥਾਣੇ ਮੋਰਿੰਡੇ ਦਾ ਐੱਸ.ਐੱਚ.ਉ. ਲੱਗਾ ਹੋਇਆ ਸੀ। ਇੱਕ ਪਿੰਡ ਵਿਚ ਦੋ ਪਾਰਟੀਆਂ ਦਰਮਿਆਨ ਕਿਸੇ ਗੱਲ ਤੋਂ ਝਗੜਾ ਹੋ ਗਿਆ ਤੇ ਮੈਂ ਭੁਪਿੰਦਰ ਸਿੰਘ ਨਾਮਕ ਇੱਕ ਥਾਣੇਦਾਰ ਨੂੰ ਮੌਕਾ ਵੇਖਣ ਲਈ ਭੇਜ ਦਿੱਤਾ। ਉਹ ਮੌਕੇ 'ਤੇ ਗਿਆ ਤੇ ਦੋਵਾਂ ਪਾਰਟੀਆਂ ਵਿਚ ਰਾਜ਼ੀਨਾਵਾਂ ਕਰਵਾ ਦਿੱਤਾ। ਰਾਜ਼ੀਨਾਵਾਂ ਕਰਵਾਉਂਦੇ ਸਮੇਂ ਉਸ ਨੇ ਇੱਕ ਪਾਰਟੀ ਦੇ ਮੋਹਰੀ ਬੰਦੇ ਖੇਤਰਪਾਲ (ਕਾਲਪਨਿਕ ਨਾਮ) ਨੂੰ ਕੁਝ ਜ਼ਿਆਦਾ ਹੀ ਦਬਕਾ ਦਿੱਤਾ, ਜੋ ਰਾਜ਼ੀਨਾਵੇਂ ਵਿਚ ਬਿਨਾਂ ਮਤਲਬ ਅੜਿੱਕਾ ਡਾਹ ਰਿਹਾ ਸੀ। ਭੁਪਿੰਦਰ ਸਿੰਘ ਅਜੇ ਥਾਣੇ ਪਹੁੰਚਿਆ ਹੀ ਸੀ ਕਿ ਪਿੱਛੇ ਹੀ ਖੇਤਰਪਾਲ ਬੰਦਿਆਂ ਦੀ ਟਰਾਲੀ ਭਰ ਕੇ ਥਾਣੇ ਪਹੁੰਚ ਗਿਆ। ਕੁਦਰਤੀ ਮੈਂ ਦਫਤਰ ਹੀ ਬੈਠਾ ਸੀ ਤੇ ਰੌਲਾ-ਗੌਲਾ ਸੁਣ ਕੇ ਉਨ੍ਹਾਂ ਬੰਦਿਆਂ ਨੂੰ ਅੰਦਰ ਬੁਲਾ ਲਿਆ। ਖੇਤਰਪਾਲ ਨੇ ਭੁਪਿੰਦਰ ਸਿੰਘ 'ਤੇ ਇਲਜ਼ਾਮ ਲਗਾ ਦਿੱਤਾ ਕਿ ਇਸ ਨੇ ਮੇਰੇ ਕੋਲੋਂ 2000 ਰੁਪਏ ਰਿਸ਼ਵਤ ਲਈ ਹੈ। ਭੁਪਿੰਦਰ ਸਿੰਘ ਨੂੰ ਪੁੱਛਿਆ, ਤਾਂ ਉਸ ਨੇ ਦੱਸਿਆ ਕਿ ਇਹ ਵਿਅਕਤੀ ਜਾਣਬੁੱਝ ਕੇ ਰਾਜ਼ੀਨਾਵਾਂ ਨਹੀਂ ਸੀ ਹੋਣ ਦੇ ਰਿਹਾ। ਇਸ ਲਈ ਮੈਂ ਇਸ ਨੂੰ ਦਬਕੇ ਜ਼ਰੂਰ ਮਾਰੇ ਹਨ, ਪਰ ਰਿਸ਼ਵਤ ਕੋਈ ਨਹੀਂ ਲਈ।

ਕਾਫੀ ਦੇਰ ਤੱਕ ਬਹਿਸ-ਮੁਸਾਹਬਾ ਚੱਲਦਾ ਰਿਹਾ ਪਰ ਗੱਲ ਕਿਸੇ ਤਣ-ਪੱਤਣ ਨਾ ਲੱਗੀ। ਜਦੋਂ ਦੋਵੇਂ ਧਿਰਾਂ ਆਪੋ-ਆਪਣੀ ਗੱਲ 'ਤੇ ਅਡਿੱਗ ਰਹੀਆਂ, ਤਾਂ ਮੈਂ ਇੱਕ ਵਿਚਕਾਰਲਾ ਰਾਹ ਲੱਭ ਲਿਆ। ਮੋਰਿੰਡੇ ਵਿਖੇ ਇੱਕ ਬਹੁਤ ਹੀ ਪਵਿੱਤਰ ਅਸਥਾਨ ਹੈ, ਜਿੱਥੇ ਸਹੁੰ ਖਾਣ ਦੀ ਕੋਈ ਹਿੰਮਤ ਨਹੀਂ ਕਰਦਾ। ਮੈਂ ਪੰਚਾਇਤ ਨੂੰ ਕਹਿ ਦਿੱਤਾ ਕਿ ਭੁਪਿੰਦਰ ਸਿੰਘ 2000 ਰੁਪਏ ਉਸ ਅਸਥਾਨ 'ਤੇ ਰੱਖ ਦੇਵੇਗਾ ਤੇ ਖੇਤਰਪਾਲ ਚੁੱਕ ਲਵੇ। ਸੱਚ ਝੂਠ ਦਾ ਨਿਤਾਰਾ ਪ੍ਰਮਾਤਮਾ 'ਤੇ ਛੱਡ ਦਿੱਤਾ ਜਾਵੇ। ਦੋਵੇਂ ਧਿਰਾਂ ਇਸ ਗੱਲ ਨਾਲ ਸਹਿਮਤ ਹੋ ਗਈਆਂ ਤੇ ਝਗੜਾ ਨਿੱਬੜ ਗਿਆ। ਭੁਪਿੰਦਰ ਸਿੰਘ ਨੇ ਧਾਰਮਿਕ ਸਥਾਨ 'ਤੇ ਪੈਸੇ ਰੱਖ ਦਿੱਤੇ ਜੋ ਖੇਤਰਪਾਲ ਨੇ ਪੰਚਾਇਤ ਦੀ ਹਾਜ਼ਰੀ ਵਿਚ ਚੁੱਕ ਲਏ। ਇਸ ਘਟਨਾ ਤੋਂ ਤਿੰਨ-ਚਾਰ ਮਹੀਨੇ ਬਾਅਦ ਮੈਨੂੰ ਦੁਬਾਰਾ ਉਸ ਪਿੰਡ ਵਿਚ ਜਾਣਾ ਪਿਆ ਕਿਉਂਕਿ ਉਥੇ ਦੋ ਭਰਾਵਾਂ ਰਾਮ ਸਿੰਘ ਅਤੇ ਸ਼ਾਮ ਸਿੰਘ (ਕਾਲਪਨਿਕ ਨਾਮ) ਵਿਚ ਇੱਕ ਏਕੜ ਜ਼ਮੀਨ ਦੇ ਕਬਜ਼ੇ ਦਾ ਝਗੜਾ ਚੱਲ ਰਿਹਾ ਸੀ, ਜੋ ਗੰਭੀਰ ਰੂਪ ਧਾਰਨ ਕਰ ਗਿਆ ਸੀ।

ਜਦੋਂ ਮੈਂ ਉਸ ਪਿੰਡ ਪਹੁੰਚਿਆ ਤਾਂ ਵੇਖਿਆ ਕਿ ਝਗੜੇ ਵਾਲੀ ਜ਼ਮੀਨ ਵਿਚ ਕਣਕ ਪੱਕੀ ਖੜ੍ਹੀ ਸੀ ਤੇ ਦੋਵੇਂ ਧਿਰਾਂ ਉਸ 'ਤੇ ਹੱਕ ਜਤਾ ਰਹੀਆਂ ਸਨ। ਮੌਜੂਦਾ ਸਰਪੰਚ ਤੇ ਉਸ ਦੇ ਸਾਥੀ ਰਾਮ ਸਿੰਘ ਦੀ ਹਮਾਇਤ ਵਿਚ ਖੜ੍ਹੇ ਸਨ ਤੇ ਸਾਬਕਾ ਸਰਪੰਚ ਅਤੇ ਉਸ ਦੇ ਸਾਥੀ ਸ਼ਾਮ ਸਿੰਘ ਦੀ ਹਮਾਇਤ ਵਿਚ ਖੜ੍ਹੇ ਸਨ। ਜ਼ਮੀਨ ਸਾਂਝੇ ਖਾਤੇ ਵਾਲੀ ਸੀ, ਇਸ ਕਾਰਨ ਇਹ ਦੱਸਣਾ ਮੁਸ਼ਕਿਲ ਸੀ ਕਿ ਇਸ ਦਾ ਮਾਲਕ ਦੋਵਾਂ ਭਰਾਵਾਂ ਵਿਚੋਂ ਕੌਣ ਸੀ। ਰਾਮ ਸਿੰਘ ਪਾਰਟੀ ਦਾ ਕਹਿਣਾ ਸੀ ਕਿ ਕਣਕ ਰਾਮ ਸਿੰਘ ਨੇ ਬੀਜੀ ਹੈ, ਉਸ ਨੇ ਹੀ ਸਿੰਜਾਈ ਕੀਤੀ ਹੈ ਤੇ ਉਸ ਨੇ ਹੀ ਖਾਦ ਪਾਈ ਹੈ। ਸ਼ਾਮ ਸਿੰਘ ਤਾਂ ਕਦੇ ਉਥੇ ਵੜਿਆ ਹੀ ਨਹੀਂ ਸੀ। ਸ਼ਾਮ ਸਿੰਘ ਦਾ ਕਹਿਣਾ ਸੀ ਕਿ ਕਣਕ ਉਸ ਨੇ ਬੀਜੀ ਹੈ, ਉਸ ਨੇ ਸਿੰਜਾਈ ਕੀਤੀ ਹੈ ਤੇ ਉਸ ਨੇ ਹੀ ਖਾਦ ਪਾਈ ਹੈ। ਰਾਮ ਸਿੰਘ ਦਾ ਤਾਂ ਉਥੇ ਮਤਲਬ ਹੀ ਕੋਈ ਨਹੀਂ। ਮੈਂ ਇਹ ਸੁਣ ਕੇ ਹੈਰਾਨ ਰਹਿ ਗਿਆ ਤੇ ਸਮਝਾਉਣ ਦੇ ਇਰਾਦੇ ਨਾਲ ਬੋਲਿਆ, "ਹੋ ਸਕਦਾ ਹੈ ਕਿ ਜ਼ਮੀਨ ਰਾਮ ਸਿੰਘ ਨੇ ਵਾਹੀ ਹੋਵੇ, ਬੀਜ ਦਾ ਛੱਟਾ ਸ਼ਾਮ ਸਿੰਘ ਦੇ ਗਿਆ ਹੋਵੇ, ਪਾਣੀ ਰਾਮ ਸਿੰਘ ਨੇ ਦਿੱਤਾ ਹੋਵੇ ਤੇ ਖਾਦ ਸ਼ਾਮ ਸਿੰਘ ਨੇ ਪਾਈ ਹੋਵੇ। ਦੋਵਾਂ ਧਿਰਾਂ ਦਾ ਜੋ ਕਹਿਣਾ ਹੈ, ਉਹ ਅਸੰਭਵ ਹੈ। ਦੋਵਾਂ ਵਿਚੋਂ ਇੱਕ ਪਾਰਟੀ ਤਾਂ ਝੂਠ ਬੋਲ ਰਹੀ ਹੈ। ਚਲੋ ਮੈਨੂੰ ਨਹੀਂ ਪਤਾ, ਪਰ ਪਿੰਡ ਵਾਲਿਆਂ ਨੂੰ ਤਾਂ ਪਤਾ ਹੈ ਕਿ ਕੀ ਹੋਇਆ ਹੈ।"

ਪਰ ਦੋਵੇਂ ਧਿਰਾਂ ਆਪੋ-ਆਪਣੀ ਗੱਲ 'ਤੇ ਅੜੀਆਂ ਰਹੀਆਂ। ਹਾਰ ਕੇ ਮੈਂ ਕਿਹਾ ਕਿ ਚਲੋ ਰਾਮ ਸਿੰਘ ਤੇ ਸ਼ਾਮ ਸਿੰਘ ਮੋਰਿੰਡੇ ਵਾਲੇ ਧਾਰਮਿਕ ਸਥਾਨ 'ਤੇ ਸਹੁੰ ਚੁੱਕਣ। ਮੈਂ ਸੋਚਿਆ ਕਿ ਜਿਹੜਾ ਝੂਠਾ ਹੋਵੇਗਾ ਉਹ ਡਰ ਜਾਵੇਗਾ ਤੇ ਸਹੁੰ ਨਹੀਂ ਚੁੱਕੇਗਾ। ਪਰ ਉਹ ਦੋਵੇਂ ਭਰਾ ਇਸ ਲਈ ਖੁਸ਼ੀ-ਖੁਸ਼ੀ ਤਿਆਰ ਹੋ ਗਏ। ਜਦੋਂ ਮੇਰਾ ਇਹ ਤੀਰ ਨਾ ਚੱਲਿਆ, ਤਾਂ ਮੈਂ ਕਿਹਾ ਕਿ ਮੈਂ ਤਾਂ ਸਰਪੰਚ ਅਤੇ ਸਾਬਕਾ ਸਰਪੰਚ ਨੂੰ ਸਹੁੰ ਚੁਕਾਵਾਂਗਾ। ਉਹ ਵੀ ਦੋਵੇਂ ਬਿਨਾਂ ਕਿਸੇ ਡਰ-ਭੈਅ ਦੇ ਇਸ ਕੰਮ ਲਈ ਤਿਆਰ ਹੋ ਗਏ। ਐਨਾ ਕੁਫਰ ਤੁਲਦਾ ਵੇਖ ਕੇ ਮੈਂ ਪਰੇਸ਼ਾਨ ਹੋ ਗਿਆ। ਮੈਂ ਥੋੜ੍ਹਾ ਗੁੱਸੇ ਜਿਹੇ ਨਾਲ ਕਿਹਾ, "ਤੁਹਾਡੇ ਤਾਂ ਸਾਰੇ ਪਿੰਡ ਨੇ ਕੁਫਰ ਤੋਲਣ ਦਾ ਠੇਕਾ ਲਿਆ ਹੋਇਆ ਹੈ। ਤਿੰਨ ਕੁ ਮਹੀਨੇ ਪਹਿਲਾਂ ਤੁਹਾਡੇ ਪਿੰਡ ਦੇ ਖੇਤਰਪਾਲ ਨੇ ਝੂਠੇ ਹੀ ਪੈਸੇ ਚੁੱਕ ਲਏ ਸਨ।" ਮੌਜੂਦਾ ਸਰਪੰਚ ਪੱਗ ਸਵਾਰਦਾ ਹੋਇਆ ਬੋਲਿਆ, "ਸਰਦਾਰ ਜੀ, ਉਹ ਤਾਂ ਪੈਸੇ ਚੁੱਕਣ ਤੋਂ ਦੋ ਹਫਤੇ ਬਾਅਦ ਹੀ ਮਰ ਗਿਆ ਸੀ। ਤੁਸੀਂ ਸਾਡੀ ਗੱਲ ਕਰੋ। ਦੱਸੋ ਕਦੋਂ ਚੁੱਕਣੀ ਆ ਸਹੁੰ?"

ਸੁਣ ਕੇ ਮੈਨੂੰ ਚੱਕਰ ਆਉਣ ਲੱਗ ਪਏ। ਝੂਠੀ ਸਹੁੰ ਚੁੱਕਣ ਵਾਲੇ ਖੇਤਰਪਾਲ ਦੀ ਮੌਤ ਦਾ ਵੀ ਉਨ੍ਹਾਂ ਲੋਕਾਂ 'ਤੇ ਭੋਰਾ ਅਸਰ ਨਹੀਂ ਸੀ ਹੋਇਆ। ਮੈਂ ਖਿਝ ਕੇ ਕਿਹਾ, "ਮੈਨੂੰ ਤਾਂ ਭਰਾਵੋ ਮਾਫ ਹੀ ਕਰੋ। ਤੁਸੀਂ ਹੋਰ ਕਿੰਨੇ ਕੁ ਬੰਦੇ ਮਰਵਾਉਣੇ ਆ ਝੂਠੀਆਂ ਸਹੁੰਆਂ ਚੁੱਕਵਾ ਕੇ? ਮੈਂ ਨਹੀਂ ਚੁਕਾਉਂਦਾ ਕਿਸੇ ਨੂੰ ਸਹੁੰ। ਜਾਉ ਜਾ ਕੇ ਅਦਾਲਤ ਵਿਚ ਕੇਸ ਕਰ ਦਿਉ।" ਮੈਂ ਗੱਡੀ ਨੂੰ ਸੈੱਲਫ ਮਾਰ ਕੇ ਉਥੋਂ ਭੱਜਣ ਵਿਚ ਹੀ ਭਲਾਈ ਸਮਝੀ।

# ਜਾਅਲੀ ਦਾਖਲਾ ਪੱਤਰਾਂ ਨਾਲ ਵਿਦਿਆਰਥੀਆਂ ਨੂੰ ਕੈਨੇਡਾ ਭੇਜਣ ਵਾਲੇ ਏਜੰਟ 'ਤੇ ਦੋਸ਼ ਤੈਅ









**ਕੈਨੇਡਾ ਦੀ** ਸੈਂਟਰਲ ਬਾਰਡਰ ਸਰਵਿਸੀਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਜਲੰਧਰ ਦੇ ਟਰੈਵਲ ਏਜੰਟ ਬ੍ਰਿਜੇਸ਼ ਮਿਸ਼ਰਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਿਸ਼ਰਾ ਖਿਲਾਫ ਧੋਖਾਧੜੀ ਦੇ ਮਾਮਲੇ ਵਿਚ ਦੋਸ਼ ਤੈਅ ਕੀਤੇ ਹਨ।

ਏਜੰਸੀ ਮੁਤਾਬਕ ਕੈਨੇਡਾ ਵਿਚ ਮਿਸ਼ਰਾ ਬਾਰੇ ਸੀ.ਬੀ.ਐੱਸ.ਏ. ਨੂੰ ਮੁਹੱਈਆ ਜਾਣਕਾਰੀ ਦੇ ਨਾਲ-ਨਾਲ ਕਾਊਂਸਲਿੰਗ ਦੀ ਗਲਤ ਪੇਸ਼ਕਾਰੀ ਨਾਲ ਸਬੰਧਤ ਗਤੀਵਿਧੀਆਂ ਵਿਚ ਕਥਿਤ ਸ਼ਮੂਲੀਅਤ ਤੋਂ ਬਾਅਦ ਇੱਕ ਜਾਂਚ ਸ਼ੁਰੂ ਕੀਤੀ ਗਈ।

ਏਜੰਸੀ ਦੇ ਕ੍ਰਿਮਿਨਲ ਇਨਵੈਸਟੀਗੇਸ਼ਨ ਸੈਕਸ਼ਨ ਨੇ ਇਮੀਗ੍ਰੇਸ਼ਨ ਅਤੇ ਰਫ਼ਿਊਜੀ ਪ੍ਰੋਟੈਕਸ਼ਨ ਐਕਟ (ਆਈ.ਆਰ.ਪੀ.ਏ.) ਅਧੀਨ ਮਾਮਲਾ ਦਰਜ ਕੀਤਾ ਹੈ।

ਇਹ ਮਾਮਲਾ ਇਸ ਕੇਸ ਵਿਚ ਜਾਂਚ ਤੋਂ ਬਾਅਦ ਇਕੱਠੇ ਹੋਏ ਸਬੂਤਾਂ ਦੇ ਆਧਾਰ ਉੱਤੇ ਦਰਜ ਹੋਇਆ ਹੈ। ਇਸ ਵਿਚ ਮੁੱਖ ਦੋਸ਼ ਹਨ:-

- ਆਈ.ਆਰ.ਪੀ.ਏ. ਸੈਕਸ਼ਨ 91 (1) - ਅਣਅਧਿਕਾਰਤ ਪ੍ਰਤੀਨਿਧਤਾ ਜਾਂ ਸਲਾਹ
- ਆਈ.ਆਰ.ਪੀ.ਏ. ਸੈਕਸ਼ਨ 126 - ਕਾਉਂਸਲਿੰਗ ਦੀ ਗਲਤ ਪੇਸ਼ਕਾਰੀ
- ਆਈ.ਆਰ.ਪੀ.ਏ. ਸੈਕਸ਼ਨ 127 (ਏ) - ਗਲਤ ਪੇਸ਼ਕਾਰੀ (ਸਿੱਧੇ ਜਾਂ ਅਸਿੱਧੇ ਤੌਰ 'ਤੇ)
- ਆਈ.ਆਰ.ਪੀ.ਏ. ਸੈਕਸ਼ਨ 124 (ਬੀ) - ਗਲਤ ਪੇਸ਼ਕਾਰੀ (ਗਲਤ ਜਾਣਕਾਰੀ ਦੱਸਣਾ)
- ਆਈ.ਆਰ.ਪੀ.ਏ. ਸੈਕਸ਼ਨ 124 (ਏ) - ਐਕਟ ਦੀ ਪਾਲਣਾ ਨਾ ਕਰਨਾ

ਕੈਨੇਡਾ ਦੇ ਪਬਲਿਕ ਸੇਫ਼ਟੀ ਬਾਰੇ ਮੰਤਰੀ ਮਾਰਕੋ ਮੈਨਡੀਸੀਨੋ ਨੇ ਕਿਹਾ, "ਸਾਡੀ ਸਰਕਾਰ ਉਨ੍ਹਾਂ ਲੋਕਾਂ ਵਿਰੁੱਧ ਕਾਰਵਾਈ ਕਰ ਰਹੀ ਹੈ, ਜੋ ਧੋਖਾਧੜੀ ਲਈ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਲੋਕਾਂ ਦੀ ਸੁਰੱਖਿਆ ਕਰ ਰਹੀ ਹੈ, ਜੋ ਇੱਥੇ ਆਪਣੀ ਪੜ੍ਹਾਈ ਕਰਨ ਲਈ ਆਏ ਹਨ।"

"ਮੈਂ ਕੈਨੇਡਾ ਦੇ ਵਾਸੀਆਂ ਅਤੇ ਇੱਥੇ ਆਉਣ ਦੀ ਉਮੀਦ ਰੱਖਣ ਵਾਲੇ ਲੋਕਾਂ ਦੀ ਸੁਰੱਖਿਆ ਲਈ ਸੀ.ਬੀ.ਐੱਸ.ਏ. ਦੇ ਅਪਰਾਧਿਕ ਜਾਂਚਕਰਤਾਵਾਂ ਦੀ ਸਖ਼ਤ ਮਿਹਨਤ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ।"

ਕੈਨੇਡਾ ਬਾਰਡਰ ਸਰਵਿਸੀਜ਼ ਏਜੰਸੀ ਦੀ ਰੀਜਨਲ ਡਾਇਰੈਕਟਰ ਜਨਰਲ ਨੀਨਾ ਪਟੇਲ ਨੇ ਕਿਹਾ, "ਸੀ.ਬੀ.ਐੱਸ.ਏ. ਦੇ ਪੈਸੀਫਿਕ ਰੀਜਨ ਕ੍ਰਿਮੀਨਲ ਇਨਵੈਸਟੀਗੇਸ਼ਨ ਸੈਕਸ਼ਨ ਵੱਲੋਂ ਐਲਾਨੇ ਗਏ ਦੋਸ਼ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਅਖੰਡਤਾ ਨੂੰ ਬਣਾਈ ਰੱਖਣ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦੇ ਹਨ।"

"ਸਾਡੇ ਅਧਿਕਾਰੀਆਂ ਨੇ ਇਨ੍ਹਾਂ ਅਪਰਾਧਾਂ ਦੀ ਜਾਂਚ ਕਰਨ ਲਈ ਤਨਦੇਹੀ ਨਾਲ ਕੰਮ ਕੀਤਾ ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਪੂਰੀ ਕੋਸ਼ਿਸ਼ ਕਰਦੇ ਰਹਾਂਗੇ ਕਿ ਸਾਡੇ ਕਾਨੂੰਨਾਂ ਨੂੰ ਤੋੜਨ ਵਾਲਿਆਂ ਨੂੰ ਜਵਾਬਦੇਹ ਠਹਿਰਾਇਆ ਜਾਵੇ।"

ਜਿਸ ਇਮੀਗ੍ਰੇਸ਼ਨ ਏਜੰਟ ਬ੍ਰਿਜੇਸ਼ ਮਿਸ਼ਰਾ ਉੱਤੇ ਜਾਅਲੀ ਦਾਖ਼ਲਾ ਪੱਤਰ ਤਿਆਰ ਕਰਕੇ ਸੈਂਕੜੇ ਵਿਦਿਆਰਥੀਆਂ ਨਾਲ ਧੋਖਾ ਦੇਣ ਦੇ ਇਲਜ਼ਾਮ ਹਨ, ਉਹ ਬੀਤੇ ਮਾਰਚ ਮਹੀਨੇ ਤੋਂ ਫਰਾਰ ਸਨ।

ਬ੍ਰਿਜੇਸ਼ ਮਿਸ਼ਰਾ ਦਾ ਪਿਛੋਕੜ ਬਿਹਾਰ ਦੇ ਦਰਭੰਗਾ ਦਾ ਹੈ ਅਤੇ ਉਹ ਰਾਹੁਲ ਭਾਰਗਵ ਨਾਂ ਦੇ ਵਿਅਕਤੀ ਨਾਲ ਸਾਂਝੇ ਤੌਰ ਉੱਤੇ ਐਜੂਕੇਸ਼ਨ ਐਂਡ ਮਾਈਗ੍ਰੇਸ਼ਨ ਸਰਵਿਸਿਜ਼ ਨਾਮ ਦੀ ਫਰਮ ਚਲਾਉਂਦੇ ਸਨ।

ਮਾਰਚ ਮਹੀਨੇ ਵਿਚ ਜਲੰਧਰ ਦੇ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਸੀ ਕਿ 16 ਮਾਰਚ 2023 ਨੂੰ ਦੋਵਾਂ ਨੂੰ ਸੂ-ਮੋਟੋ ਨੋਟਿਸ ਜਾਰੀ ਕੀਤਾ ਗਿਆ ਸੀ।

ਜਿਸ ਦਾ ਜਵਾਬ ਦੇਣ ਦੀ ਥਾਂ ਇਹ ਫਰਾਰ ਹੋ ਗਏ, ਭਾਵੇਂ ਕਿ ਭਾਰਗਵ ਦੇ ਪਿਤਾ ਨੇ ਉਦੋਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਦਾ ਪੁੱਤਰ ਫਰਾਰ ਨਹੀਂ ਹੈ।

ਪਰ ਐਜੂਕੇਸ਼ਨ ਐਂਡ ਮਾਈਗ੍ਰੇਸ਼ਨ ਫਰਮ ਦੇ 146 ਗਰੀਨ ਪਾਰਕ, ਜਲੰਧਰ ਵਿਚਲੇ ਦਫਤਰ ਨੂੰ ਮਾਰਚ ਤੋਂ ਹੀ ਪੱਕੇ ਤੌਰ ਉੱਤੇ ਤਾਲ਼ਾ ਲੱਗਿਆ ਹੋਇਆ ਹੈ ਅਤੇ ਕੰਪਨੀ ਦੀ ਵੈੱਬਸਾਇਟ ਵੀ ਬੰਦ ਹੋ ਚੁੱਕੀ ਹੈ।

ਜਲੰਧਰ ਪੁਲਿਸ ਮੁਤਾਬਕ ਮਿਸ਼ਰਾ ਅਤੇ ਭਾਰਗਵ ਨੇ 2014 ਵਿਚ ਇਹ ਫਰਮ ਰਜਿਸਟਰ ਕਰਵਾਈ ਸੀ, ਇਸ ਤੋਂ ਪਹਿਲਾਂ ਇਹ 'ਇਜ਼ੀ ਵੇਅ' ਨਾਂ ਦੀ ਇਮੀਗ੍ਰੇਸ਼ਨ ਫਰਮ ਚਲਾਉਂਦੇ ਸਨ ਅਤੇ ਮਿਸ਼ਰਾ ਉੱਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਦੇ ਇਲਜ਼ਾਮ ਲੱਗੇ ਸਨ।

ਇਸੇ ਤਹਿਤ ਉਨ੍ਹਾਂ ਦੀ ਗ੍ਰਿਫ਼ਤਾਰੀ ਵੀ ਹੋਈ ਸੀ ਅਤੇ ਇਜ਼ੀ ਵੇਅ ਫ਼ਰਮ ਉੱਤੇ ਪਾਬੰਦੀ ਲਾ ਦਿੱਤੀ ਗਈ। ਇਸ ਘਟਨਾ ਤੋਂ ਕਰੀਬ ਇੱਕ ਸਾਲ ਬਾਅਦ ਇਨ੍ਹਾਂ ਨੇ ਨਵੇਂ ਪਤੇ ਉੱਤੇ ਨਵੀਂ ਫਰਮ 'ਐਜੂਕੇਸ਼ਨ ਐਂਡ ਮਾਈਗ੍ਰੇਸ਼ਨ' ਸ਼ੁਰੂ ਕਰ ਲਈ ਸੀ।

ਇਸ ਦੇ ਖ਼ਿਲਾਫ਼ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2014 ਦੇ ਸੈਕਸ਼ਨ 4 ਅਤੇ 6 ਤਹਿਤ ਕਾਰਵਾਈ ਕੀਤੀ ਗਈ ਹੈ ਅਤੇ ਫਰਮ ਨੂੰ ਇਮੀਗ੍ਰੇਸ਼ਨ ਨਾਲ ਜੁੜੇ ਕੰਮ ਕਰਨ ਦੇ ਅਯੋਗ ਕਰਾਰ ਦਿੱਤਾ ਗਿਆ ਹੈ।

ਕੈਨੇਡਾ ਵਿਚ ਅਜਿਹੇ ਸੈਂਕੜੇ ਭਾਰਤੀ ਵਿਦਿਆਰਥੀ ਹਨ, ਜਿਨ੍ਹਾਂ 'ਤੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉੱਤੇ ਪਰਵਾਸ ਕਰਨ ਦੇ ਇਲਜ਼ਾਮ ਹਨ। ਇਨ੍ਹਾਂ ਵਿਚ ਬਹੁਤੇ ਮਾਮਲੇ 2016-17 ਦੇ ਹਨ।

ਵਿਦਿਆਰਥੀ ਆਪਣੇ ਆਪ ਨੂੰ ਬੇਕਸੂਰ ਦੱਸਦੇ ਹਨ। ਉਨ੍ਹਾਂ ਦਾ ਇਲਜ਼ਾਮ ਹੈ ਕਿ ਸਟੱਡੀ ਵੀਜ਼ਾ ਅਪਲਾਈ ਕਰਨ ਲਈ ਮਦਦ ਕਰਨ ਵਾਲੇ ਏਜੰਟਾਂ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ।

ਭਾਰਤੀ ਵਿਦਿਆਰਥੀ ਕੈਨੇਡਾ ਵਿਚ ਡਿਪੋਰਟ ਹੋਣ ਤੋਂ ਬਚਣ ਲਈ ਧਰਨੇ ਦੇ ਰਹੇ ਹਨ। ਅਜਿਹੇ ਹੀ ਮਾਮਲਿਆਂ ਨਾਲ ਜੁੜੇ ਇੱਕ ਵਕੀਲ ਮੁਤਾਬਕ ਜਾਅਲੀ ਦਸਤਾਵੇਜ਼ਾਂ ਦੇ ਮਾਮਲੇ ਵਿਚ ਫ਼ਸੇ ਵਿਦਿਆਰਥੀਆਂ ਦੀ ਗਿਣਤੀ 150 ਤੋਂ 200 ਤੱਕ ਹੋ ਸਕਦੀ ਹੈ।

ਕੈਨੇਡਾ ਵਿਚ ਰੋਸ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹ ਜਲੰਧਰ ਦੇ ਐਜੂਕੇਸ਼ਨ ਸਲਾਹਕਾਰ ਬ੍ਰਿਜੇਸ਼ ਮਿਸ਼ਰਾ ਦੇ ਕੀਤੇ ਕਥਿਤ ਘੋਟਾਲੇ ਦੇ ਪੀੜਤ ਹਨ।

ਜਲੰਧਰ ਪੁਲਿਸ ਮੁਤਾਬਕ ਵਿਦਿਆਰਥੀਆਂ ਨੂੰ ਸਾਲ 2017-18 ਵਿਚ ਟੋਰਾਂਟੋ ਖਿੱਤੇ ਦੇ ਮਸ਼ਹੂਰ ਕਾਲਜ ਹੰਬਰ ਵਿਚ ਦਾਖ਼ਲੇ ਦੇ ਜਾਅਲੀ ਪੱਤਰ ਦਿੱਤੇ ਗਏ।

ਇਨ੍ਹਾਂ ਦਾਖ਼ਲਾ ਪੱਤਰਾਂ ਦੇ ਆਧਾਰ ਉੱਤੇ ਇਮੀਗ੍ਰੇਸ਼ਨ ਕਰਵਾਉਣ ਲਈ ਵਿਦਿਆਰਥੀਆਂ ਤੋਂ 16-16 ਲੱਖ ਰੁਪਏ ਵਸੂਲੇ ਗਏ।

ਜਦੋਂ ਇਨ੍ਹਾਂ ਪੱਤਰਾਂ ਦੇ ਅਧਾਰ ਉੱਤੇ ਵਿਦਿਆਰਥੀ ਵੀਜ਼ਾ ਲੈ ਕੇ ਕੈਨੇਡਾ ਚਲੇ ਗਏ, ਤਾਂ ਉੱਥੇ ਇਨ੍ਹਾਂ ਨੂੰ ਮਿਸ਼ਰਾ ਨੇ ਕਿਹਾ ਕਿ ਜਿਸ ਹੰਬਰ ਕਾਲਜ ਦੇ ਆਫਰ ਲੈਟਰ ਉੱਤੇ ਉਹ ਕੈਨੇਡਾ ਆਏ ਹਨ, ਉਸ ਨੇ ਇਨ੍ਹਾਂ ਦਾ ਦਾਖ਼ਲਾ ਪੱਤਰ ਰੱਦ ਕਰ ਦਿੱਤਾ ਹੈ।

ਇਸ ਲਈ ਇਨ੍ਹਾਂ ਦੀ ਕਾਲਜ ਨੂੰ ਦਿੱਤੀ ਜਾਣ ਵਾਲੀ ਫੀਸ 5-6 ਲੱਖ ਵਾਪਸ ਕਰਕੇ ਕਿਸੇ ਹੋਰ ਕਾਲਜ ਵਿਚ ਦਾਖ਼ਲਾ ਦੁਆ ਕੇ ਐਡਜਸਟ ਕੀਤਾ ਜਾ ਰਿਹਾ ਹੈ।

ਹੁਣ ਇਨ੍ਹਾਂ ਵਿਚੋਂ ਕਈਆਂ ਨੇ ਆਪਣੀ ਸਿੱਖਿਆ ਪੂਰੀ ਕਰ ਲਈ ਅਤੇ ਵਰਕ ਪਰਮਿਟ ਹਾਸਲ ਕਰ ਲਏ ਹਨ।

ਪਰ ਜਦੋਂ ਇਨ੍ਹਾਂ ਨੇ ਪੱਕੀ ਰਿਹਾਇਸ਼ (ਪੀ.ਆਰ.) ਲਈ ਅਪਲਾਈ ਕੀਤਾ, ਤਾਂ ਕੈਨੇਡੀਅਨ ਬਾਰਡਰ ਸਕਿਊਰਿਟੀ ਏਜੰਸੀ ਨੂੰ ਇਨ੍ਹਾਂ ਦੇ ਕੈਨੇਡਾ ਆਉਣ ਸਮੇਂ ਜਾਅਲੀ ਦਾਖ਼ਲਾ ਪੱਤਰ ਹੋਣ ਦਾ ਪਤਾ ਲੱਗਿਆ।

# ਆਪ ਕਿਸੇ ਜਿਹੀ ਨਾ, ਗੱਲ ਕਰਨੋਂ ਰਹੀ ਨਾ

ਸਤਪਾਲ ਸਿੰਘ ਦਿਓਲ
98781-70771
(Punjab Mail USA)





ਹਰਿਆਣਾ ਦੇ ਵਿਚ ਜੁਡੀਸ਼ੀਅਲ ਅਫਸਰ ਵਜੋਂ ਤਾਇਨਾਤ ਇੱਕ ਅਫਸਰ ਲੜਕੀ ਦੀ ਕਹਾਣੀ ਆਮ ਘਰਾਂ ਨਾਲ ਵੀ ਮੇਲ ਖਾਂਦੀ ਹੈ। ਔਰਤਾਂ ਪ੍ਰਤੀ ਮਰਦ ਪ੍ਰਧਾਨ ਸਮਾਜ ਦਾ ਜੋ ਨਜ਼ਰੀਆ ਹੈ, ਉਹ ਤਾਅ ਹਾਲ ਵੀ ਅਤਿ ਨਿੰਦਣਯੋਗ ਹੈ। ਮੇਰੇ ਤੋਂ ਕੁਝ ਸਾਲ ਉਹ ਲੜਕੀ ਜੂਨੀਅਰ ਸੀ ਅਤੇ ਬੇਹੱਦ ਸਲੀਕੇ ਨਾਲ ਪੇਸ਼ ਆਉਣ ਵਾਲੀ ਤੇ ਬਹੁਤ ਮਿਹਨਤੀ ਸੀ। ਮੁੱਢਲੀ ਨਜ਼ਰੇ ਉਸ ਨੂੰ ਪਹਿਲੀ ਵਾਰ ਮਿਲਣ ਸਮੇਂ ਹੀ ਭਾਂਪ ਲਿਆ ਸੀ ਕਿ ਉਹ ਆਪਣੇ ਪਰਿਵਾਰ ਦਾ ਬਹੁਤ ਖਿਆਲ ਰੱਖਦੀ ਹੈ। ਪਰ ਆਪਣੇ ਸਮਾਜ ਵੱਲੋਂ ਕਨਸੋਆਂ ਲੈ ਕੇ ਜੋ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਜਾਂਦੀ ਹੈ, ਉਸ ਤੋਂ ਉਹ ਬਹੁਤ ਨਿਰਾਸ਼ ਸੀ।

ਉਹ ਆਮ ਘਰ ਦੀ ਲੜਕੀ ਸੀ ਅਤੇ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਬਾਹਰਵੀਂ ਤੱਕ ਦੀ ਪੜ੍ਹਾਈ ਉਸ ਨੇ ਅੱਵਲ ਰਹਿ ਕੇ ਪੇਂਡੂ ਸਕੂਲ ਵਿਚ ਪੂਰੀ ਕੀਤੀ। ਮੇਰੇ ਸੰਪਰਕ ਵਿਚ ਉਹ ਵਕਾਲਤ ਕਰਨ ਬਾਰੇ ਮਸ਼ਵਰਾ ਲੈਣ ਸਮੇਂ ਆਈ। ਪਹਿਲੀ ਨਜ਼ਰੇ ਹੀ ਮੈਂ ਭਾਂਪ ਲਿਆ ਸੀ ਕਿ ਉਹ ਬਹੁਤ ਮਿਹਨਤੀ ਤੇ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਹੈ। ਸਲਾਹ ਲੈਣ ਤੋਂ ਬਾਅਦ ਉਹ ਵਕਾਲਤ ਕਰਨ ਬਾਰੇ ਪੁੱਛਣ ਲੱਗੀ। ਮੈਂ ਉਸ ਨੂੰ ਕਿਹਾ ਸੀ ਕਿ ਵਕਾਲਤ ਤਾਂ ਘਰ ਦੀ ਖੇਤੀ ਹੈ, ਜਦੋਂ ਮਰਜ਼ੀ ਕੀਤੀ ਜਾ ਸਕਦੀ ਹੈ। ਵਕਾਲਤ ਕਰਨ ਤੋਂ ਬਾਅਦ ਉਹ ਮੁਕਾਬਲੇ ਦੀ ਪ੍ਰੀਖਿਆ ਦੇ ਕੇ ਵੇਖੇ, ਕੋਈ ਵੱਡੀ ਗੱਲ ਨਹੀਂ, ਤੁਸੀਂ ਜੁਡੀਸ਼ੀਅਲ ਅਫਸਰ ਵੀ ਬਣ ਸਕਦੇ ਹੋ। ਇਸ ਗੱਲ ਨੂੰ ਉਸਨੇ ਪੱਲੇ ਬੰਨ੍ਹ ਲਿਆ ਸੀ। ਕਈ ਵਾਰ ਉਸ ਨੇ ਇਸ ਗੱਲ ਦਾ ਜ਼ਿਕਰ ਆਪਣੇ ਸੀਨੀਅਰ ਅਫਸਰਾਂ ਕੋਲ ਕੀਤਾ ਹੈ। ਮਿਹਨਤ ਕਰਕੇ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ ਉਹ ਜੁਡੀਸ਼ੀਅਲ ਅਫਸਰ ਬਣ ਗਈ ਹੈ।

ਉਨ੍ਹਾਂ ਸਮਿਆਂ ਵਿਚ ਮੁਕਾਬਲੇ ਦੀ ਪ੍ਰੀਖਿਆ ਦੇਣ ਲਈ ਵਕਾਲਤ ਦੇ ਤਿੰਨ ਸਾਲ ਤਜ਼ਰਬੇ ਦੀ ਜ਼ਰੂਰਤ ਹੁੰਦੀ ਸੀ। ਉਸ ਨੂੰ ਮੈਂ ਆਪਣੇ ਦੋਸਤ ਕੋਲ ਬਤੌਰ ਜੂਨੀਅਰ ਕੰਮ ਕਰਨ ਲਈ ਭੇਜਿਆ ਸੀ। ਪੇਂਡੂ ਤੇ ਪਿਛੜਿਆ ਸਮਾਜ ਲੜਕੀਆਂ ਪ੍ਰਤੀ ਬਹੁਤ ਮਾੜੀ ਸੋਚ ਰੱਖਦਾ ਹੈ। ਬਾਹਰਵੀਂ ਤੱਕ ਜੋ ਕਿੱਸੇ-ਕਹਾਣੀਆਂ ਵਿਚ ਵਿਦਿਆਰਥੀਆਂ ਨੂੰ ਪ੍ਰੇਮ ਕਹਾਣੀਆਂ ਪੜ੍ਹਾਈਆਂ ਜਾਂਦੀਆਂ ਹਨ, ਉਹ ਵਿਦਿਆਰਥੀਆਂ ਦੇ ਮਨ 'ਤੇ ਗੂੜ੍ਹਾ ਅਸਰ ਛੱਡਦੀਆਂ ਹਨ। ਕੁਝ ਘਰਾਂ ਦੇ ਲੜਕੇ ਉਨ੍ਹਾਂ ਪ੍ਰੇਮ ਕਹਾਣੀਆਂ ਦੇ ਨਾਇਕਾਂ ਵਾਂਗੂੰ ਵਿਚਰਨ ਲੱਗਦੇ ਹਨ। ਸਭ ਤੋਂ ਪਹਿਲਾਂ ਉਸ ਦੇ ਕਾਲਜ ਵਿਚ ਉਸ ਨੂੰ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਗਈ। ਇਹ ਨਿਗੂਣੀ ਕੋਸ਼ਿਸ ਉਸ ਵੱਲ ਆਕਰਸ਼ਿਤ ਹੋਏ ਅਸਫਲ ਲੜਕਿਆਂ ਵੱਲੋਂ ਕੀਤੀ ਗਈ। ਭਾਵਨਾਤਮਕ ਤੌਰ 'ਤੇ ਉਹ ਟੁੱਟਣਾ ਸ਼ੁਰੂ ਹੋ ਗਈ ਤੇ ਪੜ੍ਹਾਈ ਛੱਡਣ ਬਾਰੇ ਸੋਚਣ ਲੱਗੀ। ਪਰ ਉਸ ਨੇ ਆਪਣਾ ਦੁਖੜਾ ਆਪਣੀ ਔਰਤ ਪ੍ਰੋਫੈਸਰ ਨੂੰ ਸੁਣਾਇਆ, ਜਿਸ ਨੇ ਉਸ ਦਾ ਮਨੋਬਲ ਉੱਚਾ ਕੀਤਾ ਅਤੇ ਆਪਣੀ ਖੁਦ ਦੀ ਉਦਾਹਰਨ ਦੇ ਕੇ ਉਸ ਨੂੰ ਦੁਬਾਰਾ ਪੈਰਾਂ ਸਿਰ ਕੀਤਾ।

ਪਿੰਡ ਵਿਚ ਵੱਟ ਬੰਨ੍ਹਿਆਂ ਦੇ ਰੌਲਿਆਂ ਵਾਲੇ ਅਤੇ ਉਸ ਦੇ ਪਰਿਵਾਰ ਨਾਲ ਈਰਖਾ ਰੱਖਣ ਵਾਲੇ ਲੋਕਾਂ ਨੇ ਵੀ ਉਸ ਨੂੰ ਬਦਨਾਮ ਕਰਨ ਦੀ ਕਸਰ ਨਾ ਛੱਡੀ। ਪਰਿਵਾਰ ਨੇ ਵੀ ਕਈ ਵਾਰ ਉਸ ਦੀ ਪੜ੍ਹਾਈ ਛੁਡਾਈ ਤੇ ਉਸ ਦੇ ਰਿਸ਼ਤੇ ਵਿਚੋਂ ਭਰਾ ਲੱਗਦੇ ਸਰਕਾਰੀ ਮੁਲਾਜ਼ਮ ਨੇ ਉਸ ਦੀ ਪੜ੍ਹਾਈ ਦੁਬਾਰਾ ਚਲਾਈ। ਅਜਿਹਾ ਵਰਤਾਰਾ ਸਮਾਜ ਵਿਚ ਲੜਕੀਆਂ ਪ੍ਰਤੀ ਆਮ ਹੀ ਹੈ। ਸਮਾਜ ਤਹਿ ਕਰਦਾ ਹੈ ਕਿ ਲੜਕੀ ਨੇ ਕਿੱਥੇ ਤੇ ਕਿਸ ਨਾਲ ਹੱਸਣਾ ਹੈ, ਕਿਸ ਨਾਲ ਗੁੱਸਾ ਕਰਨਾ ਹੈ ਅਤੇ ਕਿਸ ਵੱਲ ਵੇਖਣਾ ਹੈ, ਕਿਸ ਨਾਲ ਗੱਲ ਕਰਨੀ ਹੈ। ਉਸ ਤੋਂ ਬਾਅਦ ਹੱਸਣ, ਗੁੱਸਾ ਕਰਨ, ਵੇਖਣ ਤੇ ਗੱਲਬਾਤ ਦੇ ਮਤਲਬ ਵੀ ਆਪਣੇ ਹਿਸਾਬ ਨਾਲ ਕੱਢ ਲਏ ਜਾਂਦੇ ਹਨ। ਕੁੜੀਆਂ ਲਈ ਇਹ ਬਹੁਤ ਵੱਡੀ ਸਮੱਸਿਆ ਹੁੰਦੀ ਹੈ। ਉਨ੍ਹਾਂ ਵੱਲੋਂ ਸਹੀ ਤੇ ਗਲਤ ਇਨਸਾਨ ਵਿਚ ਫਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਮਾਜ ਵਿਚ ਮਾਣ-ਸਤਿਕਾਰ ਲਈ ਜਿਊਣ ਲਈ ਉਨ੍ਹਾਂ ਨੂੰ ਬਹੁਤ ਘਾਲਣਾ ਘਾਲਣੀਆਂ ਪੈਂਦੀਆਂ ਹਨ।

ਪੜ੍ਹਾਈ ਦੇ ਮਾਮਲੇ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ। ਇਹ ਵੀ ਸਹਿਪਾਠੀਆਂ ਦੀ ਈਰਖਾ ਦਾ ਵੱਡਾ ਕਾਰਨ ਸੀ। ਹੱਦ ਤਾਂ ਉਦੋਂ ਹੋਈ, ਜਦੋਂ ਉਸ ਨੂੰ ਪੜ੍ਹਾਉਣ ਵਾਲੇ ਇੱਕ ਪ੍ਰੋਫੈਸਰ ਨਾਲ ਉਸ ਦਾ ਨਾਮ ਜੋੜ ਕੇ ਕੁਝ ਈਰਖਾਲੂ ਤੇ ਅਸਫਲ ਲੋਕਾਂ ਵੱਲੋਂ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਜ਼ਿੰਦਗੀ ਵਿਚ ਉਸ ਨੇ ਹਰ ਚੁਣੌਤੀ ਦਾ ਸਾਹਮਣਾ ਕੀਤਾ। ਤੇ ਇੱਕ ਦਿਨ ਉਹ ਉਸ ਮੁਕਾਮ 'ਤੇ ਪਹੁੰਚ ਗਈ, ਜਿੱਥੇ ਸਾਰੇ ਉਸ ਦੀ ਈਨ ਮੰਨਣ ਲੱਗ ਪਏ। ਹੁਣ ਹਰ ਕੋਈ ਉਸ ਦੀਆਂ ਸਿਫਤਾਂ ਕਰਦਾ ਨਹੀਂ ਥੱਕਦਾ। ਪਰ ਈਰਖਾਲੂ ਲੋਕ ਅੱਜ ਵੀ ਈਰਖਾ ਵਿਚ ਅੱਤ ਕਰਾ ਦਿੰਦੇ। ਉਸ ਵਰਗੀ ਇੱਕ ਹੋਰ ਲੜਕੀ ਨੇ ਮਿਹਨਤ ਕਰਕੇ ਵੱਡਾ ਮੁਕਾਮ ਹਾਸਲ ਕੀਤਾ। ਕਿਸੇ ਵਿਆਹ ਪਾਰਟੀ ਵਿਚ ਇੱਕ ਅਸਫਲ ਅੱਧਖੜ ਨੇ ਕਿਹਾ 'ਐਥੇ ਹੀ ਥੱਕੇ ਖਾਂਦੀ ਹੁੰਦੀ ਸੀ'। ਇਹ ਉਹ ਲੋਕ ਸਨ, ਜਿਨ੍ਹਾਂ ਨੂੰ ਕਿਸੇ ਦੀ ਮਿਹਨਤ ਧੱਕੇ ਨਜ਼ਰ ਆਉਂਦੀ ਹੈ। ਅਤੇ ਉਹ ਉਸ ਦੀ ਬਰਾਬਰੀ ਨਹੀਂ ਕਰ ਸਕੇ, ਨਾ ਹੀ ਦੁਬਾਰਾ ਕਰ ਸਕਦੇ ਹਨ। ਉਨ੍ਹਾਂ ਨੇ ਆਪਣੀਆਂ ਘਟੀਆ ਆਦਤਾਂ ਵਿਚ ਵਕਤ ਗੁਜ਼ਾਰਿਆ ਹੁੰਦਾ ਹੈ। ਉਨ੍ਹਾਂ ਲੋਕਾਂ ਦੀਆਂ ਅੱਖਾਂ ਉਸ ਦਿਨ ਖੁੱਲ੍ਹਦੀਆਂ ਹਨ, ਜਦੋਂ ਉਨ੍ਹਾਂ ਦੀ ਆਪਣੀ ਲੜਕੀ ਨੂੰ ਅਜਿਹੀਆਂ ਸਮੱਸਿਆਵਾਂ ਦਰਪੇਸ਼ ਆਉਂਦੀਆਂ ਹਨ। ਫਿਰ ਉਹ ਸਮਾਜ ਨੂੰ ਬੁਰਾ ਭਲਾ ਕਹਿਣ ਲੱਗਦੇ ਹਨ। ਜਿਸ ਸਮਾਜ ਨੂੰ ਉਨ੍ਹਾਂ ਨੇ ਸਿਰਜਿਆ ਹੁੰਦਾ ਹੈ, ਉਹ ਉਹੋ ਕੁਝ ਉਨ੍ਹਾਂ ਨੂੰ ਦੁੱਗਣਾ ਕਰਕੇ ਵਾਪਸ ਦਿੰਦਾ ਹੈ।

ਸ਼ਾਲਾ! ਅਜਿਹੇ ਲੋਕਾਂ ਨੂੰ ਸੁਮੱਤ ਆਵੇ। ਲੜਕੀਆਂ ਤਰੱਕੀ ਕਰਦੀਆਂ ਰਹਿਣ। ਸਮਾਜ ਵਿਚ ਨਿੱਗਰ ਸੋਚ ਵਾਲੇ ਇਨਸਾਨ ਚੰਗੇ ਸਮਾਜ ਦੀ ਸਿਰਜਣਾ ਕਰ ਸਕਣ।

# ਲਗਨ ਅਤੇ ਸੰਤੋਖ, ਖੁਸ਼ੀ ਦੇ ਸਰੋਤ

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ, ਆਲ ਇੰਡੀਆ ਰੇਡੀਓ
ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)





ਦ੍ਰਿੜ੍ਹਤਾ ਆਤਮਾ ਦੀ ਦ੍ਰਿੜ੍ਹਤਾ ਹੈ, ਖਾਸ ਕਰਕੇ ਮੁਸ਼ਕਲਾਂ ਵਿਚ। ਇਹ ਨੇਕੀ ਦੀ ਖੋਜ ਵਿਚ ਨਿਰੰਤਰਤਾ ਪ੍ਰਦਾਨ ਕਰਦਾ ਹੈ। ਦ੍ਰਿੜ੍ਹਤਾ ਸੁਤੰਤਰ ਤੌਰ 'ਤੇ ਫਰਜ਼ ਦੇ ਸੱਦੇ ਤੋਂ ਪਰੇ ਜਾਣ, ਕੁਰਬਾਨੀਆਂ ਕਰਨ, ਆਪਣੇ ਵਿਸ਼ਵਾਸਾਂ 'ਤੇ ਕੰਮ ਕਰਨ ਦੀ ਇੱਛਾ ਹੈ। ਦ੍ਰਿੜ੍ਹਤਾ ਵਿਚ ਸਾਡੀਆਂ ਨਿੱਜੀ ਕਮਜ਼ੋਰੀਆਂ ਦਾ ਸਾਹਮਣਾ ਕਰਨ ਦੀ ਹਿੰਮਤ ਅਤੇ ਬੁਰਾਈ ਵੱਲ ਸਾਡੀ ਖਿੱਚ ਸ਼ਾਮਲ ਹੈ। "ਇੱਕ ਆਦਮੀ ਦਾ ਅੰਤਮ ਮਾਪ ਇਹ ਨਹੀਂ ਹੈ ਕਿ ਉਹ ਆਰਾਮ ਅਤੇ ਸਹੂਲਤ ਦੇ ਪਲਾਂ ਵਿਚ ਕਿੱਥੇ ਖੜ੍ਹਾ ਹੈ, ਬਲਕਿ ਉਹ ਚੁਣੌਤੀਆਂ ਅਤੇ ਵਿਵਾਦਾਂ ਦੇ ਸਮੇਂ ਵਿਚ ਕਿੱਥੇ ਖੜ੍ਹਾ ਹੈ"। ਉਪਰੋਕਤ ਹਵਾਲਾ ਦਰਸਾਉਂਦਾ ਹੈ ਕਿ ਧੀਰਜ ਹੋਰ ਗੁਣਾਂ ਦਾ ਰਖਵਾਲਾ ਹੈ। ਵਿਅਕਤੀ ਨੂੰ ਸਾਹਸ ਦਾ ਸਾਹਮਣਾ ਕਰਨ ਲਈ ਹਿੰਮਤ ਨਾਲ ਹੋਣਾ ਚਾਹੀਦਾ ਹੈ। ਬਹੁਤ ਸਾਰੀਆਂ ਔਖੀਆਂ ਸਥਿਤੀਆਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਦਾਹਰਣ ਵਜੋਂ, ਜਦੋਂ 1930 ਵਿਚ ਗਾਂਧੀ ਜੀ ਨੂੰ ਆਪਣਾ ਨਮਕ ਸੱਤਿਆਗ੍ਰਹਿ ਰੋਕਣ ਲਈ ਮਜਬੂਰ ਕੀਤਾ ਜਾ ਰਿਹਾ ਸੀ, ਤਾਂ ਉਨ੍ਹਾਂ ਨੂੰ ਉਸ ਵਿਚ ਵਿਸ਼ਵਾਸ ਛੱਡਣ ਲਈ ਬਹੁਤ ਬਹਾਦਰ ਹੋਣਾ ਪਿਆ। ਇਸ ਦੀ ਬਜਾਏ, ਉਸਨੇ ਗ੍ਰਿਫਤਾਰ ਕਰਨ ਦੀ ਹਿੰਮਤ ਕੀਤੀ।

ਸਾਡੇ ਜੀਵਨ ਵਿਚ ਬਹੁਤ ਸਾਰੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ, ਜਿਸ ਵਿਚ ਸਹੀ ਕੰਮ ਕਰਨਾ ਮੁਸ਼ਕਲ ਹੁੰਦਾ ਹੈ, ਭਾਵੇਂ ਅਸੀਂ ਜਾਣਦੇ ਹਾਂ ਕਿ ਇਹ ਕੀ ਹੈ। ਇਸਦੇ ਅਨੁਸਾਰ ਕੰਮ ਕਰਨ ਦੇ ਹਰ ਕਿਸਮ ਦੇ ਕਾਰਨ ਹੋ ਸਕਦੇ ਹਨ, ਜੋ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਮਜ਼ਬੂਤ ਰਹਿਣ ਲਈ, ਚੰਗਾ ਕੰਮ ਕਰਨ ਲਈ, ਸਾਨੂੰ ਇੱਕ ਤੀਜੇ ਮੁੱਖ ਗੁਣ ਦੀ ਲੋੜ ਹੈ, ਜਿਸਨੂੰ ਵਿਕਲਪਕ ਤੌਰ 'ਤੇ ਦ੍ਰਿੜ੍ਹਤਾ, ਹਿੰਮਤ ਜਾਂ ਬਹਾਦਰੀ ਕਿਹਾ ਜਾਂਦਾ ਹੈ। ਇਹ ਉਹ ਗੁਣ ਹੈ, ਜਿਸ ਨਾਲ ਅਸੀਂ ਔਖੇ ਵੇਲੇ ਵੀ ਸਹੀ ਕੰਮ ਕਰਦੇ ਹਾਂ। ਜਦੋਂ ਤੁਹਾਡੇ ਗੁਣਾਂ ਨੂੰ ਕਾਇਮ ਰੱਖਣਾ ਸਭ ਤੋਂ ਮੁਸ਼ਕਲ ਹੁੰਦਾ ਹੈ, ਤਾਂ ਇਹ ਸਬਰ ਹੈ ਜੋ ਇਸਦਾ ਸਮਰਥਨ ਕਰੇਗਾ। ਉਦਾਹਰਨ ਲਈ, ਜਿਵੇਂ ਕੌਟਿਲਯ ਨੇ ਭ੍ਰਿਸ਼ਟਾਚਾਰ ਦੇ ਸੰਦਰਭ ਵਿਚ ਕਿਹਾ ਹੈ, ਜਦੋਂ ਸ਼ਹਿਦ ਜੀਭ 'ਤੇ ਹੋਵੇ, ਤਾਂ ਇਸਦਾ ਸੁਆਦ ਨਾ ਲੈਣਾ ਮੁਸ਼ਕਲ ਹੈ। ਇਸ ਨੂੰ ਉਸ ਸਿਪਾਹੀ ਦੇ ਗੁਣ ਵਜੋਂ ਦੇਖਿਆ ਗਿਆ ਸੀ, ਜੋ ਆਪਣੀ ਜ਼ਿੰਦਗੀ ਨੂੰ ਵੱਡੇ ਭਲੇ ਲਈ ਕੁਰਬਾਨ ਕਰਨ ਲਈ ਦ੍ਰਿੜ੍ਹ ਸੀ। ਹੁਣ ਸਾਡੇ ਵਿਚੋਂ ਜੋ ਸਾਤਵਿਕ ਜੀਵਨ ਜਿਊਣ ਲਈ ਸੰਘਰਸ਼ ਕਰਦੇ ਹਨ, ਉਹ ਜਾਣਦੇ ਹਨ ਕਿ ਅਸੀਂ ਵੀ ਸਿਪਾਹੀ ਹਾਂ, ਕਿ ਅਸੀਂ ਵੀ ਇੱਕ ਲੜਾਈ ਵਿਚ ਰੁੱਝੇ ਹੋਏ ਹਾਂ, ਹਾਲਾਂਕਿ ਲੜਾਈ ਸਰੀਰਕ ਨਹੀਂ, ਪਰ ਅਧਿਆਤਮਿਕ ਹੈ।

ਇਨਸਾਨ ਹੋਣ ਦੇ ਨਾਤੇ ਅਸੀਂ ਉਸ 'ਤੇ ਧਿਆਨ ਕੇਂਦਰਿਤ ਕਰਦੇ ਹਾਂ, ਜੋ ਸਾਡੇ ਕੋਲ ਨਹੀਂ ਹੈ, ਅਤੇ ਜੋ ਸਾਡੇ ਕੋਲ ਹੈ, ਉਸ ਨੂੰ ਨਜ਼ਰਅੰਦਾਜ਼ ਜਾਂ ਅਣਡਿੱਠ ਕਰਦੇ ਹਨ। ਅੱਜ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਜ਼ਿੰਦਗੀ ਇਕ ਅਜਿਹੀ ਦੌੜ ਹੈ, ਜਿੱਥੇ ਤੁਹਾਨੂੰ ਹਰ ਚੀਜ਼ ਵਿਚ ਸਭ ਤੋਂ ਵਧੀਆ ਹੋਣਾ ਚਾਹੀਦਾ ਹੈ। ਸਾਨੂੰ ਇੱਕ ਚੰਗੀ ਕਾਰ, ਇੱਕ ਵੱਡਾ ਘਰ, ਇੱਕ ਵਧੀਆ ਤਨਖਾਹ ਵਾਲੀ ਨੌਕਰੀ, ਜਾਂ ਹੋਰ ਪੈਸੇ ਚਾਹੀਦੇ ਹਨ। ਜਿਵੇਂ ਹੀ ਅਸੀਂ ਇੱਕ ਚੀਜ਼ ਪ੍ਰਾਪਤ ਕਰਦੇ ਹਾਂ, ਅਗਲੀ ਚੀਜ਼ ਦੀ ਦੌੜ ਸ਼ੁਰੂ ਹੋ ਜਾਂਦੀ ਹੈ। ਬਹੁਤ ਸਾਰੇ ਲੋਕ ਆਪਣੀ ਪ੍ਰਾਪਤੀ ਲਈ ਸ਼ੁਕਰਗੁਜ਼ਾਰ ਹੋਣ ਲਈ ਇੱਕ ਮਿੰਟ ਵੀ ਨਹੀਂ ਕੱਢਦੇ। ਉਨ੍ਹਾਂ ਨੇ ਜੋ ਦੂਰੀ ਤੈਅ ਕੀਤੀ ਹੈ, ਉਸ ਨੂੰ ਪਿੱਛੇ ਦੇਖਣ ਦੀ ਬਜਾਏ, ਉਹ ਬਾਕੀ ਬਚੀ ਦੂਰੀ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਧੱਕਦੇ ਹਨ ਅਤੇ ਕੁਝ ਮਾਮਲਿਆਂ ਵਿਚ, ਇਹ ਉਦੋਂ ਹੁੰਦਾ ਹੈ ਜਦੋਂ ਲਾਲਸਾ ਲਾਲਚ ਬਣ ਜਾਂਦੀ ਹੈ। ਅਭਿਲਾਸ਼ਾ ਅਤੇ ਲਾਲਚ ਵਿਚਕਾਰ ਅਕਸਰ ਇੱਕ ਵਧੀਆ ਲਾਈਨ ਹੁੰਦੀ ਹੈ। ਲੋਕ ਸੋਚ ਸਕਦੇ ਹਨ ਕਿ ਜਦੋਂ ਉਨ੍ਹਾਂ ਨੇ ਆਪਣੀ ਸੁਪਨੇ ਦੀ ਜੀਵਨ ਸ਼ੈਲੀ ਲਈ ਲੋੜੀਂਦੀ ਹਰ ਚੀਜ਼ ਹਾਸਲ ਕਰ ਲਈ ਹੈ, ਤਾਂ ਉਹ ਉਸ ਨਾਲ ਸੰਤੁਸ਼ਟ ਹੋਣਗੇ, ਜੋ ਉਨ੍ਹਾਂ ਕੋਲ ਹੈ - ਪਰ ਅਜਿਹਾ ਬਹੁਤ ਘੱਟ ਹੁੰਦਾ ਹੈ। ਤੁਸੀਂ ਆਪਣੀ ਸੂਚੀ ਵਿਚੋਂ ਸਾਰੀਆਂ ਪ੍ਰਾਪਤੀਆਂ 'ਤੇ ਨਿਸ਼ਾਨ ਲਗਾਉਣ ਤੋਂ ਬਾਅਦ ਵੀ ਆਰਾਮ ਮਹਿਸੂਸ ਨਹੀਂ ਕਰਦੇ। ਇੱਕ ਦੁਖਦਾਈ ਭਾਵਨਾ ਹੋ ਸਕਦੀ ਹੈ ਕਿ ਕੁਝ ਅਜੇ ਵੀ ਗੁੰਮ ਹੈ। ਉਹ ਗੁੰਮ ਤੱਤ ਧੰਨਵਾਦ ਅਤੇ ਸੰਤੁਸ਼ਟੀ ਹੈ।

ਸੰਤੁਸ਼ਟੀ ਮਨ ਦੀ ਸ਼ਾਂਤੀ ਅਤੇ ਸਕਾਰਾਤਮਕਤਾ ਲਿਆਉਂਦੀ ਹੈ, ਜੋ ਵਿਕਾਸ ਅਤੇ ਸਵੈ-ਸੁਧਾਰ ਦੀ ਸਹੂਲਤ ਪ੍ਰਦਾਨ ਕਰ ਸਕਦੀ ਹੈ। ਇਸ ਦਾ ਇਹ ਮਤਲਬ ਨਹੀਂ ਹੈ ਕਿ ਕਿਸੇ ਦੇ ਸੁਪਨੇ ਅਤੇ ਇੱਛਾਵਾਂ ਨਹੀਂ ਹੋ ਸਕਦੀਆਂ। ਕੋਈ ਵਰਤਮਾਨ ਨੂੰ ਸਵੀਕਾਰ ਕਰ ਸਕਦਾ ਹੈ ਅਤੇ ਫਿਰ ਵੀ ਚੰਗੇ ਭਵਿੱਖ ਦੀ ਕਾਮਨਾ ਕਰ ਸਕਦਾ ਹੈ। ਸੰਤੁਸ਼ਟੀ ਦਾ ਸਿੱਧਾ ਅਰਥ ਹੈ ਵਰਤਮਾਨ ਵਿਚ ਸ਼ਾਂਤੀ ਨਾਲ ਰਹਿਣਾ, ਸੰਤੁਸ਼ਟ ਨਾ ਹੋਣਾ। ਜਦੋਂ ਕੋਈ ਸ਼ੁਕਰਗੁਜ਼ਾਰ ਹੁੰਦਾ ਹੈ, ਤਦ ਹੀ ਉਹ ਜੀਵਨ ਵਿਚ ਵਧੇਰੇ ਭਰਪੂਰਤਾ ਪ੍ਰਗਟ ਕਰਨ ਦੇ ਯੋਗ ਹੁੰਦਾ ਹੈ। ਇਹ ਪਹਿਲਾਂ ਹੀ ਮੌਜੂਦ ਸਾਰੀਆਂ ਚੰਗੀਆਂ ਚੀਜ਼ਾਂ ਨੂੰ ਦੇਖਣ ਲਈ ਮਨ ਨੂੰ ਖੋਲ੍ਹਦਾ ਹੈ। ਕਈ ਵਾਰ ਅਸੀਂ ਚੀਜ਼ਾਂ ਨੂੰ ਘੱਟ ਸਮਝਦੇ ਹਾਂ ਅਤੇ ਉਨ੍ਹਾਂ ਲਈ ਧੰਨਵਾਦੀ ਹੋਣਾ ਭੁੱਲ ਜਾਂਦੇ ਹਾਂ, ਅਤੇ ਉਨ੍ਹਾਂ ਨੂੰ ਸਾਡੀ ਜ਼ਿੰਦਗੀ ਵਿਚ ਲਿਆਉਣ ਲਈ ਲੋੜੀਂਦਾ ਸੀ। ਅਸੀਂ ਅਕਸਰ ਦੇਖਦੇ ਹਾਂ ਕਿ ਕਿਸ ਚੀਜ਼ ਦੀ ਘਾਟ ਹੈ ਜਾਂ ਅਸੀਂ ਅਜੇ ਤੱਕ ਕੀ ਹਾਸਲ ਨਹੀਂ ਕੀਤਾ ਹੈ। ਇਹ ਸਾਨੂੰ ਸਿਰਫ ਕੌੜਾ ਬਣਾਵੇਗਾ।

ਸੰਤੁਸ਼ਟੀ ਦਾ ਮਤਲਬ ਹੈ ਕਿ ਸਾਡੇ ਕੋਲ ਜੋ ਹੈ, ਅਸੀਂ ਕੌਣ ਹਾਂ ਅਤੇ ਅਸੀਂ ਕਿੱਥੇ ਹਾਂ, ਉਸ ਨਾਲ ਖੁਸ਼ ਰਹਿਣਾ। ਇਹ ਵਰਤਮਾਨ ਦੀ ਅਸਲੀਅਤ ਦਾ ਆਦਰ ਕਰਨ ਬਾਰੇ ਹੈ। ਇਹ ਇਸ ਗੱਲ ਦੀ ਕਦਰ ਕਰਨ ਬਾਰੇ ਹੈ ਕਿ ਸਾਡੇ ਕੋਲ ਕੀ ਹੈ ਅਤੇ ਅਸੀਂ ਜ਼ਿੰਦਗੀ ਵਿਚ ਕਿੱਥੇ ਹਾਂ। ਸੰਤੁਸ਼ਟੀ ਦਾ ਮਤਲਬ ਇੱਛਾ ਦੀ ਅਣਹੋਂਦ ਨਹੀਂ ਹੈ; ਇਸਦਾ ਸਿੱਧਾ ਮਤਲਬ ਹੈ ਕਿ ਅਸੀਂ ਵਰਤਮਾਨ ਤੋਂ ਸੰਤੁਸ਼ਟ ਹਾਂ, ਅਤੇ ਸਾਨੂੰ ਭਰੋਸਾ ਹੈ ਕਿ ਜੀਵਨ ਜੋ ਮੋੜ ਲਵੇਗਾ, ਉਹ ਸਭ ਤੋਂ ਵਧੀਆ ਹੈ। ਸਾਰੇ ਗੁਣ ਸੰਤੁਲਨ ਦੇ ਰੂਪ ਵਿਚ ਮੌਜੂਦ ਹਨ, ਅਤੇ ਇਸ ਲਈ ਧਿਆਨ ਨਾਲ ਉਨ੍ਹਾਂ ਵਿਭਿੰਨ ਵਧੀਕੀਆਂ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ, ਜੋ ਗੁਣ ਨੂੰ ਬਦਲਣ ਦੀ ਧਮਕੀ ਦਿੰਦੇ ਹਨ। ਇਹ ਖਾਸ ਤੌਰ 'ਤੇ ਦ੍ਰਿੜ੍ਹਤਾ ਦੇ ਮਾਮਲੇ ਵਿਚ ਸੱਚ ਹੈ, ਜੋ ਆਸਾਨੀ ਨਾਲ ਬੇਰਹਿਮੀ ਜਾਂ ਕਾਇਰਤਾ ਦੀ ਹੱਦ ਤੱਕ ਪਹੁੰਚ ਸਕਦਾ ਹੈ।

# ਚੱਕ ਨਾਨਕੀ ਦੀ ਮੋੜ੍ਹੀ

ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)



ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਨੰਦਪੁਰ ਸਾਹਿਬ ਦਾ 358ਵਾਂ ਸਥਾਪਨਾ ਦਿਵਸ ਗੁਰਦੁਆਰਾ ਭੋਰਾ ਸਾਹਿਬ ਵਿਖੇ 19 ਜੂਨ ਨੂੰ ਅਕਾਲ ਤਖਤ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਦੀ ਅਗਵਾਈ ਵਿਚ ਮਨਾਇਆ ਗਿਆ। ਇਹ ਥਾਂ, ਰਾਜਾ ਦੀਪ ਚੰਦ ਦੀ ਵਿਧਵਾ ਰਾਣੀ ਚੰਪਾ ਤੋਂ ਗੁਰੂ ਤੇਗ ਬਹਾਦਰ ਜੀ ਨੇ ਉਚਿਤ ਕੀਮਤ ਅਦਾ ਕਰਕੇ ਖਰੀਦੀ ਸੀ। ਗੁਰੂ ਸਾਹਿਬ ਜੀ ਨੇ ਨਵੇਂ ਨਗਰ ਦੀ ਮੋੜ੍ਹੀ ਆਪਣੇ ਗੁਰੂ ਪਿਤਾ, ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦਿਹਾੜੇ ਭਾਵ 21 ਹਾੜ ਨੂੰ, ਭਾਈ ਗੁਰਦਿੱਤਾ ਜੀ (ਪੋਤਰੇ ਬਾਬਾ ਬੁੱਢਾ ਜੀ) ਤੋਂ ਗਡਵਾਈ ਸੀ। ਨਵੇਂ ਨਗਰ ਦਾ ਨਾਮ ਆਪਣੀ ਮਾਤਾ ਜੀ ਦੇ ਨਾਮ ਤੇ ਚੱਕ ਨਾਨਕੀ ਰੱਖਿਆ ਸੀ। ਇਹ ਇਲਾਕਾ ਜਿਸ ਨੂੰ ਪਹਿਲਾ ਮਾਖੋਵਾਲ ਦਾ ਥੇਹ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਨੂੰ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਨਾਮ ਦਿੱਤਾ।

"ਗੁਰੂ ਤੇਗ ਬਹਾਦਰ ਜੀ ਮਹਲ ਨਾਮਾਂ, ਸਾਲ ਸਤਰਾਂ ਸੈ ਬਾਈਸ, ਅਸਾਢ ਪਰਵਿਸ਼ਟੇ ਇੱਕੀਸ, ਸੋਮਵਾਰ ਕੋ ਮਾਖੋਵਾਲ ਕੇ ਥੇਹ ਤੇ ਗਾਮ ਬਨਾਇਆ। ਨਾਮ ਚੱਕ ਨਾਨਕੀ ਰਾਖਾ" (ਭੱਟ ਵਹੀ ਮੁਲਤਾਨੀ ਸਿੰਧੀ)

"ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ ਵਾਸੀ ਕੀਰਤਪੁਰ, ਰਾਜ ਕਹਿਲੂਰ ਸਾਲ ਸਤ੍ਹਾਂ ਸੈ ਬਾਈਸ, ਅਸਾਢ ਪ੍ਰਵਿਸ਼ਠੇ ਇਕੀਸ, ਸੋਮਵਾਰ ਕੇ ਦਿਹੁੰ ਨੈਣਾ ਦੇਵੀ ਕੇ ਨੀਚੇ ਮਾਖੋਵਾਲ ਗਾਮ ਕੇ ਥੇਹ ਤੇ, ਬਾਬਾ ਬੁੱਢਾ ਜੀ ਕੀ ਬੰਸ਼ ਕੇ ਬਾਬਾ ਗੁਰਦਿੱਤਾ ਜੀ ਰੰਧਾਵਾ ਜੀ ਕੇ ਹਾਥ ਸੇ, ਨਏ ਗਾਮ ਕੀ ਮੋੜ੍ਹੀ ਗਾਡੀ॥ ਨਾਉ ਚੱਕ ਨਾਨਕੀ ਰਾਖਾ ਗੁਰੂ ਕੀ ਕੜਾਹੀ ਕੀ"। (ਭੱਟ ਵਹੀ ਤਲਾਉਂਢਾ ਪਰਗਣਾ ਜੀਂਦ)

ਭੱਟ ਵਹੀਆਂ ਵਿਚ ਚੱਕ ਨਾਨਕੀ ਨਾਮ ਦੇ ਨਗਰ ਦੀ ਮੋੜ੍ਹੀ ਗੱਡਣ ਦਾ ਪ੍ਰਵਿਸ਼ਟਾ (ਤਾਰੀਖ) 21 ਹਾੜ ਸੰਮਤ 1722 ਬਿਕ੍ਰਮੀ ਦਿਨ ਸੋਮਵਾਰ ਦਰਜ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਿੱਛੋਂ ਜਦੋਂ ਅੰਗਰੇਜ਼ੀ ਤਾਰੀਖ਼ਾਂ ਲਿਖਣ ਦਾ ਰਿਵਾਜ਼ ਪਿਆ ਤਾਂ ਇਹ ਤਾਰੀਖ 19 ਜੂਨ 1665 ਈ: (ਜੂਲੀਅਨ) ਲਿਖੀ ਗਈ।

"ਭਾਈ ਦਰਗਾਹ ਦਾਸ ਜੀ ਨੂੰ ਖਰੀਦੇ ਇਲਾਕੇ ਵਿਚ ਭੇਜ ਕੇ ਥਾਂ ਦੀ ਚੋਣ ਕੀਤੀ, ਜਿਥੇ 'ਚੱਕ' ਦੀ ਉਸਾਰੀ ਕਰਨੀ ਸੀ। ਥਾਂ ਦੀ ਹਰ ਪੱਖੋਂ ਦੇਖ-ਰੇਖ ਕਰਕੇ 19 ਜੂਨ 1665 ਈ: ਮੁਤਾਬਕ 21 ਹਾੜ 1722 ਬਿਕ੍ਰਮੀ ਨੂੰ ਨੀਂਹ ਰੱਖਣ ਦਾ ਫੈਸਲਾ ਕੀਤਾ ਗਿਆ। ਨੀਂਹ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਕੋਲੋਂ ਰਖਵਾਈ ਗਈ ਅਤੇ ਸ਼ਹਿਰ ਦਾ ਨਾਂ ਮਾਤਾ ਨਾਨਕੀ ਜੀ ਦੇ ਨਾਂ 'ਚੱਕ ਨਾਨਕੀ' ਰੱਖਿਆ ਗਿਆ"। (ਪ੍ਰਿ: ਸਤਬੀਰ ਸਿੰਘ 'ਇਤਿ ਜਿਨਿ ਕਰੀ' ਪੰਨਾ 67)

ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਵੱਲੋਂ ਚੱਕ ਨਾਨਕੀ ਦੀ ਮੋੜ੍ਹੀ ਭਾਵ ਨੀਂਹ 21 ਹਾੜ ਸੰਮਤ 1722 ਬਿਕ੍ਰਮੀ, ਦਿਨ ਸੋਮਵਾਰ ਨੂੰ ਰਖਵਾਈ ਗਈ ਸੀ। ਯਾਦ ਰਹੇ ਗੁਰੂ ਹਰਿਗੋਬਿੰਦ ਸਾਹਿਬ ਦੀ ਦਾ ਜਨਮ 21 ਹਾੜ ਸੰਮਤ 1652 ਬਿਕ੍ਰਮੀ ਦਿਨ ਵੀਰਵਾਰ ਨੂੰ ਗੁਰੂ ਕੀ ਵਡਾਲੀ ਵਿਖੇ ਹੋਇਆ ਸੀ। ਗੁਰੂ ਤੇਗ ਬਹਾਦਰ ਜੀ ਨੇ ਨਵੇਂ ਨਗਰ ਦੀ ਮੋੜ੍ਹੀ ਇਸੇ ਦਿਨ ਭਾਵ 21 ਹਾੜ ਨੂੰ ਗਡਵਾਈ ਸੀ ਅਤੇ ਨਵੇਂ ਨਗਰ ਦਾ ਨਾਮ ਆਪਣੀ ਮਾਤਾ ਨਾਨਕੀ ਜੀ ਦੇ ਨਾਮ 'ਤੇ 'ਚੱਕ ਨਾਨਕੀ' ਰੱਖਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਿਚ ਭਾਵੇਂ ਇਹ ਦਿਹਾੜਾ ਦਰਜ ਨਹੀਂ ਹੈ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ ਹਰ ਸਾਲ 19 ਜੂਨ ਨੂੰ ਮਨਾਉਂਦੀ ਹੈ। 19 ਜੂਨ 1665 ਈ:, ਜੂਲੀਅਨ ਕੈਲੰਡਰ ਦੀ ਤਾਰੀਖ ਹੈ। ਇਹ ਕੈਲੰਡਰ ਕਦੇ ਵੀ ਆਪਣੇ ਦੇਸ਼ ਵਿਚ ਲਾਗੂ ਨਹੀਂ ਹੋਇਆ। ਪੋਪ ਗਰੈਗਰੀ ਵੱਲੋਂ ਜੂਲੀਅਨ ਕੈਲੰਡਰ ਵਿਚ ਅਕਤੂਬਰ 1582 ਈ: ਵਿਚ ਕੀਤੀ ਗਈ ਸੋਧ ਨੂੰ, ਇੰਗਲੈਂਡ ਨੇ ਸਤੰਬਰ 1752 ਈ: ਵਿਚ ਪ੍ਰਵਾਨ ਕੀਤਾ ਸੀ। ਈਸਟ ਇੰਡੀਆ ਕੰਪਨੀ ਵੱਲੋਂ ਪਲਾਸੀ ਦੀ ਲੜਾਈ (23 ਜੂਨ 1757 ਈ:, ਗਰੈਗੋਰੀਅਨ) ਤੋਂ ਪਿੱਛੋਂ ਹੀ ਇਥੇ ਪੱਕੇ ਤੌਰ 'ਤੇ ਪੈਰ ਪਸਾਰਨੇ ਆਰੰਭ ਹੋਏ ਸੀ। ਇਸ ਲਈ ਇਹ ਦਾਵੇ ਨਾਲ ਕਿਹਾ ਜਾ ਸਕਦਾ ਹੈ ਕਿ ਆਪਣੇ ਦੇਸ਼ ਵਿਚ ਅੰਗਰੇਜ਼ਾਂ ਦੇ ਆਉਣ ਨਾਲ, ਗਰੈਗੋਰੀਅਨ ਕੈਲੰਡਰ ਹੀ ਆਇਆ ਸੀ, ਨਾ ਕਿ ਜੂਲੀਅਨ। ਪੰਜਾਬ ਵਿਚ ਤਾਂ ਅੰਗਰੇਜ਼ੀ ਕੈਲੰਡਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਿੱਛੋਂ ਆਇਆ ਸੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਆਪਣੇ ਖਿਤੇ ਵਿਚ ਲਾਗੂ ਹੀ ਨਹੀਂ ਹੋਇਆ, ਉਸ ਮੁਤਾਬਕ ਇਤਿਹਾਸਿਕ ਦਿਹਾੜੇ ਕਿਵੇਂ ਮਨਾਏ ਜਾ ਸਕਦੇ ਹਨ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ, ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ, ਸਾਲ ਦੀ ਲੰਬਾਈ 365.2563 ਦਿਨ) ਛਾਪਿਆ ਜਾਂਦਾ ਹੈ। ਇਸ ਵਿਚ ਉਨ੍ਹਾਂ ਇਤਿਹਾਸਿਕ ਦਿਹਾੜਿਆਂ ਨੂੰ ਵੀ ਪ੍ਰਵਿਸ਼ਟਿਆਂ ਵਿਚ ਹੀ ਦਰਜ ਕੀਤਾ ਜਾਂਦਾ ਹੈ, ਜੋ ਇਤਿਹਾਸਿਕ ਵਸੀਲਿਆਂ ਵਿੱਚ ਵਦੀ-ਸੁਦੀ ਮੁਤਾਬਕ ਦਰਜ ਹਨ। "ਆਨੰਦਪੁਰ ਸਾਹਿਬ ਦਾ ਸਥਾਪਨਾ ਦਿਵਸ" ਤਾਂ ਇਤਿਹਾਸਕ ਵਸੀਲਿਆਂ ਵਿਚ ਪਹਿਲਾ ਹੀ ਪ੍ਰਵਿਸ਼ਟਿਆਂ ਮੁਤਾਬਕ, 21 ਹਾੜ ਦਰਜ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ 19 ਜੂਨ ਨੂੰ 5 ਹਾੜ ਹੈ। ਜਦੋਂ ਕਿ 21 ਹਾੜ, 5 ਜੁਲਾਈ ਨੂੰ ਆਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀ ਮਜਬੂਰੀ ਹੈ ਕਿ 'ਚੱਕ ਨਾਨਕੀ' ਦੀ ਮੋੜ੍ਹੀ ਗੱਡਣ ਦਾ ਇਤਿਹਾਸਕ ਦਿਹਾੜਾ ਭਾਵ "ਆਨੰਦਪੁਰ ਸਾਹਿਬ ਦਾ ਸਥਾਪਨਾ ਦਿਵਸ" 5 ਹਾੜ ਨੂੰ ਮਨਾਉਂਦੀ ਹੈ? ਇਹ ਦਿਹਾੜਾ ਇਤਿਹਾਸ ਵਿਚ ਦਰਜ ਅਸਲ ਪ੍ਰਵਿਸ਼ਟੇ ਮੁਤਾਬਕ, 21 ਹਾੜ ਨੂੰ ਕਿਉਂ ਨਹੀਂ ਮਨਾਇਆ ਜਾਂਦਾ? ਇਸੇ ਅਸਥਾਨ ਉੱਪਰ ਖਾਲਸਾ ਸਾਜਨਾ ਦਿਹਾੜਾ 1 ਵੈਸਾਖ (14 ਅਪ੍ਰੈਲ) ਨੂੰ ਮਨਾਇਆ ਜਾਂਦਾ ਹੈ, ਜਦੋਂਕਿ ਸੰਮਤ 1756 ਬਿਕ੍ਰਮੀ ਵਿਚ 1 ਵੈਸਾਖ ਨੂੰ 29 ਮਾਰਚ ਸੀ। ਇਕ ਦਿਹਾੜਾ ਅਸਲ ਪ੍ਰਵਿਸ਼ਟੇ ਭਾਵ ਇਕ ਵੈਸਾਖ ਨੂੰ ਅਤੇ ਇਕ ਦਿਹਾੜਾ ਜੂਲੀਅਨ ਕੈਲੰਡਰ 19 ਜੂਨ ਮੁਤਾਬਕ ਮਨਾਉਣਾ, ਇਤਿਹਾਸ ਨੂੰ ਵਿਗਾੜਨਾ ਕਿਵੇਂ ਨਹੀਂ ਹੈ? ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਕਿਉਂ ਨਹੀਂ ਮਨਾਏ ਜਾ ਸਕਦੇ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਰੀਖਾਂ ਦਾ ਰੋਲ-ਘਚੋਲਾ ਕਿਉਂ ਪਾਈ ਰੱਖਣਾ ਚਾਹੁੰਦੀ ਹੈ? ਇਸ ਨੂੰ ਕਮੇਟੀ ਦੀ ਅਗਿਆਨਤਾ ਸਮਝੀਏ ਜਾਂ ਡੂੰਘੀ ਸਾਜ਼ਿਸ਼?



## ਸ੍ਰੀ ਅਨੰਦਪੁਰ ਸਾਹਿਬ ਦਾ 358 ਵਾਂ ਸਥਾਪਨਾ ਦਿਵਸ ਅੱਜ ਗੁਰੂ ਕੇ ਮਹਿਲ ਗੁ. ਭੋਰਾ ਸਾਹਿਬ ਵਿਖੇ ਮਨਾਇਆ ਜਾਵੇਗਾ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ

ਸ੍ਰੀ ਅਨੰਦਪੁਰ ਸਾਹਿਬ, 18 ਜੂਨ, (ਜੇ. ਕੇ. ਅਨੰਦਪੁਰੀ)- ਸ੍ਰੀ ਅਨੰਦਪੁਰ ਸਾਹਿਬ ਵਿੱਸ਼ਵ ਦਾ ਵਿਲੱਖਣ ਤੇ ਨਿਵੇਕਲਾ ਗੁਰ ਅਸਥਾਨ ਹੈ ਇਸ ਸਥਾਨ ਤੇ ਗੁਰੂ ਨਾਨਕ ਦੇਵ ਜੀ ਦੇ ਨੌਂਵੇ ਸਰੂਪ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ 19 ਜੂਨ 1665 ਈ ਨੂੰ ਚੱਕ ਨਾਨਕੀ ਨਗਰ ਦੀ ਮੋਹੜੀ ਬਾਬਾ ਗੁਰਦਿੱਤਾ ਜੀ ਪਾਸੋਂ ਗਡਵਾ ਕੇ ਇਕ ਮਹਾਨ ਕੇਂਦਰੀ ਸਥਾਨ ਦਾ ਮੁੱਢ ਬੰਨ ਕੇ ਇਸ ਨਗਰ ਵਿੱਚ ਪਰਿਵਾਰ ਸਮੇਤ ਨਿਵਾਸ ਕੀਤਾ। ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦਾ ਮਨੋਰਥ ਉਹ ਨਗਰ ਜਿਥੇ ਹਰ ਪ੍ਰਕਾਰ ਦੀਆਂ ਬੁਰਿਆਈਆ ਤੋਂ ਪਾਕ ਖੁਸ਼ੀ, ਅਨੰਦ ਤੇ ਖੇੜਾ ਦੇਣ ਵਾਲਾ ਨਗਰ। ਸੰਸਾਰ ਦਾ ਹਰ ਵਿਅਕਤੀ ਇਸ ਧਰਤੀ ਤੇ ਆਉਣ ਦੀ ਇੱਛਾ ਰੱਖਦਾ ਹੈ ਇਸੇ ਧਰਤੀ ਤੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾ ਕੇ ਇਸ ਧਰਤੀ ਨੂੰ ਪੂਜਣ ਯੋਗ ਬਣਾ ਦਿੱਤਾ। ਸਿੱਖ ਧਰਮ ਦੇ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਕੀਰਤਪੁਰ ਸਾਹਿਬ ਇਸੇ ਧਰਤੀ ਤੇ ਵਸਾਇਆ ਸ੍ਰੀ ਗੁਰੂ ਹਰਰਾਇ ਸਾਹਿਬ ਜੀ ਤੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਇਸੇ ਧਰਤੀ ਤੇ ਅਵਤਾਰ ਧਾਰਿਆ ਸਿੱਖ ਧਰਮ ਦੇ ਦਸ ਗੁਰੂ ਸਾਹਿਬਾਨ ਵਿੱਚੋਂ ਛੇ ਗੁਰੂ ਸਾਹਿਬਾਨ ਦੀ ਚਰਨ ਛੋਹ ਇਸ ਧਰਤੀ ਨੂੰ ਪ੍ਰਾਪਤ ਹੈ। ਇਸੇ ਧਰਤੀ ਤੇ ਕਸ਼ਮੀਰੀ ਪੰਡਿਤ ਹਿੰਦੂ ਧਰਮ ਬਚਾਉਣ ਦੀ ਫਰਿਆਦ ਲੈ ਕੇ ਆਏ ਤੇ ਨੌਵੇਂ ਪਾਤਸ਼ਾਹ ਜੀ ਆਪਣਾ ਸੀਸ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਦਸ਼ਮ ਪਾਤਸ਼ਾਹ ਜੀ ਨੇ ਮਨੁੱਖਤਾ ਦੇ ਭਲੇ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਲਸਾ ਪ੍ਰਗਟ ਕਰਕੇ ਮਨੁੱਖ ਜਾਤੀ ਤੇ ਮਹਾ ਪਰਉਪਕਾਰ ਕੀਤਾ। ਹਰ ਸਾਲ ਦੀ ਤਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛੱਤਰ ਛਾਇਆ ਹੇਠ ਸ੍ਰੀ ਅਨੰਦਪੁਰ ਸਾਹਿਬ ਦਾ 358 ਵਾਂ ਸਥਾਪਨਾ ਦਿਵਸ ਅੱਜ ਗੁਰੂ ਕੇ ਮਹਿਲ ਗੁ. ਭੋਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸਵੇਰੇ 8:30 ਵਜੇ ਪਾਏ ਜਾਣਗੇ ਸਵੇਰੇ 10:00 ਵਜੇ ਤੀਕ ਮਹਾਨ ਗੁਰਮਤਿ ਸਮਾਗਮ ਸਜਾਏ ਜਾਣਗੇ। ਸ਼ਾਮ ਦੇ ਦੀਵਾਨ 6 ਵਜੇ ਆਰੰਭ ਹੋ ਕੇ 11 ਵਜੇ ਤੀਕ ਚਲਣਗੇ ਇਹਨਾਂ ਸਮਾਗਮ ਵਿੱਚ ਸਿਖ ਪੰਥ ਦੀਆਂ ਮਹਾਨ ਸਖਸ਼ੀਅਤਾਂ, ਰਾਗੀ, ਢਾਡੀ, ਕਵੀਸ਼ਰ ਗੁਰ ਇਤਿਹਾਸ ਨਾਲ ਜੋੜਨਗੇ। ਸਮੂਹ ਸੰਗਤਾਂ ਸਵੇਰੇ ਤੇ ਸ਼ਾਮ ਵਾਲੇ ਦੀਵਾਨਾਂ ਵਿੱਚ ਗੁਰੂ ਕੇ ਮਹਿਲ ਗੁ. ਭੋਰਾ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਰਿਵਾਰਾਂ ਸਮੇਤ ਹਾਜਰੀਆ ਭਰ ਕੇ ਗੁਰੂ ਘਰ ਦੀਆ ਖੁਸ਼ੀਆਂ ਪ੍ਰਾਪਤ ਕਰੋ ਜੀ।


# Improve your Digestion

Anil Dheer
Brampton
647-853-5800
(Punjab Mail USA)



*"Eat fresh and healthy food for digest and absorb. Always take care of your digestive system"- Anil Dheer.*

Today, Digestive problems are increasing day by day in all age group. Digestive diseases result in nearly 200 million sick days, 51 million visits to physicians, 16.9 million days lost from school, 10 million hospitalizations, and nearly 200,000 deaths per year. Digestion problems can mean more than unwanted symptoms. Minor problems that are, left untreated can lead to more serious, chronic sickness. The digestive system is an intricate and extensive part of the body. It ranges all the way from the mouth to the rectum. The digestive system helps your body absorb essential nutrients and is responsible for getting rid of waste. Digestion is an important process, which provides human body with nutrients from foods and drinks to work properly and stay healthy. Digestive system breaks nutrients into parts, which are small enough for your body to absorb and use for energy, growth and cell repair.



## Natural Remedies:

- Lack of physical activity. If you do not exercise in your daily routine, the risk of harming your digestive system increases. Encourage walking, cycling, working out at gym, exercising at home, doing yoga, or any dance activity etc. in your daily routine. A regular exercise regimen can help treat constipation and promote healthy digestion.
- Overeating slows down the digestive process. It means the food you eat will remain in the stomach for a longer period and be more likely to turn into fat. It can prevent your food from breaking down and digesting properly. Insufficient digestion will further result in various problems like heartburn and acid reflux, vomiting and nausea.
- Lack of vegetables and fruits intake. If you eat less fruits and vegetables, your risk of suffering from constipation and other digestive ailments increases. Being high in dietary fibre and cellulose, fruits and vegetables prevent constipation, stimulate the gastrointestinal tract muscle and strengthen digestive system.
- Not giving the proper time to digest food that you have eaten before exercising. It is because if you have just eaten before exercising, you may suffer from heartburn, abdominal pain, vomiting and tiredness.
- Insufficient water intake. Dehydration is one of the leading causes of unhealthy digestive system. It can lead to constipation, gastritis and acid reflux because the stomach does not have enough water to produce digestive acid. Studies have shown that drinking eight to 10 glasses of water a day can help limit the serious symptoms of acid reflux.
- Unhealthy diet. Eating processed food, junk food or a diet that comprises of high amount of carbohydrates, refined sugar, salt and fats can lead to unhealthy digestive system. This kind of food is low in nutrients, fibre and water content. Thus it slows down the digestion process making the stomach bloated. When food is absorbed by intestine, it requires fibre as well as water to excrete. But, due to lack of these two contents, these foods lead to poor digestion and irritable bowel syndrome.
- Lack of sleep. Not sleeping enough and sound may lead to gastroesophageal reflux disease, irritable bowel syndrome and functional dyspepsia. These all health issues, are related to unhealthy digestive system. A poor sleep can negatively affect your gut microbiome, which can in turn, lead to additional digestive and health issues.
- Do not lie down or sleep right after you eat. It is, advised to take a slow walk for about 10 minutes after you eat to boost digestion.
- Chew your food well because digestion begins right inside the mouth. When you eat slowly and chew your food well these enzymes get adequate time to digest the food. The enzymes that aid digestion is present in the saliva produced by the salivary glands.
- Avoid Junk, spicy fried foods. Drink ginger, lemon and green tea every day. Eat unsalted yogurt with pinch of black pepper powder.

**Note:** If you have any digestive problem, consult your family physician.

# ਬਾਬਾ ਸੋਹਨ ਸਿੰਘ ਭਕਨਾ---1

**(1870-1968)**



-ਡਾ. ਸਲਮਾਨ ਨਾਜ਼
ਟੋਰਾਂਟੋ
416-271-1040 (Punjab Mail USA)

ਮਹਾਨ ਲੋਕ ਇਸ ਕਰਕੇ ਮਹਾਨ ਨਹੀਂ ਕਿ ਉਹ ਕਿਸ ਮਹਾਨ ਖਾਨਦਾਨ ਜਾਂ ਮਹਾਨ ਸਥਾਨ ਵਿਚ ਪੈਦਾ ਹੋਏ, ਪਰ ਉਹ ਇਸ ਕਰਕੇ ਮਹਾਨ ਹਨ ਕਿ ਉਨ੍ਹਾਂ ਨੇ ਮਹਾਨ ਕਰਤਵ ਪਾਲੇ।

ਇੱਕ ਸਾਧਾਰਣ ਪਿੰਡ ਖੁਤਰਾਏ ਖੁਰਦ ਵਿਚ 1870 ਅੰਮ੍ਰਿਤਸਰ ਦੇ ਜੰਮਪਲ਼, ਇਹ ਕੌਣ ਸੋਚ ਸਕਦਾ ਸੀ ਕਿ ਉਹ ਆਪਣੀ ਕੌਮ, ਆਪਣੇ ਧਰਮ, ਆਪਣੇ ਦੇਸ਼ ਲਈ ਅਪਣੇ ਜੀਵਨ ਦੀ ਬਾਜ਼ੀ ਵੀ ਲਾ ਸਕਣ ਦੀ ਹਿੰਮਤ ਰੱਖਦੇ ਹਨ। ਪਿੰਡ ਦੇ ਗੁਰੂ ਘਰ ਵਿਚ ਪੰਜਾਬੀ ਅਤੇ ਉਰਦੂ ਫਾਰਸੀ ਪੜ੍ਹੀ, ਇਸ ਦੇ ਨਾਲ-ਨਾਲ ਸਿੱਖ ਧਰਮ ਦਾ ਸਿਧਾਂਤਾਂ ਅਤੇ ਜ਼ੁਲਮ ਦੇ ਖਿਲਾਫ ਢਾਲ ਬਣ ਖੜ੍ਹੇ ਹੋ ਜਾਣਾ, ਇਨ੍ਹਾਂ ਨੇ ਸਿੱਖ ਧਰਮ ਦੀ ਪੈਰਵੀ ਵਿਚੋਂ ਹੀ ਹਾਸਲ ਕੀਤਾ ਲੱਗਦਾ ਹੈ। ਮੇਰੇ ਆਪਣੇ ਵਿਚਾਰ ਵੀ ਇਸ ਦਲੀਲ ਨਾਲ ਸਹਿਮਤ ਹਨ ਕਿ ਸਿੱਖ ਕੌਮ ਵਿਚ ਜਬਰ ਅਤੇ ਜ਼ੁਲਮ ਦੇ ਖਿਲਾਫ ਨਾਹਰਾ ਅਤੇ ਆਵਾਜ਼ਾ ਦੇਣਾ, ਆਪਣੀ ਆਹੂਤੀ ਦੇ ਦੇਣਾ; ਇਨ੍ਹਾਂ ਨੂੰ ਗੁਰੂ ਗੁੜ੍ਹਤੀ ਵਿਚ ਹੀ ਨਸੀਬ ਹੈ। ਪੰਜਾਬ ਦੱਰਾ ਖੈਬਰ ਦੇ ਮੂੰਹ 'ਤੇ ਹੋਣ ਕਰਕੇ ਹਰ ਹਮਲਾਵਰ ਇਸ ਵਿਚ ਦੀ ਹੀ ਹੋ ਕੇ ਦਿੱਲੀ 'ਤੇ ਕਾਬਜ਼ ਹੁੰਦਾ ਰਿਹਾ ਹੈ। ਪੰਜਾਬੀਆਂ ਲਈ ਮੁੱਢ ਕਦੀਮੀ ਇਹ ਚੁਣੌਤੀ ਰਹੀ ਹੈ ਕਿ ਉਨ੍ਹਾਂ ਹਮੇਸ਼ਾ ਹੀ ਹਮਲਾਵਰਾਂ ਨਾਲ ਯੁੱਧ ਕੀਤੇ ਹਨ ਅਤੇ ਇਹ ਸਿਧਾਂਤ ਇਨ੍ਹਾਂ ਦੀ ਸਾਈਕੀ ਵਿਚ ਘਰ ਕਰ ਗਿਆ ਹੈ ਕਿ:-

'ਇੱਜ਼ਤ ਮਾਣ ਨਾਲ ਜੀਣਾ ਹੈ ਤਾਂ ਮਰਨ ਲਈ ਤਿਆਰ ਹੋਣਾ ਪਵੇਗਾ'।

ਪੰਜਾਬੀਆਂ ਦੇ ਵਧੇਰੇ ਦ੍ਰਿੜ੍ਹ ਵਿਸ਼ਵਾਸਧਾਰੀ ਅਤੇ ਸਖਤ ਸੁਭਾਅ ਲੜਾਕੂ ਹੋਣ ਦਾ ਇਹ ਵੀ ਕਾਰਣ ਹੈ ਕਿ ਧਰਤੀ ਨਾਲ ਘੁਲਣ ਕਰਕੇ ਇਨ੍ਹਾਂ ਰੋਜ਼ ਜੰਗ ਕੀਤੀ ਹੈ ਅਤੇ ਕੁਦਰਤੀ ਆਫਤਾਂ ਨਾਲ ਦਿਨ-ਰਾਤ ਯੁੱਧ ਕੀਤਾ ਹੈ। ਇਸ ਕਰਕੇ ਕਿਸੇ ਵੀ ਚੁਣੌਤੀ ਲਈ ਪੰਜਾਬੀ ਨੂੰ ਤਿਆਰ ਕਰਨ ਅਤੇ ਉਤਸ਼ਾਹਤ ਕਰਨ ਲਈ ਕਿਸੇ ਵਧੇਰੇ ਚਰਚਾ ਜਾਂ ਉਤੇਜਿਤ ਕਰਨ ਦੀ ਲੋੜ ਨਹੀਂ ਪੈਂਦੀ। ਇਹ ਆਸਾਨੀ ਨਾਲ ਕਹਿ ਸਕਦੇ ਹਾਂ ਕਿ ਉਹ ਜੰਮਦਾ ਹੀ ਸਿਪਾਹੀ ਹੈ। ਇਹ ਹੀ ਇੱਕ ਕਾਰਣ ਹੈ ਕਿ ਅੰਗ੍ਰੇਜ਼ਾਂ ਦੇ ਸਮੇਂ ਵਿਚ ਵੀ ਜਦਕਿ ਇਨ੍ਹਾਂ ਦੀ ਜਨਸੰਖਿਆ ਅੱਜ ਵਾਂਗਰ ਕੇਵਲ ਆਟੇ ਵਿਚ ਲੂਣ ਸੀ, ਫਿਰ ਵੀ ਅੰਗ੍ਰੇਜ਼ ਭਾਰਤ ਦੀ ਫੌਜ ਦਾ ਉਹ 25% ਭਾਗ ਸਨ। ਕੈਨੇਡਾ ਵਿਚ ਪੁੱਜ ਕੇ ਪ੍ਰਵਾਸ ਵਾਲਾ ਬਿੱਲ 1906-07 ਇਨ੍ਹਾਂ ਲਈ ਸਰਗਰਮੀਆਂ ਦਾ ਪਹਿਲਾ ਮੋਰਚਾ ਕਿਹਾ ਜਾ ਸਕਦਾ ਹੈ। ਛੇਤੀ ਹੀ ਅਸੀਂ ਵੇਖਦੇ ਹਾਂ ਕਿ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਬਾਬਾ ਸੋਹਨ ਸਿੰਘ ਭਕਨਾ; 4 ਅਪ੍ਰੈਲ 1909 ਵਿਚ ਸਿਆਟਲ ਅਮਰੀਕਾ ਵਿਚ ਆ ਜਾਂਦੇ ਹਨ। ਇਹ ਦਿਨ ਸਨ, ਜਦ ਵਧੇਰੇ ਕਰਕੇ ਬ੍ਰਿਟਿਸ਼ ਪੰਜਾਬ ਵਿਚੋਂ ਲੋਕ ਧੜਾਧੜ ਅਮਰੀਕ ਅਤੇ ਕੈਨੇਡਾ ਵਿਚ ਆ ਰਹੇ ਸਨ। ਪਰ ਇਸ ਦੇ ਨਾਲ-ਨਾਲ ਅਜਿਹੇ ਕਾਨੂੰਨ ਜੋ ਇਨ੍ਹਾਂ ਨੂੰ ਬਰਾਬਰਤਾ ਨਹੀਂ ਸਨ ਦਿੰਦੇ, ਬੜੀ ਸਖ਼ਤੀ ਨਾਲ ਲਾਗੂ ਸਨ, ਜੋ ਵਧੇਰੇ ਸਿਰ ਕੱਢਵੇਂ ਜਾਂ ਕੱਟਵੇਂ ਨਫਰਤ ਅਤੇ ਰੰਗ-ਨਸਲ ਨਾਲ ਸਬੰਧਤ ਸਨ। ਦੂਜਾ ਭਾਗ ਮੈਂ ਇਹ ਵੀ ਸਮਝਦਾ ਹਾਂ ਕਿ ਲੋਕ ਅਪਣੇ ਜੀਵਨ ਨੂੰ ਪੰਜਾਬ ਵਿਚ ਕੁਚਲ ਹੁੰਦਿਆਂ ਵੇਖ ਰੋਟੀ ਦੀ ਭਾਲ ਵਿਚ ਨਾਰਥ ਅਮਰੀਕਾ ਦੇ ਪ੍ਰਵਾਸ ਵਿਚ ਸਨ। ਵਧੇਰੇ ਕਰਕੇ ਉਨ੍ਹਾਂ ਦੇ ਦਿਲਾਂ ਵਿਚ ਸੀ ਕਿ ਕੈਨੇਡਾ ਅਤੇ ਅਮਰੀਕਾ ਵਿਚ ਉਹ ਕੁਝ ਆਜ਼ਾਦੀ ਦਾ ਸਾਹ ਲੈ ਸਕਣਗੇ, ਜੋ ਸਰਾਸਰ ਬੇਦਲੀਲੀ ਦੁਰਘਟਨਾ ਸਾਬਤ ਹੋਈ। ਗੁਲਾਮ ਪੰਜਾਬੀਆਂ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਸੀ ਕਿ ਬੇਸ਼ੱਕ ਕੈਨੇਡਾ ਬ੍ਰਿਟਿਸ਼ ਲੋਕਾਂ ਤੋਂ ਆਜ਼ਾਦ ਤਾਂ ਹੈ ਪਰ ਅਜੇ ਵੀ ਉਹ ਅਜਿਹੀ ਡੋਮੀਅਨ ਰੀਪਬਲਿਕ ਹੈ, ਜੋ ਬ੍ਰਿਟਿਸ਼ ਸਾਮਰਾਜ ਦੇ ਅਧੀਨ ਹੈ। ਭਾਵ ਇਹ ਹੈ ਕਿ ਜਦ ਕਿਸੇ ਕਾਨੂੰਨੀ ਮਸਲੇ ਦਾ ਸਾਹਮਣਾ ਕਰਨਾ ਪੈਂਦਾ ਸੀ, ਅਵੱਸ਼ ਹੀ ਕਾਨੂੰਨ ਬ੍ਰਿਟਿਸ਼ ਹੀ ਲਾਗੂ ਹੁੰਦਾ ਸੀ। ਮੇਰੇ ਵਿਚਾਰ ਅਨੁਸਾਰ ਆਜ਼ਾਦੀ ਦੀ ਲਹਿਰ ਅਮਰੀਕਾ ਅਤੇ ਕੈਨੇਡਾ ਦਾ ਮਰਕਜ਼ ਬਣ ਜਾਣਾ ਇਨ੍ਹਾਂ ਹਾਲਤਾਂ ਵਿਚੋਂ ਹੀ ਉਤਪੰਨ ਹੁੰਦਾ ਹੈ। ਨਤੀਜੇ ਦੇ ਤੌਰ 'ਤੇ ਕੈਲੀਫੋਰਨੀਆ ਖਾਸ ਕਰਕੇ ਸਾਨ ਫਰਾਂਸਿਸਕੋ ਭਾਰਤੀ ਕ੍ਰਾਂਤੀਕਾਰੀਆਂ ਦਾ ਯੋਗਾਂਤਰ ਆਸ਼ਰਮ ਇਕ ਸਲਾਹ-ਮਸ਼ਵਰੇ ਦਾ ਕ੍ਰਾਂਤੀਕਾਰੀ ਦਫਤਰ ਸੀ। ਦੂਜਾ ਸੈਂਟਰ ਪੰਜਾਬੀਆਂ ਦਾ ਵੈਨਕੂਵਰ ਵਿਚ ਸਥਾਪਤ ਹੋਇਆ; ਜਿਥੇ ਪੰਜਾਬੀਆਂ ਦੀ ਵਧੇਰੇ ਗਿਣਤੀ ਸੀ।

ਬਾਬਾ ਜੀ ਨੇ ਇੱਕ ਟਿੰਬਰ ਫੈਕਟਰੀ ਵਿਚ ਅਪਣਾ ਕੰਮ ਆਰੰਭ ਕਰ ਲਿਆ। ਇਨ੍ਹਾਂ ਦਿਨਾਂ ਵਿਚ ਨਾਲ ਲੱਗਦੇ ਬਾਰਡਰ ਕੈਨੇਡਾ ਵਿਚ ਅਜਿਹੀ ਹੀ ਇੱਕ ਮੁਹਿੰਮ ਚਾਲੂ ਸੀ, ਜਿਸ ਵਿਚ ਭਾਰਤ ਤੋਂ ਰਿਸ਼ਤੇਦਾਰ ਅਤੇ ਇਸਤਰੀਆਂ ਬੱਚਿਆਂ ਦੇ ਆਉਣ 'ਤੇ ਮਨਾਹੀ ਸਖਤੀ ਨਾਲ ਬਰਕਰਾਰ ਕੀਤੀ ਜਾ ਰਹੀ ਸੀ ਅਤੇ ਨਾਲ-ਨਾਲ ਕੈਨੇਡਾ ਵਿਚ ਵੱਸਦੇ ਪੰਜਾਬੀਆਂ ਦੇ ਸਿਆਸੀ ਸਖਤੀਆਂ ਲਾਗੂ ਕਰਕੇ ਇਨ੍ਹਾਂ ਦੀਆਂ ਧਾਰਮਿਕ, ਸਮਾਜਿਕ ਅਤੇ ਸਿਆਸੀ ਜੱਥੇਬੰਦੀਆਂ ਸੂਹੀ ਏਜੰਸੀਆਂ ਦੀ ਨਜ਼ਰ ਵਿਚ ਮਸ਼ਕੂਕ ਸਮਝੀਆਂ ਜਾਂਦੀਆਂ ਸਨ। ਇਨ੍ਹਾਂ ਦਿਨਾਂ ਵਿਚ ਭਾਰਤ ਦਾ ਜੰਮਪਲ਼ ਵਿਲੀਅਮ ਹੌਪਕਿਨਸਨ ਇਮੀਗ੍ਰੇਸ਼ਨ ਦਾ ਚੀਫ ਏਜੰਟ ਅਤੇ ਇੰਟੈਲੀਜੈਂਸ ਦਾ ਇੰਸਪੈਕਟਰ ਸੀ। ਇਹ ਦੇ ਅਧੀਨ ਕੁਝ ਭਾਰਤੀ ਸਿੱਖ ਸੂਹੀਏ ਦਾ ਕੰਮ ਕਰਦੇ ਸਨ। ਜਿਸ ਵਿਚ ਬੇਲਾ ਸਿੰਘ ਦਾ ਨਾਂ ਖਾਸ ਕਰਕੇ ਵਰਨਣਯੋਗ ਹੈ। ਬੇਲਾ ਸਿੰਘ ਨੇ ਕਰਤਾਰ ਸਿੰਘ ਗਰੰਥੀ ਅਤੇ ਜੀਵਨ ਸਿੰਘ ਦੀ ਅਗਵਾਈ ਹੇਠ ਚਲਦੀ ਮੁਹਿੰਮ ਦੇ ਆਗੂਆਂ ਨੂੰ ਦਿਨ-ਦਿਹਾੜੇ ਗੁਰੂ ਘਰ ਦੇ ਅੰਦਰ ਗੋਲੀਆਂ ਨਾਲ ਭੁੰਨ ਦਿੱਤਾ, ਜਿਸ ਵਿਚ ਦੋ ਕੀਰਤਨੀਆਂ ਦੀ ਮੌਤ ਹੋ ਗਈ ਅਤੇ ਕੋਈ ਅੱਧੀ ਦਰਜਨ ਫੱਟੜ ਹੋਏ। ਇਹ ਵਧੇਰੇ ਅਸਹਿ ਅਤੇ ਬਰਦਾਸ਼ਤ ਤੋਂ ਬਾਹਰ ਕਰਮ ਸਨ; ਜਿਸ ਵਿਚ ਸ਼ਹੀਦ ਜੀਵਨ ਸਿੰਘ ਨੂੰ ਹੌਪਕਿਨਸਨ ਦੀ ਜਾਨ ਲੈ ਕੇ ਆਪਣੀ ਜਾਨ ਦੇਣੀ ਪਈ ਅਤੇ ਸ਼ਮਾਂ ਦਾਨਾਂ ਵਿਚ ਅਪਣੇ ਜੀਵਨ ਦੀ ਲਾਟ ਆਉਣ ਵਾਲੀ ਪੀੜ੍ਹੀ ਲਈ ਰੌਸ਼ਨ ਕਰ ਗਿਆ। ਸੰਖੇਪ ਰੂਪ ਵਿਚ ਇਸ ਪਿਛੋਕੜ ਅਧੀਨ ਬਾਬਾ ਸੋਹਨ ਸਿੰਘ ਭਕਨਾ ਇਸ ਸਿਆਸੀ ਘੋਲ ਦੀ ਆਜ਼ਾਦੀ ਲਈ ਗਦਰ ਪਾਰਟੀ ਦੀ ਲਗਾਮ ਆਪਣੇ ਹੱਥ ਸੰਭਾਲਦਾ ਹੈ।

ਇੰਝ ਲੱਗਦਾ ਹੈ ਕਿ ਬਾਬਾ ਸੋਹਨ ਸਿੰਘ ਭਕਨਾ ਤੇ ਇਮੀਗ੍ਰੇਸ਼ਨ, ਨਸਲੀ ਵਿਤਕਰਾ, ਸਿਆਸੀ ਸਰਗਰਮੀਆਂ ਤੇ ਬੰਦਸ਼ਾਂ, ਵੈਨਕੂਵਰ ਗੁਰੂ ਘਰ ਵਿਚ ਸਰਕਾਰੀ ਸ਼ਹਿ ਨਾਲ ਕਤਲ ਅਤੇ ਆਖਿਰ ਵਿਚ ਕਾਮਾਗਾਟਾ ਮਾਰੂ ਦੀ ਦੁਰਘਟਨਾ ਗਹਿਰਾ ਅਸਰ ਰੱਖਦੇ ਹਨ। ਇਸ ਪ੍ਰਕਾਰ ਵੀ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਗਦਰ ਪਾਰਟੀ ਦਾ ਰਾਹ ਤੇ ਮੰਜ਼ਲ ਇਨ੍ਹਾਂ ਘਟਨਾਵਾਂ ਵਿਚੋਂ ਬਾਬਾ ਸੋਹਨ ਸਿੰਘ ਭਕਨਾ ਦੀ ਸਿਆਸਤ ਦਾ ਰੁਖ ਬਦਲਦੀਆਂ ਹਨ।

ਵਧੇਰੇ ਕਰਕੇ ਅਜਿਹੇ ਲੱਕ ਤੋੜਵੇਂ ਕਾਨੂੰਨਾਂ ਅਧੀਨ ਕੈਨੇਡਾ ਅੰਦਰੋਂ ਲੋਕ ਬਾਰਡਰ ਪਾਰ ਕਰਕੇ ਅਮਰੀਕਾ ਵਿਚ ਵਸੇਬੇ ਲਈ ਦੌੜ ਰਹੇ ਸਨ, ਪਰ ਨਸਲੀ ਮਤਭੇਦ, ਸਿਆਸੀ ਵਿਤਕਰਾ ਅਮਰੀਕਾ ਵਿਚ ਵੀ ਕਿਸੇ ਦਰਜੇ ਘੱਟ ਨਹੀਂ ਸੀ। ਇਨ੍ਹਾਂ ਹਾਲਤਾਂ ਅੰਦਰ 1908 ਦੇ ਦਹਾਕੇ ਕਿਸੇ ਕਦਰੇ ਸਿਆਸੀ ਸਰਗਰੀਆਂ ਦਾ ਉਬਾਲ਼ ਸੀ। ਭਾਰਤੀ ਲੋਕਾਂ ਨੇ ਆਪਣੇ ਆਪ ਨੂੰ ਸਿਆਸੀ ਸੰਸਥਾਵਾਂ ਅੰਦਰ ਜੋੜ ਲਿਆ। ਪੀ.ਐੱਸ. ਖੰਨਖੋਜੇ, ਪੰਡਤ ਕਾਂਸ਼ੀ ਰਾਮ, ਤਰਕ ਨਾਥ ਦਾਸ ਅਤੇ ਭਗਵਾਨ ਸਿੰਘ ਇਨ੍ਹਾਂ ਦਿਨਾਂ ਵਿਚ ਸਰਗਰਮ ਲੀਡਰ ਸਨ। ਖੰਖੋਜੇ ਨੇ ਇੰਡੀਅਨ ਨੈਸ਼ਨਲ ਲੀਗ ਦੀ ਨੀਂਹ ਰੱਖੀ, ਜੋ ਪੋਰਟ ਲੈਂਡ ਓਰੀਗਨ ਸਟੇਟ ਵਿਚ ਸਥਿਤ ਹੈ। ਇਹ ਅਜਿਹੇ ਤਸ਼ਦੱਦ ਭਰੇ ਦਿਨ ਸਨ, ਜਦ ਅਸੀਂ ਬਾਬਾ ਸੋਹਨ ਸਿੰਘ ਭਕਨਾ ਨੂੰ ਹੱਦ ਤੋਂ ਵਧ ਗਦਰੀ ਘਾਲਣਾ ਵਿਚ ਸਰਗਰਮ ਵੇਖਦੇ ਹਾਂ। ਇਨ੍ਹਾਂ ਦਿਨਾਂ ਵਿਚ ਈਸਟ ਕੋਸਟ ਵੱਲ ਸਟੂਡੈਂਟ ਮੂਵਮੈਂਟ 1910 ਵਿਚ ਪੂਰਬੀ ਤੱਟ ਵੱਲ ਵਧੇਰੇ ਕਰਕੇ ਘਟਦੀ ਜਾ ਰਹੀ ਸੀ ਪਰ ਇਸ ਦਾ ਧੁਰਾ ਕੈਲੀਫੋਰਨੀਆ ਸਾਨ ਫਰਾਂਸਿਸਕੋ ਵਿਚ ਵਧੇਰੇ ਜ਼ੋਰ ਪਕੜ ਰਿਹਾ ਸੀ। ਸ਼ਹੀਦ ਹਰਦਿਆਲ ਜੀ ਦਾ ਯੂਰਪ ਵਿਚੋਂ ਸਾਨ ਫਰਾਂਸਿਸਕੋ ਵਿਚ ਆ ਜਾਣ ਨਾਲ ਮਜ਼ਦੂਰ ਲੋਕਾਂ ਅਤੇ ਵਿਦਵਾਨ ਆਗੂਆਂ ਵਿਚਲਾ ਪਾੜਾ ਬਹੁਤ ਹੱਦ ਤੱਕ ਮਿਟ ਗਿਆ ਅਤੇ ਸਾਰੇ ਦੇ ਸਾਰੇ ਸੰਘਰਸ਼ਕਾਰੀ ਇੱਕ ਹੀ ਪਲੇਟਫਾਰਮ 'ਤੇ ਆ ਖੜ੍ਹੇ ਹੋਏ। ਇਹ ਇੱਕ ਮਹਾਨ ਤਵਾਰੀਖੀ ਘਟਨਾ ਸੀ, ਜਿਸ ਨੇ "ਗਦਰ ਮੂਵਮੈਂਟ" ਦੀ ਨੀਹ ਰੱਖੀ। 1913 ਵਿਚ ਕੈਨੇਡਾ ਅਤੇ ਅਮਰੀਕਾ ਦੇ ਸੰਘਰਸ਼ਕਾਰੀ ਕੈਲੀਫੋਰਨੀਆ ਵਿਚ ਸਟਾਕਟਨ ਵਿਚ ਸੰਸਥਾ ਬਣਾਉਣ ਦੇ ਮੰਤਵ ਨਾਲ ਇਕੱਠੇ ਹੋਏ, ਇਸ ਸੰਸਥਾ ਦਾ ਨਾਂ ਰੱਖਿਆ ਗਿਆ 'ਹਿੰਦੋਸਤਾਨੀ ਵਰਕਰਜ਼ ਆਫ ਪੈਸੇਫਿਕ ਕੋਸਟ'। ਇਸ ਸੰਸਥਾ ਦੇ ਕ੍ਰਾਂਤੀਕਾਰੀ ਕਰਮਚਾਰੀ ਸਨ, ਸ਼ਹੀਦ ਹਰਦਿਆਲ, ਪੀ.ਐੱਸ. ਖੰਨਖੋਜੇ। ਬਾਬਾ ਸੋਹਨ ਸਿੰਘ ਭਕਨਾ ਜੋ ਇਸ ਸੰਸਥਾ ਦੇ ਪਹਿਲੇ ਪ੍ਰਧਾਨ ਬਣੇ। ਇਨ੍ਹਾਂ ਦੀ ਰਹਿਨੁਮਾਈ ਲਈ ਵਧੇਰੇ ਕਰਕੇ ਬਰਕਲੀ ਯੂਨੀਵਰਸਿਟੀ ਵਿਚ ਪੜ੍ਹਾਅ ਰਹੇ ਚਿੰਤਕਾਂ ਵਿਚ ਸ਼ਾਮਲ ਸਨ ਲਾਲਾ ਹਰਦਿਆਲ, ਤਰਕ ਨਾਥ, ਕਰਤਾਰ ਸਿੰਘ ਸਰਾਭਾ, ਵੀ.ਜੀ. ਪਿੰਗਲੇ। ਛੇਤੀ ਹੀ ਗਦਰ ਪਾਰਟੀ ਦੀਆਂ ਮੀਟਿੰਗਾਂ ਸਾਰੇ ਯੂਰਪ, ਹਾਂਗਕਾਂਗ, ਸ਼ੰਘਾਈ, ਸਿੰਘਾਪੁਰ ਤੱਕ ਅੱਗ ਵਾਂਗਰ ਫੈਲ ਗਈਆਂ। ਇਹ ਕੁਝ ਉਹ ਵਿਸਥਾਰ ਰਹਿਤ ਪਿਛੋਕੜ ਹੈ, ਜਿਸ ਵਿਚ ਗਦਰ ਪਾਰਟੀ ਦੀ ਲੀਡਰਸ਼ਿੱਪ ਬਾਬਾ ਸੋਹਨ ਸਿੰਘ ਭਕਨਾ ਸੰਭਾਲਦੇ ਹਨ।

"ਮੈਂ ਇੱਕ ਚੰਗੀ ਜੰਗ ਲੜੀ ਹੈ, ਮੈਂ ਇੱਕ ਚੰਗੀ ਦੌੜ ਦੌੜਿਆ ਹਾਂ"

ਮੇਰੇ ਵਿਚਾਰ ਅਨੁਸਾਰ ਇਹ ਵਾਕ ਬਾਖੂਬੀ ਬਾਬਾ ਸੋਹਨ ਸਿੰਘ ਭਕਨਾ 'ਤੇ ਢੁੱਕਦੇ ਹਨ। ਇਹ ਜੰਗ ਨਾ ਕੇਵਲ ਬਾਬਾ ਸੋਹਨ ਸਿੰਘ ਦੀ ਹੈ ਪਰ ਉਨ੍ਹਾਂ ਦੇ ਨਾਲ ਤਸੀਹੇ ਝੱਲਣ ਵਾਲੇ, ਮਰਨ ਵਾਲਿਆਂ ਅਤੇ ਉਮਰ ਕੈਦੀਆਂ ਦੀ ਦਰਦ ਭਰੀ ਦਾਸਤਾਨ ਵੀ ਹੈ। ਜੋ ਕਿਸੇ ਆਦਰਸ਼ ਲਈ ਜੀਏ ਅਤੇ ਆਦਰਸ਼ ਲਈ ਹੀ ਮਰਦੇ ਰਹੇ। ਅਸਲ ਵਿਚ ਇਹ ਇੱਕ ਬਾਬਾ ਬੋਹੜ ਦੀਆਂ ਬਲਦੀਆਂ ਸ਼ਾਖਾ ਤੇ ਲਗਰਾਂ ਦੀ ਕਹਾਣੀ ਹੈ। ਹਰ ਸ਼ਾਖ, ਹਰ ਫੁੱਲ-ਪੱਤੀ ਆਪਣੀ-ਆਪਣੀ ਵਿਲੱਖਣ ਹੋਂਦ ਰੱਖਦੇ ਹਨ। ਇਨ੍ਹਾਂ ਦੇ ਫੁਲ ਅਤੇ ਫਲ ਆਪਣੀ-ਆਪਣੀ ਮਹਿਕ ਲੋਕਾਂ ਵਿਚ ਵੰਡ ਗਏ।

ਮਾਰਟਿਨ ਲੂਥਰ ਜੋ ਯੂਰਪ ਵਿਚ ਆਪ ਵੀ ਚੌਧਵੀਂ ਸਦੀ ਵਿਚ ਸ਼ਹਾਦਤ ਦਾ ਜਾਮ ਪੀ ਗਿਆ, ਆਪਣੇ ਇੱਕ ਸਾਥੀ ਦੇ ਜ਼ਿੰਦਾ ਜਲਾ ਦੇਣ 'ਤੇ ਆਖਦਾ ਹੈ:

"ਹੱਸ (ਇਸ ਵਿਅਕਤੀ ਜੋ ਜ਼ਿੰਦਾ ਜਲਾ ਦਿੱਤਾ ਗਿਆ) ਕਿਸੇ ਵਿਅਕਤੀ ਦੇ ਜਲਾ ਦੇਣ ਨਾਲ ਇਹ ਕਦੀ ਵੀ ਸਾਬਤ ਨਹੀਂ ਹੁੰਦਾ ਕਿ ਜਰਵਾਣੇ ਸੱਚ ਅਤੇ ਹੱਕ ਦੀ ਸ਼ਮਾਅ ਨੂੰ ਬੁਝਾ ਸਕਣ"

ਲਟੀਮਰ, ਫਰੋਬਸ਼ਰ ਅਤੇ ਹਾਕਿੰਸ ਨੂੰ ਇੰਗਲੈਂਡ ਵਿਚ ਜਦ ਇੱਕ ਸੋਲ੍ਹਵੀਂ ਸਦੀ ਵਿਚ ਇੱਕ ਪਿੱਲਰ ਨਾਲ ਬੰਨ੍ਹ ਕੇ ਜਲਾ ਦਿੱਤਾ ਗਿਆ, ਤਾਂ ਫਰੋਬਸ਼ਰ ਨੇ ਅੱਗ ਦੀ ਭੇਂਟ ਹੋਣ ਤੋਂ ਪਹਿਲੋਂ ਆਖਿਆ, "ਲਟੀਮਰ ਖੁਸ਼ ਹੋ ਅਤੇ ਹੱਸ-ਹੱਸ ਕੇ ਜਾਨ ਦੇ; ਅਸੀਂ ਅੱਜ ਇੰਗਲੈਂਡ ਵਿਚ ਅਜਿਹੀ ਸ਼ਮਾ ਬਾਲ ਰਹੇ ਹਾਂ, ਜੋ ਕਦੀ ਵੀ ਬੁੱਝਣ ਵਾਲੀ ਨਹੀਂ।"

ਇਹ ਇੱਕ ਅਜਿਹਾ ਇਤਿਹਾਸ ਹੈ, ਜੋ ਸਾਬਤ ਕਰਦਾ ਹੈ ਕਿ ਮਨੁੱਖੀ ਹੱਕ ਅਤੇ ਆਜ਼ਾਦੀ ਸਾਡੇ ਮਾਨਵੀ ਹੱਕ ਹਨ ਅਤੇ ਕੋਈ ਵੀ ਕੌਮ ਅਤੇ ਦੇਸ਼ ਕਿਸੇ ਵੀ ਵਿਅਕਤੀ ਨੂੰ ਅੱਜ ਦੇ ਸੰਸਾਰ ਵਿਚ ਗੁਲਾਮ ਨਹੀਂ ਬਣਾ ਸਕਦਾ। ਬੜਾ ਹੀ ਸੌਖਾ ਲੱਗਦਾ ਹੈ ਅਜਿਹੀਆਂ ਤੁਕਾਂ ਨੂੰ ਯਾਦ ਕਰਨਾ ਅਤੇ ਖਿਣ-ਪਲ਼ ਵਿਚ ਹੀ ਭੁੱਲ ਜਾਣਾ, ਜ਼ਰਾ ਸੋਚ ਕੇ ਵੇਖੋ ਜੇ ਅਜੋਕੇ ਤਸੀਹੇ, ਅਜਿਹੇ ਜਬਰ ਤੁਹਾਡੇ 'ਤੇ ਗੁਜ਼ਰੇ ਹੋਣ, ਤਾਂ ਤੁਹਾਡਾ ਪ੍ਰਤੀਕਰਮ ਕੀ ਹੋਵੇਗਾ।

---

# ਜਦੋਂ ਖੇਸੀ ਦੀ ਬੁੱਕਲ ਨੇ ਤਿੰਨ-ਚਾਰ ਬੰਦਿਆਂ ਨੂੰ ਡਰਾ ਕੇ ਭਜਾਇਆ

ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ
(ਅਮਰੀਕਾ)
ਫੋਨ:+1-360-448-1989
(Punjab Mail USA)



ਸਾਲ 1987 ਦੇ ਜਨਵਰੀ ਮਹੀਨੇ ਦੀ ਗੱਲ ਹੈ। ਉਦੋਂ ਪੰਜਾਬ ਦਾ ਮਾਹੌਲ ਸੁਖਾਵਾਂ ਨਹੀਂ ਸੀ। ਖਾੜਕੂਆਂ ਦਾ ਪੂਰਾ ਬੋਲਬਾਲਾ ਸੀ। ਜਲੰਧਰ ਜ਼ਿਲ੍ਹੇ ਦੇ ਪਿੰਡ ਫਤਿਹਪੁਰ ਭਗਵਾਂ ਦੇ ਸਰਕਾਰੀ ਸਕੂਲ 'ਚ ਮੈਂ ਸਾਇੰਸ ਅਧਿਆਪਕ ਲੱਗਾ ਹੋਇਆ ਸਾਂ। ਉਨ੍ਹੀਂ ਦਿਨੀਂ ਸਾਡੇ ਨਾਲ ਪੜ੍ਹਾਉਂਦੇ ਕਸ਼ਮੀਰ ਸਿੰਘ ਪੀ.ਟੀ.ਆਈ. ਦਾ ਵਿਆਹ ਆ ਗਿਆ। ਉਸਦਾ ਪਿੰਡ ਸੋਤਲਾ ਜ਼ਿਲ੍ਹਾ ਹੁਸ਼ਿਆਰਪੁਰ 'ਚ ਪੈਂਦਾ ਸੀ, ਜੋ ਕਿ ਸਾਡੇ ਸਕੂਲ ਤੋਂ ਸੌ ਕਿਲੋਮੀਟਰ ਦੇ ਕਰੀਬ ਦੂਰ ਸੀ। ਸਕੂਲ ਛੁੱਟੀ ਦਾ ਸਮਾਂ ਵੀ ਉਦੋਂ ਚਾਰ ਵਜੇ ਦਾ ਹੋਇਆ ਕਰਦਾ ਸੀ। ਮੈਂ ਤੇ ਗਿਆਨੀ ਮਾਸਟਰ ਅਵਤਾਰ ਸਿੰਘ ਨੇ ਛੁੱਟੀ ਤੋਂ ਬਾਅਦ ਉਸਦੇ ਪਿੰਡ ਪਹੁੰਚਣਾ ਸੀ। ਸਕੂਟਰ 'ਤੇ ਦੋਹਰੀ ਸਵਾਰੀ ਬੰਦ ਸੀ। ਗਿਆਨੀ ਜੀ ਨੇ ਦਲੇਰੀ ਵਰਤਦੇ ਹੋਏ ਮੈਨੂੰ ਆਪਣੇ ਸਕੂਟਰ ਦੇ ਮਗਰ ਬਿਠਾ ਕੇ ਪੀ.ਟੀ. ਦੇ ਪਿੰਡ ਜਾਣ ਦਾ ਨਿਰਣਾ ਲੈ ਲਿਆ।


ਠੰਡ ਪੂਰੇ ਜ਼ੋਰਾਂ 'ਤੇ ਸੀ। ਮੈਂ ਸਕੂਟਰ ਦੇ ਮਗਰ ਖੇਸੀ ਦੀ ਬੁੱਕਲ ਮਾਰਕੇ ਬੈਠਾ ਵਾਹਿਗੁਰੂ-ਵਾਹਿਗੁਰੂ ਦਾ ਉਚਾਰਣ ਕਰ ਰਿਹਾ ਸਾਂ। ਹਨੇਰਾ ਹੋ ਰਿਹਾ ਸੀ। ਅਸੀਂ ਪਿੰਡਾਂ ਵਿਚ ਦੀ ਹੁੰਦੇ ਪਿੰਡ ਸੋਤਲੇ ਜਾ ਰਹੇ ਸਾਂ। ਉਦੋਂ ਸੂਰਜ ਛੁੱਪਣ ਤੋਂ ਪਹਿਲਾਂ-ਪਹਿਲਾਂ ਸਭ ਲੋਕ ਡਰ ਦੇ ਮਾਰੇ ਘਰਾਂ ਵਿਚ ਤੜ ਜਾਂਦੇ ਸਨ। ਅਸੀਂ ਇੱਕ ਪਿੰਡ ਦੇ ਬਾਹਰਵਾਰ ਜਾ ਰਹੇ ਸਾਂ। ਸਾਹਮਣੇ ਖੜ੍ਹੇ ਤਿੰਨ-ਚਾਰ ਬੰਦੇ ਖੜ੍ਹੇ ਵਿਖਾਈ ਦਿੱਤੇ। ਉਨ੍ਹਾਂ ਨੂੰ ਵੇਖਕੇ ਸਾਡੇ ਸਾਹ ਸੂਤੇ ਗਏ। ਅਸੀਂ ਉਨ੍ਹਾਂ ਨੂੰ ਖਾੜਕੂ ਸਮਝਕੇ ਘਬਰਾ ਗਏ ਸਾਂ। ਮਨੋਂ-ਮਨੀਂ ਅਸੀਂ ਸੋਚਣ ਲੱਗੇ ਕਿ ਅੱਜ ਸਾਡੀ ਜ਼ਿੰਦਗੀ ਦਾ ਸ਼ਾਇਦ ਆਖਰੀ ਦਿਨ ਹੀ ਹੋ ਨਿਬੜੇਗਾ। ਜਦੋਂ ਅਸੀਂ ਉਨ੍ਹਾਂ ਦੇ ਕੋਲ ਪਹੁੰਚੇ, ਤਾਂ ਉਨ੍ਹਾਂ ਨੇ ਸਾਨੂੰ ਰੁਕਣ ਦਾ ਇਸ਼ਾਰਾ ਕੀਤਾ। ਗਿਆਨੀ ਜੀ ਨੇ ਸਕੂਟਰ ਰੋਕ ਲਿਆ। ਉਨ੍ਹਾਂ 'ਚੋਂ ਇੱਕ ਨੇ ਪੁੱਛਿਆ ਕਿ ਕੌਣ ਹੋ ਤੁਸੀਂ? ਗਿਆਨੀ ਜੀ ਨੇ ਬੜੇ ਹੀ ਕਨਫੀਡੈਂਸ ਨਾਲ ਜਵਾਬ ਦਿੰਦਿਆਂ ਕਿਹਾ, ਤੁਹਾਨੂੰ ਕੌਣ ਚਾਹੀਦੇ ਨੇ। ਐਨਾ ਕਹਿੰਦੇ ਹੋਏ ਗਿਆਨੀ ਜੀ ਨੇ ਮੈਨੂੰ ਵੀ ਨਾਲ ਹੀ ਆਖ ਦਿੱਤਾ ਕਿ ਇਨ੍ਹਾਂ ਨੂੰ ਬੁੱਕਲ ਖੋਲ੍ਹਕੇ ਵਿਖਾ ਦੇ ਕਿ ਅਸੀਂ ਕੌਣ ਹਾਂ। ਬੱਸ ਫੇਰ ਕੀ ਸੀ, ਉਨ੍ਹਾਂ ਨੂੰ ਭੱਜਦਿਆਂ ਨੂੰ ਰਾਹ ਨਾ ਲੱਭੇ। ਉਹ ਸਾਨੂੰ ਖਤਰਨਾਕ ਖਾੜਕੂ ਸਮਝ ਬੈਠੇ ਹੋਣਗੇ। ਅਸਲ ਵਿਚ ਅਸੀਂ ਨਿਹੱਥੇ ਹੀ ਸਾਂ। ਅਸੀਂ ਉੱਥੋਂ ਆਪਣੀ ਸੂਝਬੂਝ ਦੀ ਵਰਤੋਂ ਕਰਕੇ ਬੜੇ ਆਰਾਮ ਨਾਲ ਨਿਕਲ ਗਏ। ਅਸਲ ਵਿਚ ਅਸੀਂ ਉਨ੍ਹਾਂ ਤੋਂ ਡਰੇ ਹੋਏ ਸੀ ਤੇ ਉਹ ਸਾਡੇ ਕੋਲੋਂ ਡਰੇ ਹੋਏ ਸਨ।

ਜਦੋਂ ਅਸੀਂ ਪੀ.ਟੀ. ਦੇ ਪਿੰਡ ਪਹੁੰਚਕੇ ਇਹ ਘਟਨਾ ਦੂਜੇ ਸਾਥੀਆਂ ਨਾਲ ਸਾਂਝੀ ਕੀਤੀ, ਤਾਂ ਬੜਾ ਹਾਸਾ ਪਿਆ। ਅੱਜ ਵੀ ਇਸ ਘਟਨਾ ਨੂੰ ਯਾਦ ਕਰਕੇ ਦਿਲ ਦਹਿਲ ਜਾਂਦਾ ਹੈ। ਸਾਡਾ ਇਹ ਦੋਸਤ ਪਿਛਲੇ ਦਿਨੀਂ ਜਦੋਂ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ ਤਾਂ ਇਹ ਘਟਨਾ ਮੁੜ ਤਰੋਤਾਜ਼ਾ ਹੋ ਗਈ। ਮੈਂ ਅੱਜ ਵੀ ਸੋਚਦਾ ਹਾਂ ਕਿ ਜੇ ਕਿਤੇ ਖੇਸੀ ਦੀ ਬੁੱਕਲ ਨਾ ਮਾਰੀ ਹੁੰਦੀ, ਤਾਂ ਸ਼ਾਇਦ ਇਹ ਘਟਨਾ ਲਿਖਣ ਦਾ ਮੌਕਾ ਨਾ ਹੀ ਮਿਲਦਾ। ਅੱਜ ਵੀ ਜਦੋਂ ਕੋਈ ਜਥੇਬੰਦੀ ਪੰਜਾਬ ਦੇ ਹਾਲਾਤਾਂ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਸਾਡੇ ਵਰਗੇ ਲੋਕਾਂ ਨੂੰ ਪੁਰਾਣੇ ਦਿਨ ਯਾਦ ਕਰਕੇ ਡਰ ਲੱਗਣ ਲੱਗ ਪੈਂਦਾ ਹੈ। ਕਾਸ਼ ਪੰਜਾਬ ਦੇ ਹਾਲਾਤਾਂ ਨੂੰ ਮੁੜ ਕੋਈ ਲਾਂਬੂ ਲਾਉਣ ਦੀ ਕੋਸ਼ਿਸ ਨਾ ਕਰੇ। ਕੋਈ ਵੀ ਸੂਬਾ ਉਦੋਂ ਹੀ ਤਰੱਕੀ ਦੀਆਂ ਲੀਹਾਂ 'ਤੇ ਪੁਲਾਂਘਾਂ ਪੁੱਟਦਾ ਹੈ, ਜਦੋਂ ਹਾਲਾਤ ਸਾਜਗਾਰ ਹੋਣ।

# ਕੁਦਰਤ ਦੀ ਸਾਕਾਰ ਸੁੰਦਰਤਾ : ਕੁੱਲੂ ਘਾਟੀ



ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਐਡਮਿੰਟਨ ਕੈਨੇਡਾ, 98156-25409
(Punjab Mail USA)

ਹਿਮਾਚਲ ਪ੍ਰਦੇਸ਼ ਦਾ ਮਨਮੋਹਣਾ ਇਲਾਕਾ ਹੈ ਕੁੱਲੂ। ਕੁਦਰਤ ਦੀ ਸਾਕਾਰ ਸੁੰਦਰਤਾ ਹੈ ਕੁੱਲੂ ਘਾਟੀ। ਇਥੋਂ ਦੇ ਉੱਚੇ-ਉੱਚੇ, ਅਸਮਾਨ ਨੂੰ ਛੂੰਹਦੇ ਸੁੰਦਰ ਰੁੱਖ ਇਸ ਤਰ੍ਹਾਂ ਪ੍ਰਤੀਤ ਹੁੰਦੇ ਹਨ, ਜਿਸ ਤਰ੍ਹਾਂ ਇਸ ਧਰਤੀ ਦੇ ਬਜ਼ੁਰਗ ਲੋਕ ਆਸ਼ੀਰਵਾਦ ਅਤੇ ਸ਼ੁੱਭਕਾਮਨਾਵਾਂ ਦੇ ਰਹੇ ਹੋਣ। ਫਬੀਲੇ ਦ੍ਰਿਸ਼, ਝਾਂਜਰ ਦੀ ਛਣ-ਛਣ ਕਰਦੇ ਵਹਿੰਦੇ ਝਰਨੇ, ਪਹਾੜੀਆਂ ਨਾਲ ਕਲੋਲ ਕਰਦੀ, ਅਠਖੇਲੀਆਂ ਕਰਦੀ, ਸਰਗੋਸ਼ੀਆਂ ਕਰਦੀ ਦੁੱਧ ਚਿੱਟੀ ਸਫੇਦ ਮਖ਼ਮਲੀ ਬਰਫ਼। ਫਲਾਂ ਨਾਲ ਲੱਦੇ ਲੁਭਾਵਣੇ, ਸੁਹਾਵਣੇ ਬਾਗ਼। ਕਿਸੇ ਗੋਰੀ ਦੀ ਜ਼ੁਲਫ ਵਾਂਗੂ ਵੱਲ ਖਾਂਦੇ ਟੇਢੇ-ਮੇਢੇ ਰਸਤੇ। ਕੁਦਰਤ ਦੇ ਅਨੇਕ ਸੁੰਦਰ ਅਲੰਕਾਰਾਂ ਨਾਲ ਸੱਜੀ ਹੈ ਕੁੱਲੂ ਘਾਟੀ। ਇਹ ਮਨਮੋਹਨ ਇਲਾਕਾ ਸਿਹਤ ਲਈ ਮੁਆਫ਼ਕ ਹੈ। ਸੁੰਦਰ ਦ੍ਰਿਸ਼ ਅੱਖਾਂ ਲਈ ਵਧੀਆ ਖ਼ੁਰਾਕ। ਸਾਫ਼-ਪਵਿੱਤਰ ਸਿਹਤਪ੍ਰਦਕ ਪਾਣੀ ਅਤੇ ਅਨੇਕ ਪ੍ਰਕਾਰ ਦੀਆਂ ਜੜੀ-ਬੂਟੀਆਂ। ਕੁੱਲੂ ਇਲਾਕੇ ਦੇ ਅਨੇਕਾਂ ਹੀ ਪ੍ਰਾਚੀਨ ਅਧਿਆਤਮਿਕ ਮੰਦਿਰ। ਕੁੱਲੂ ਦੀ ਧਰਤੀ ਨੂੰ ਭਗਵਾਨ ਨੇ ਏਨਾ ਆਕਰਸ਼ਿਕ, ਪ੍ਰਕਿਰਤੀਪਰਦਕ ਅਤੇ ਖ਼ੂਬਸੂਰਤੀਪਰਦਕ ਬਣਾ ਕੇ ਮਾਨਵਤਾ ਨੂੰ ਇਥੋਂ ਹੀ ਸਵਰਗਭੂਮੀ ਦੇ ਦਰਸ਼ਨ ਕਰਵਾ ਦਿੱਤੇ ਹਨ।

ਪਠਾਨਕੋਟ (ਗੁਰਦਾਸਪੁਰ) ਤੋਂ ਲਗਭਗ 280 ਕਿਲੋਮੀਟਰ ਦੂਰੀ 'ਤੇ ਸਥਿਤ ਹੈ ਕੁੱਲੂ। ਇਸ ਦੀ ਉਚਾਈ ਹੈ ਲਗਭਗ 1220 ਮੀਟਰ। ਕੁੱਲੂ ਸ਼ਬਦ ਕੁਲੂਤ ਤੋਂ ਬਣਿਆ। ਦੱਸਿਆ ਜਾਂਦਾ ਹੈ ਕਿ ਕੁਲੂਤ ਇਕ ਪ੍ਰਾਚੀਨ ਜਾਤੀ ਸੀ, ਬਿਆਸ ਦੇ ਨਾਲ ਉਪ ਘਾਟੀ ਵਿਚ ਰਹਿੰਦੇ ਸੀ। ਅਰਜੁਨ ਨਾਲ ਕੁਲੂਤ ਰਾਜੇ ਦਾ ਯੁੱਧ ਹੋਇਆ ਸੀ। ਇਸ ਜਾਤੀ ਦਾ ਰਾਜਾ ਕਸ਼ੇਮ ਧੂਤੀ, ਮਹਾਂਭਾਰਤ ਦੀ ਲੜਾਈ ਵਿਚ ਮਾਰਿਆ ਗਿਆ ਸੀ। ਕੁਲੂਤ ਤੋਂ ਕੁੱਲੂ ਸ਼ਬਦ ਦੀ ਉਤਪਤੀ ਹੋਈ।

ਦੱਸਿਆ ਜਾਂਦਾ ਹੈ ਕਿ ਇਥੇ ਪਾਲ ਵੰਸ਼ ਦੇ 85 ਰਾਜਾਂ ਹੋਏ ਹਨ। ਇਨ੍ਹਾਂ ਦੇ ਬਾਦ 16 ਸਿੰਘ ਵੰਸ਼ ਦੇ ਰਾਜਿਆਂ ਨੇ ਰਾਜ ਕੀਤਾ। ਅੰਤਿਮ ਰਾਜਾ ਜੀਤ ਸਿੰਘ ਹੋਏ, ਜਿਸ ਦੇ ਰਾਜ ਨੂੰ 1840 ਈ. ਵਿਚ ਸਿੱਖਾਂ ਨੇ ਖੋਹ ਲਿਆ।

1963 ਵਿਚ ਕੁੱਲੂ ਨੂੰ ਜ਼ਿਲ੍ਹਾ ਬਣਾ ਦਿੱਤਾ ਗਿਆ। ਅਕਤੂਬਰ 1966 ਨੂੰ ਕੁੱਲੂ ਪੰਜਾਬ ਦਾ ਹਿੱਸਾ ਸੀ ਪਰ ਨਵੰਬਰ 1966 ਨੂੰ ਰਾਜਪੁਨਰ ਗਠਨ ਹੋਣ ਕਰਕੇ ਕੁੱਲੂ ਹਿਮਾਚਲ ਪ੍ਰਦੇਸ਼ 'ਚ ਸ਼ਾਮਲ ਹੋ ਗਿਆ। ਕੁੱਲੂ ਘਾਟੀ ਲਗਭਗ 50 ਮੀਲ ਲੰਬੀ ਹੈ। ਇਲਾਕਾ ਖੇਤਰਫਲ 5503 ਵਰਗ ਕਿ.ਮੀ. ਹੈ।

ਬਿਆਸ ਰਿਸ਼ੀ ਝੀਲ ਜੋ 3978 ਮੀਟਰ ਦੀ ਉਚਾਈ ਤੋਂ ਵਹਿੰਦੀ ਹੋਈ ਕੁੱਲੂ ਵਿਚ ਪ੍ਰਵੇਸ਼ ਕਰਦੀ ਹੈ। ਇਹ ਬਿਆਸ ਨਦੀ 8 ਕਿੱਲੋਮੀਟਰ ਦੂਰ ਉੱਚੇ ਪਹਾੜੀਏ ਇਲਾਕੇ ਰੋਹਤਾਂਗ ਤੋਂ ਨਿਕਲਦੀ ਹੈ।

ਇਥੋਂ ਦੇ ਲੋਕ ਮੰਦਿਰਾਂ ਦੀ ਸ਼ਰਧਾ ਨਾਲ ਤਨ-ਮਨ-ਧਨ ਨਾਲ ਜੁੜੇ ਹੋਏ ਹਨ। ਸਾਲਾਨਾ ਮੇਲਿਆਂ ਵਿਚ ਲੋਕ ਧੂਮ-ਧਾਮ ਤੇ ਸ਼ਰਧਾ ਨਾਲ ਇਕੱਠੇ ਹੁੰਦੇ ਹਨ। ਸੋਹਣੇ ਕੱਪੜੇ, ਹਾਰ ਸ਼ਿੰਗਾਰ, ਫੁੱਲਾਂ ਨਾਲ ਲੱਦੇ ਲੋਕ ਮੇਲਿਆਂ ਵਿਚ ਆਉਂਦੇ ਹਨ। ਸ਼ਿੰਗਾਰ ਨਾਲ ਸੱਜੀਆਂ ਔਰਤਾਂ ਮੇਲਿਆਂ ਦੀ ਪ੍ਰਤਿਸ਼ਠਾ ਨੂੰ ਚਾਰ-ਚੰਨ ਲਾਉਂਦੀਆਂ ਹਨ। ਪੁੱਤਰ ਦਾ ਜਨਮ, ਚੰਗੀਆਂ ਫਸਲਾਂ, ਕੋਈ ਸ਼ੁੱਭ ਕਾਰਜ ਹੋਵੇ, ਲੋਕ ਸਭ ਤੋਂ ਪਹਿਲਾਂ ਮੰਦਿਰ ਵਿਚ ਅਰਚਨਾ-ਪੂਜਾ ਕਰਦੇ ਹਨ। ਮੱਥਾ ਟੇਕ ਕੇ ਆਨੰਦ ਵਿਭੋਰ ਹੁੰਦੇ ਹਨ।

ਦੇਵੀ-ਦੇਵਤਿਆਂ ਦੇ ਅਨਗਣਿਤ ਮੰਦਿਰਾਂ ਦਾ ਸੰਗ੍ਰਹਿ ਹੀ ਤਾਂ ਕੁੱਲੂ ਨੂੰ ਦੇਵ ਭੂਮੀ ਦਾ ਦਰਜਾ ਦਿਵਾਉਂਦਾ ਹੈ। ਇਥੋਂ ਦੇ ਲੋਕ ਮਿੱਠੇ ਸੁਭਾਅ ਦੇ ਅਤੇ ਖੇਚਲ ਭਰਪੂਰ ਜਜ਼ਮਾਨ ਹੁੰਦੇ ਹਨ। ਲੋਕ ਖੇਤੀ ਅਤੇ ਬਾਗਬਾਨੀ ਕਰਦੇ ਹਨ ਪਰ ਵਰਤਮਾਨ ਸਥਿਤੀ ਵਿਚ ਕੁੱਲੂ ਇਲਾਕੇ ਨੇ ਬਹੁਤ ਤਰੱਕੀ ਕੀਤੀ ਹੈ। ਫਲ ਵਿਉਪਾਰ, ਉਦਯੋਗ, ਖੁੱਲ੍ਹੀਆਂ-ਚੌੜੀਆਂ ਸੜਕਾਂ ਦਾ ਨਿਰਮਾਣ ਥਾਂ-ਥਾਂ 'ਤੇ ਪਾਣੀ ਦਾ ਸਹੀ ਪ੍ਰਬੰਧ, ਚੰਗੀਆਂ ਦੁਕਾਨਾਂ, ਫਲਾਂ ਦਾ ਵਧਦਾ ਕਾਰੋਬਾਰ, ਮੱਛੀ ਦਾ ਵੱਡਾ ਕਾਰੋਬਾਰ ਅਤੇ ਕੁੱਲੂ ਦੀ ਉਪਜਾਊ ਭੂਮੀ ਵਿਚ ਮੱਕੀ, ਆਲੂ, ਦਾਲਾਂ, ਕਣਕ, ਝੋਨਾ, ਸੇਬ (ਵਿਦੇਸ਼ਾਂ ਤੱਕ ਵਿਉਪਾਰ), ਪਲਮ, ਅਖਰੋਟ, ਖੁਰਬਾਨੀ, ਬਦਾਮ, ਟਮਾਟਰ, ਮਟਰ, ਸ਼ਿਮਲਾ ਮਿਰਚ, ਗਾਜਰ, ਮੂਲੀ, ਗੋਭੀ, ਫੁੱਲ ਭਿੰਡੀ ਆਦਿ ਫਸਲਾਂ ਹੁੰਦੀਆਂ ਹਨ।

ਕੁੱਲੂ ਇਲਾਕੇ ਦੀਆਂ ਸਬਜ਼ੀਆਂ, ਫਲ ਆਦਿ ਸਾਰੇ ਭਾਰਤ ਵਿਚ ਹੀ ਜਾਂਦੇ ਹਨ। ਵਿਸ਼ੇਸ਼ ਤੌਰ 'ਤੇ ਗੋਭੀ, ਗਾਜਰ, ਸ਼ਿਮਲਾ ਮਿਰਚ ਆਦਿ ਪੰਜਾਬ, ਹਰਿਆਣਾ, ਦਿੱਲੀ (ਨਾਰਥ ਏਨੋਂ) ਵਿਚ ਜਾਂਦੀਆਂ ਹਨ।

ਇਥੋਂ ਦੇ ਜੰਗਲਾਂ ਵਿਚ ਰਈ ਤੋਸ਼, ਚੀੜ, ਕਾਈਲ, ਦੇਵਦਾਰ, ਚਿਨਾਰ, ਅਖਰੋਟ ਆਦਿ ਪਾਏ ਜਾਂਦੇ ਹਨ। ਇਹ ਰੁੱਖ ਕੁੱਲੂ ਦੀ ਛਾਂਦਾਰ ਖ਼ੂਬਸੂਰਤੀ ਨੂੰ ਵਧਾ ਕੇ ਇਸ ਦੀ ਮਾਨ-ਮਰਿਆਦਾ ਵਿਚ ਵਾਧਾ ਕਰਦੇ ਹਨ। ਇਹ ਰੁੱਖ ਕੁੱਲੂ ਦੀ ਜਿੰਦ-ਜਾਨ ਹਨ, ਜਿਨ੍ਹਾਂ ਨਾਲ ਸਾਹ ਲੈਣ ਦਾ ਮਜ਼ਾ ਆ ਜਾਂਦਾ ਹੈ।

ਕੁੱਲੂ ਦੇ ਪੁਰਾਤਨ ਪਹਿਰਾਵੇ ਚੋਲਾ, ਡੋਰਾ, ਸੁਥਣ, ਸਿਰ ਤੇ ਟੋਪਾ, ਚਾਰ ਤਹਿ ਕੀਤਾ ਪੱਟੂ ਹਨ, ਨਵੀਂ ਪੀੜ੍ਹੀ ਤਾਂ ਆਧੁਨਿਕ ਪਹਿਰਾਵੇ ਨਾਲ ਜੁੜਦੀ ਜਾ ਰਹੀ ਹੈ। ਔਰਤਾਂ ਆਪਣੇ ਕੱਪੜਿਆਂ ਉਪਰ ਘੱਟੂ ਬੰਨਦੀਆਂ ਹਨ। ਸਿਰ 'ਤੇ ਤਿਹਡਾ ਰੁਮਾਲ ਬੰਨਦੀਆਂ ਹਨ। ਫਿਰ ਵੀ ਕੁਰਤਾ, ਪਜਾਮਾ ਦੇ ਉਪਰ ਜੈਕਟ ਦਾ ਅਪਣਾ ਹੀ ਮਜ਼ਾ ਹੈ।

ਔਰਤਾਂ ਕਈ ਤਰ੍ਹਾਂ ਦੇ ਗਹਿਣੇ ਪਹਿਨਦੀਆਂ ਹਨ, ਜਿਸ ਤਰ੍ਹਾਂ ਬੁਮਨੀ, ਟੋਕਾ, ਕਾਗਨੂ, ਮਰੀਤੜੀ, ਬਿੱਛਣਾ, ਮੁੰਦੜੀ, ਗੁੱਠੀ, ਚੰਦਰਹਾਰ, ਜੈ ਮਾਲਾ, ਸਿੱਕਾ ਮਾਲ, ਚਸਪਾਕਲੀ, ਡਮਕੂ, ਲੌਂਗ, ਕੁਮਸ਼ੀ, ਬਾਲੂ, ਟਿੱਕਾ, ਤੁਨਕੀ, ਤੋੜਾ, ਨਾਵੀ, ਡਿੰਢੂ, ਬਾਲੀ, ਖੁੰਡੀ ਆਦਿ ਗਹਿਣੇ ਪਾਉਂਦੀਆਂ ਹਨ।


ਹਿਮਾਚਲੀ ਪਹਿਰਾਵੇ ਦੀ ਅਲੱਗ ਹੀ ਪਹਿਚਾਣ ਹੈ। ਇਥੇ ਦੇ ਨਿੱਤ (ਡਾਂਸ) ਮਸ਼ਹੂਰ ਹਨ। ਲੋਕ ਵਾਦ-ਸ਼ਹਿਨਾਈ, ਬਾਲੀ, ਰਣਸ਼ਿੰਗਾ, ਢੋਲ, ਨਗਾਰਾ ਆਦਿ ਹਨ। ਲੋਕ ਗੀਤ ਮਨ ਨੂੰ ਛੂਹਦੇ ਹਨ, ਜਿਨ੍ਹਾਂ ਵਿਚ ਹਿਮਾਚਲ ਸੱਭਿਆਚਾਰ ਦੀ ਖ਼ੂਬਸੂਰਤੀ ਹੁੰਦੀ ਹੈ।

ਇਥੋਂ ਦੇ ਪਹਾੜਾਂ 'ਤੇ ਚੜ੍ਹਨਾ, ਸਕੀਇੰਗ, ਹਾਈਕਿੰਗ, ਟਰੈਕਿੰਗ, ਬਰਫਦੀਆਂ ਖੇਡਾਂ (ਅੰਤਰਰਾਸ਼ਟਰੀ ਪ੍ਰਸਿੱਧੀ ਹਾਸਿਲ), ਕਸ਼ਤੀ ਚਲਾਣਾ, ਪੈਰਾਗਲਾਈਡਿੰਗ, ਰੈਗ-ਰਲਾਈਡਿੰਗ ਆਦਿ ਮਸ਼ਹੂਰ ਹਨ।

ਕੁੱਲੂ ਦੇ ਸ਼ਾਲ, ਮਫਲਰ, ਟੋਪੀ, ਟੋਕਰੀਆਂ (ਬਾਂਸ ਦੀਆਂ ਬਣੀਆਂ ਚੀਜ਼ਾਂ), ਰੱਸੀ ਦੀਆਂ ਜੁੱਤੀਆਂ, ਜੈਕਟ, ਹਿਮਾਚਲੀ ਪਹਿਰਾਵਾ ਆਦਿ ਅੰਤਰਰਾਸ਼ਟਰੀ ਪੱਧਰ ਤੱਕ ਮਸ਼ਹੂਰ ਹਨ।

ਇਥੋਂ ਦੇ ਉਘੇ ਵਪਾਰੀ ਅਤੇ ਪ੍ਰਧਾਨ ਸ਼੍ਰੀ ਰਾਮ ਸਿੰਘ ਨੇ ਦੱਸਿਆ ਕਿ ਕੁੱਲੂ ਸ਼ਾਲ ਦੇ ਜਨਮ ਦਾਤਾ ਹਨ ਸ੍ਰੀ ਸ਼ੇਰੂ ਰਾਮ ਜੀ ਅਤੇ ਕੁੱਲੂ ਟੋਪੀ ਦੇ ਜਨਮ ਦਾਤਾ ਹਨ, ਸ੍ਰੀ ਹਰੀ ਰਾਮ ਜੀ। ਕੁੱਲੂ ਦਾ ਦੁਸ਼ਹਿਰਾ ਦੁਨੀਆਂ ਵਿਚ ਮਸ਼ਹੂਰ ਹੈ।

ਸੈਲਾਨੀਆਂ ਲਈ ਕੁੱਲੂ ਦੀ ਸੈਰ, ਕੁੱਲੂ ਦਾ ਵੇਖਣਾ ਅਨੰਦਮਈ ਹੈ। ਗਰਮੀ ਹੈ ਜਾਂ ਸਰਦੀ ਕੁੱਲੂ, ਕੁੱਲੂ ਹੀ ਹੈ।



# ...ਤੇਰੇ ਭਾਣੇ ਸਰਬਤ ਦਾ ਭਲਾ


-ਰਮੇਸ਼ ਬੱਗਾ ਚੋਹਲਾ
ਲੁਧਿਆਣਾ
ਮੋਬ : 94631-32719
(Punjab Mail USA)


ਚੜ੍ਹਦੀਕਲਾ ਪੰਜਾਬੀ ਭਾਸ਼ਾ (ਵਿਸ਼ੇਸ਼ ਕਰਕੇ ਬੋਲਚਾਲ ਦੀ) ਦਾ ਇੱਕ ਆਮ ਵਰਤੋਂ ਵਿਚ ਆਉਣ ਵਾਲਾ ਸ਼ਬਦ ਹੈ। ਕਿਸੇ ਮਿਲਣੀ ਦੇ ਮੌਕੇ ਜਦੋਂ ਪੰਜਾਬੀ ਇੱਕ ਦੂਸਰੇ ਦੀ ਖ਼ੈਰ-ਖ਼ਬਰ ਪੁੱਛਦੇ ਹਨ, ਤਾਂ ਸੌ ਦੀ ਇੱਕ ਵਰਗਾ ਜਵਾਬ ਹੁੰਦਾ ਹੈ 'ਚੜ੍ਹਦੀਕਲਾ'।

ਚੜ੍ਹਦੀਕਲਾ ਸ਼ਬਦ ਅਸਲ ਵਿਚ ਖਾਲਸਾਈ ਸਮਾਜਿਕ-ਸੱਭਿਆਚਾਰਕ ਸਰੋਕਾਰਾਂ ਨਾਲ ਜੁੜਿਆ ਹੋਇਆ ਸ਼ਬਦ ਹੈ, ਜਿਸ ਦੇ ਪਿਛੋਕੜ ਵਿਚ ਇੱਕ ਫ਼ਖ਼ਰ ਕਰਨਯੋਗ ਇਤਿਹਾਸ ਖੜ੍ਹਾ ਹੈ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਵਿਸਾਖੀ ਵਾਲੇ ਦਿਨ ਦੀ ਚੋਣ ਕਰਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ, ਜਿਸ ਦਾ ਮਨੋਰਥ ਨਿਸ਼ਚੇ ਕਰ ਆਪਣੀ ਜੀਤ ਕਰਨੀ ਅਤੇ ਇਸ ਜੀਤ (ਜਿੱਤ) ਦਾ ਸਿਹਰਾ ਅਕਾਲ ਪੁਰਖ ਨੂੰ ਦੇ ਕੇ ਉਸ ਦੀ ਖ਼ੁਸ਼ੀ ਹਾਸਲ ਕਰਨਾ ਸੀ। ਇਹ ਖ਼ੁਸ਼ੀ ਤਨ ਅਤੇ ਮਨ ਨੂੰ ਚੜ੍ਹਦੀਕਲਾ ਵਿਚ ਰੱਖ ਕੇ ਹੀ ਹਾਸਲ ਕੀਤੀ ਜਾ ਸਕਦੀ ਸੀ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਦੇ ਵਿਸ਼ੇਸ਼ ਥਾਪੜੇ ਨਾਲ ਜਨਮੇ ਖ਼ਾਲਸੇ ਉਪਰ ਜਦੋਂ ਕਦੇ ਕੋਈ ਭੀੜ ਪੈਂਦੀ ਰਹੀ ਹੈ, ਤਾਂ ਉਸ ਨੇ ਕਦੇ ਵੀ ਚੜ੍ਹਦੀਕਲਾ ਦਾ ਪੱਲਾ ਨਹੀਂ ਛੱਡਿਆ। ਇਸ ਦੀ ਇੱਕ ਜੀਵਤ ਮਿਸਾਲ ਹੈ ਸੱਤ ਤੇ ਨੌਂ ਸਾਲ ਦੇ ਬੱਚਿਆਂ ਦਾ ਸਰਹੰਦ ਦੀ ਦੀਵਾਰ ਵਿਚ ਖੜ੍ਹ ਕੇ ਮੌਤ ਨੂੰ ਮਾਖੌਲ ਕਰਨਾ ਅਤੇ ਅੱਸੀ ਸਾਲ ਦੀ ਉਮਰ ਦੇ ਕਰੀਬ ਬਾਬੇ ਦਾ ਮੈਦਾਨ-ਏ-ਜੰਗ ਵਿਚ ਜਾ ਕੇ ਖੰਡਾ ਖੜਕਾਉਣਾ। ਇਥੇ ਹੀ ਬਸ ਨਹੀਂ, ਇਸ ਚੜ੍ਹਦੀਕਲਾ ਦੇ ਸਦਕਾ ਹੀ ਚਮਕੌਰ ਦੀ ਕੱਚੀ ਗੜ੍ਹੀ ਵਿਚ ਸਿਰਫ ਚਾਲੀ ਕੁ ਦੀ ਗਿਣਤੀ ਦੇ ਮਰਜੀਵੜਿਆਂ ਨੇ ਲੱਖਾਂ ਦੀ ਤਦਾਦ ਨੂੰ ਪਿਛਲਖੁਰੀ ਮੁੜਨ ਲਈ ਮਜਬੂਰ ਕਰ ਦਿੱਤਾ ਸੀ।

ਸਾਡੇ ਗੁਰੂ ਸਾਹਿਬਾਨ ਨੇ ਚੜ੍ਹਦੀਕਲਾ ਦੇ ਇਸ ਸੰਕਲਪ ਨੂੰ ਸਰਬੱਤ ਦੇ ਭਲੇ ਨਾਲ ਜੋੜਿਆ ਹੋਇਆ ਹੈ। ਜਦੋਂ ਵੀ ਗੁਰੂ ਨਾਨਕ ਨਾਮ-ਲੇਵਾ ਸੰਗਤ ਗੁਰੂ ਜੀ ਦੇ ਸਨਮੁੱਖ ਹੋ ਕੇ ਕੋਈ ਅਰਦਾਸ-ਬੇਨਤੀ ਕਰਦੀ ਹੈ, ਤਾਂ ਅੰਤ ਵਿਚ 'ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ' ਕਹਿ ਕੇ ਸਾਂਝੀਵਾਲਤਾ ਦੇ ਨਾਅਰੇ ਨੂੰ ਬੁਲੰਦ ਕੀਤਾ ਜਾਂਦਾ ਹੈ। ਇਸ ਤਰ੍ਹਾਂ ਚੜ੍ਹਦੀਕਲਾ ਦਾ ਧਾਰਨੀ ਕੇਵਲ ਉਹੀ ਮਨੁੱਖ ਹੋ ਸਕਦਾ ਹੈ, ਜਿਸ ਦੀ ਕਥਨੀ ਅਤੇ ਕਰਨੀ ਸਰਬਤ ਦੇ ਭਲੇ ਵਾਲੀ ਅਤੇ ਸੁਭਾਅ ਪਰਉਪਕਾਰ ਵਾਲਾ ਹੋਵੇ। ਸੁਆਰਥੀ ਸੁਭਾਅ ਅਤੇ ਸੌੜੀ ਸੋਚ ਵਾਲਾ ਵਿਅਕਤੀ ਕਦੇ ਵੀ ਸਰਬਤ ਦਾ ਭਲਾ ਨਹੀਂ ਸੋਚ/ਲੋਚ ਸਕਦਾ। ਉਹ ਤਾਂ ਸਿਰਫ ਆਪਣਾ ਜਾਂ ਆਪਣੇ ਪਿਆਰਿਆਂ-ਸਤਿਕਾਰਿਆਂ ਦਾ ਹੀ ਭਲਾ ਮੰਗਦਾ ਹੈ। ਅਜਿਹਾ ਜੀਊੜਾ ਕਿਸੇ ਦੁਨਿਆਵੀ ਧੰਨ-ਦੌਲਤ ਦਾ ਮਾਲਕ ਤਾਂ ਹੋ ਸਕਦਾ ਹੈ ਪਰ ਚੜ੍ਹਦੀਕਲਾ ਵਰਗੀ ਵੱਡਮੁੱਲੀ ਨਿਆਮਤ ਦਾ ਨਹੀਂ।

ਚੜ੍ਹਦੀਕਲਾ ਅਸਲ ਵਿਚ ਇਕ ਆਸ਼ਾਵਾਦੀ ਨਜ਼ਰੀਏ ਦਾ ਨਾਮ ਹੈ ਅਤੇ ਇਹ ਨਜ਼ਰੀਆ ਹੀ ਕਿਸੇ ਵਿਅਕਤੀ ਵਿਸ਼ੇਸ਼ ਦੀ ਸਫ਼ਲਤਾ ਦਾ ਸਬੱਬ ਬਣ ਸਕਦਾ ਹੈ। ਇਸ ਨਜ਼ਰੀਏ ਤੋਂ ਮੂੰਹ ਮੋੜਕੇ ਕੋਈ ਮਨੁੱਖ ਬਹੁਤੀਆਂ ਵਡੇਰੀਆਂ ਪ੍ਰਾਪਤੀਆਂ ਦਾ ਪਾਤਰ ਨਹੀਂ ਬਣ ਸਕਦਾ।

ਚੜ੍ਹਦੀ ਕਲਾ ਦਾ ਧਾਰਨੀ ਮਨੁੱਖ 'ਵਿਹੜੇ ਦੇ ਵਿੰਗਾ ਹੋਣ ਦੀ ਗੱਲ ਨਹੀਂ ਕਰਦਾ, ਸਗੋਂ ਨੱਚਣ ਦਾ ਵਲ ਸਿੱਖਣ ਨੂੰ ਵਧੇਰੇ ਤਰਜ਼ੀਹ ਦਿੰਦਾ ਹੈ। ਉਹ ਆਪਣੀ ਬਦਕਿਸਮਤੀ ਦੀਆਂ ਲਕੀਰਾਂ ਨੂੰ ਕੋਸਣ ਦੀ ਬਜਾਏ ਸਖ਼ਤ ਮਿਹਨਤ ਨਾਲ ਨਵੀਆਂ ਲਕੀਰਾਂ ਵਾਹੁਣ ਵਿਚ ਵਧੇਰੇ ਵਿਸ਼ਵਾਸ ਰੱਖਦਾ ਹੈ। ਅਤੇ ਆਪਣੇ ਇਸ ਵਿਸ਼ਵਾਸ ਨਾਲ ਹੀ ਉਹ ਅਣਹੋਣੀ ਨੂੰ ਹੋਣੀ ਵਿਚ ਬਦਲ ਦਿੰਦਾ ਹੈ।

ਜੇਕਰ ਪੰਜਾਬ ਦੇ ਮਿਜ਼ਾਜੀ ਇਸ਼ਕ ਦੀ ਗੱਲ ਕਰੀਏ, ਤਾਂ ਕਈ ਆਸ਼ਕ ਅਜਿਹੇ ਹੋਏ ਹਨ, ਜਿਨ੍ਹਾਂ ਚੜ੍ਹਦੀਕਲਾ ਵਿਚ ਰਹਿੰਦੇ ਹੋਏ ਆਪਣੇ ਪਿਆਰਿਆਂ ਨਾਲ ਕੀਤੇ ਹੋਏ ਵਾਅਦਿਆਂ ਨੂੰ ਨਿਭਾਉਣ ਖਾਤਿਰ ਕੱਚਿਆਂ ਘੜਿਆਂ ਦੀ ਵੀ ਪ੍ਰਵਾਹ ਨਹੀਂ ਕੀਤੀ। ਚੜ੍ਹਦੀਕਲਾ ਵਿਚ ਰਹਿ ਕੇ ਹੀ ਕਈ ਪਹਾੜਾਂ ਨਾਲ ਮੱਥਾ ਲਾਉਂਦੇ ਰਹੇ ਹਨ ਅਤੇ ਅਸੰਭਵ ਨੂੰ ਸੰਭਵ ਬਣਾਉਂਦੇ ਰਹੇ ਹਨ।

ਚੜ੍ਹਦੀਕਲਾ ਵਿਚ ਰਹਿ ਕੇ ਹੀ ਖੇਤਾਂ ਦੇ ਪੁੱਤ ਮਿੱਟੀ ਨਾਲ ਮਿੱਟੀ ਹੁੰਦੇ ਹਨ ਅਤੇ ਧਰਤੀ ਦੀ ਹਿੱਕ ਵਿਚੋਂ ਸੋਨੇ ਵਰਗੀਆਂ ਫ਼ਸਲਾਂ ਪੈਦਾ ਕਰਦੇ ਹਨ। ਚੜ੍ਹਦੀਕਲਾ ਵਿਚ ਰਹਿ ਕੇ ਹੀ ਸਾਡੇ ਫੌਜੀ ਜਵਾਨ ਦੇਸ਼ ਦੀਆਂ ਸਰਹੱਦਾਂ ਨੂੰ ਸਲਾਮਤ ਰੱਖਦੇ ਹਨ। ਇਸ ਸਲਾਮਤੀ ਲਈ ਕਈ ਵਾਰ ਤਾਂ ਉਨ੍ਹਾਂ ਨੂੰ ਆਪਣੀਆਂ ਜਾਨਾਂ ਤੱਕ ਵੀ ਵਾਰਨੀਆਂ ਪੈ ਜਾਂਦੀਆਂ ਹਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਾਡੇ ਗੁਰੂਆਂ-ਪੀਰਾਂ ਵੱਲੋਂ ਬਖ਼ਸ਼ਿਸ਼ ਕੀਤੀ ਗਈ ਚੜ੍ਹਦੀਕਲਾ ਦੀ ਧਾਰਨਾ ਮਨੁੱਖੀ ਮਾਨਸਿਕਤਾ ਦਾ ਗਹਿਣਾ ਹੈ, ਜਿਸ ਨੂੰ ਪਹਿਨ ਕੇ ਕੋਈ ਵੀ ਮਨੁੱਖ ਆਪਣੀ ਮੰਜ਼ਿਲ-ਏ-ਮਕਸੂਦ ਵੱਲ ਵਧ ਸਕਦਾ ਹੈ ਅਤੇ ਮਨਇੱਛਤ ਫ਼ਲ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਉਲਟ ਢਹਿੰਦੀ ਕਲਾ ਵਾਲੇ ਮਨੁੱਖ ਦਾ ਜੀਵਨ ਨਾ ਤਾਂ ਉਸ ਦੇ ਆਪਣੇ ਆਪ ਲਈ ਹੀ ਲਾਹੇਵੰਦ ਹੁੰਦਾ ਹੈ ਅਤੇ ਨਾ ਹੀ ਕਿਸੇ ਸਮਾਜ ਲਈ।

## ਕੁਝ ਤਾਂ ਕਰੋ ...

ਰਾਜਿਆ ਰਾਜ ਕਰੇਂਦਿਆ, ਲੈ ਧੀਆਂ ਦੀ ਸਾਰ।
ਪੱਤ ਇਨ੍ਹਾਂ ਦੀ ਰੋਲਦੇ, ਗੁੰਡੇ ਸ਼ਰੇ ਬਜ਼ਾਰ।

ਦਾਜ ਦੀ ਖਾਤਰ ਸੜਦੀਆਂ, ਸਹਿ ਸਹਿ ਅੱਤਿਆਚਾਰ।
ਕਿਉਂ ਕੁੱਖਾਂ ਦੇ ਵਿਚ ਮਰਦੀਆਂ, ਬਿਨ ਵੇਖੇ ਸੰਸਾਰ।

ਜਿਸ ਦੀ ਕੁੱਖੋਂ ਜਨਮਦੇ, ਵੀਰ ਪੀਰ ਅਵਤਾਰ।
ਮੁੰਡਿਆਂ ਨਾਲੋਂ ਲੱਗਦੀਆਂ, ਹਰ ਪਾਸੇ ਹੁਸ਼ਿਆਰ।

ਘਟਦੀਆਂ ਗਈਆਂ ਇਸ ਤਰ੍ਹਾਂ, ਉਜੜ ਜਾਊ ਸੰਸਾਰ।
ਘਰ ਖੋਲ੍ਹੇ ਬਣ ਜਾਣਗੇ, ਚਲਣੇ ਨਹੀਂ ਪਰਿਵਾਰ।

ਜਾਗੋ ਜੱਗ ਦਿਓ ਰਹਿਬਰੋ, ਰੋਕੋ ਅੱਤਿਆਚਾਰ।
ਜਾਗੋ ਜੱਗ ਦਿਓ ਰਹਿਬਰੋ, ਰੋਕ ਅੱਤਿਆਚਾਰ।



-ਸਤਨਾਮ ਸਿੰਘ ਦਰਦੀ, ਚਾਨੀਆਂ-ਜਲੰਧਰ
92569-73526
(Punjab Mail USA)

## ਗੱਲ ਕਿਸਾਨਾ ਉਏ

ਲੱਗਦਾ ਮੇਲਾ ਹਰੇਕ ਛਿਮਾਹੀ ਯੂਨੀਵਰਸਿਟੀ ਵਿਚ,
ਆਉਂਦੇ ਨੇ ਜੱਟ ਚਾਈਂ ਚਾਈਂ ਯੂਨੀਵਰਸਿਟੀ ਵਿਚ,
ਮੇਲੇ ਵਿਚ ਤੈਨੂੰ ਦੱਸਣੀ ਕੰਮ ਦੀ ਗੱਲ ਕਿਸਾਨਾ ਉਏ।
ਖ਼ੁਦਕੁਸ਼ੀ ਨਹੀਂ ਕਿਸੇ ਮਸਲੇ ਦਾ ਹੱਲ ਕਿਸਾਨਾ ਉਏ।
ਚਾਦਰ ਦੇਖ ਕੇ ਜਿਹੜੇ ਆਪਣੇ ਪੈਰ ਪਸਾਰਦੇ ਨੇ,
ਜ਼ਿੰਦਗੀ ਦੀ ਉਹ ਜੰਗ ਕਦੇ ਵੀ ਨਹੀਂ ਹਾਰਦੇ ਨੇ,
ਬੜੇ ਕੀਮਤੀ ਜੀਵਨ ਦੇ ਇਹ ਪੱਲ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... ....।
ਦੱਬ ਕੇ ਵਾਹੁਣ ਦੀ ਨੀਤੀ ਹੁਣ ਹੋ ਗਈ ਪੁਰਾਣੀ ਹੈ,
ਖੇਤੀ ਅਕਲਾਂ ਸੇਤੀ ਦੀ ਚੱਲ ਪਈ ਕਹਾਣੀ ਹੈ।
ਇਸ ਕਹਾਣੀ ਦੇ ਪਾਤਰ ਮਾਰਨ ਮੱਲ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... ....।
ਢੰਗ ਤਰੀਕੇ ਬਦਲ ਗਏ ਨੇ ਅੱਜਕਲ੍ਹ ਦੀ ਵਾਹੀ ਦੇ,
ਇਨ੍ਹਾਂ ਤੋਂ ਬਿੰਨ ਬਰਕਤ ਨਹੀਂ ਹੈ ਵਿਚ ਕਮਾਈ ਦੇ,
ਬਿਨਾ ਕਮਾਈ ਬਣਦੀ ਨਾ ਕੋਈ ਭੱਲ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... ....।
ਲਾਹੇਵੰਦ ਬਣਾਉਣਾ ਜੇਕਰ ਹਾੜ੍ਹੀ ਸਾਉਣੀ ਨੂੰ,
ਹਿੰਮਤ ਕਰਕੇ ਪਊ ਹੋਕਣਾ ਕਿਸੇ ਅਣਹੋਣੀ ਨੂੰ,
ਦੁੱਖ਼ ਤਕਲੀਫ਼ਾਂ ਹੁੰਦੀਆਂ ਕਈ ਅਟੱਲ ਕਿਸਾਨਾਂ ਉਏ।
ਖ਼ੁਦਕੁਸ਼ੀ.... .... .... .... .... .... ....।
ਉੱਤਮ ਜੂਨ ਮਨੁੱਖ ਦੀ ਹੁੰਦੀ ਲੱਖ ਚੁਰਾਸੀ 'ਚੋਂ,
ਖ਼ੁਸ਼ੀਆਂ ਦਾ ਸਿਰਨਾਵਾਂ ਲੱਭਣਾ ਪਊ ਉਦਾਸੀ 'ਚੋ,
ਅੱਜ ਨਹੀਂ ਤਾਂ ਲੱਭਣਾ ਪਊਗਾ ਕੱਲ੍ਹ ਕਿਸਾਨਾ ਉਏ।
ਖ਼ੁਦਕੁਸ਼ੀ.... .... .... .... .... .... ....।
ਸਾਦੇ ਵਿਆਹ ਤੇ ਸਾਦੇ ਭੋਗ ਦੀ ਆਵਾਜ਼ ਬੁਲੰਦ ਹੋਈ,
ਸੁਣੀ ਜਿਨ੍ਹਾਂ ਕੰਨ ਲਾ ਕੇ ਹੈ ਬੜੀ ਫ਼ਾਇਦੇਮੰਦ ਹੋਈ,
ਫਜ਼ੂਲ ਖਰਚ ਨੂੰ ਪਾਉਣ ਲੱਗੀ ਇਹ ਠੱਲ੍ਹ ਕਿਸਾਨਾਂ ਉਏ।
ਖ਼ੁਦਕੁਸ਼ੀ.... .... .... .... .... .... ....।
ਬਿੰਨ ਆਈ ਤੋਂ ਮਰਨਾ ਇਹ ਹੈ ਕਾਰ ਬੁਜ਼ਦਿਲਾਂ ਦੀ,
'ਚੋਹਲਾ' ਲੱਗਦੀ ਬੇੜੀ ਨਾ ਕਦੇ ਪਾਰ ਬੁਜ਼ਦਿਲਾਂ ਦੀ,
'ਬੱਗੇ' ਕੋਲੋਂ ਸਿੱਖ ਲੈ ਜੀਣ ਦਾ ਵਲ ਕਿਸਾਨਾ ਉਏ।
ਖ਼ਦਕੁਸ਼ੀ ਨਹੀਂ ਕਿਸੇ ਮਸਲੇ ਦਾ ਹੱਲ ਕਿਸਾਨਾ ਉਏ।

-ਰਮੇਸ਼ ਬੱਗਾ ਚੋਹਲਾ, ਲੁਧਿਆਣਾ
ਮੋਬ : 94631-32719
(Punjab Mail USA)

## ਦੁਨੀਆਂ

ਮੈਨੂੰ ਸਮਝ ਨਾ ਆਏ ਦੁਨੀਆਂ ਦੀ
ਇਕ ਘੁੰਮਣ ਘੇਰੀ ਲੱਗਦੀ ਏ

ਸੁਪਨਾ ਹੈ ਇਕ ਅਜੀਬ ਜਿਹਾ
ਮੁਸਾਫਿਰਾਂ ਦੀ ਲਾਰੀ ਲੱਗਦੀ ਏ

ਇਥੇ ਆਉਂਦੇ ਜਾਂਦੇ ਰਹਿਣ ਸਭ
ਨਾ ਪੱਕੀ ਕੋਈ ਸਵਾਰੀ ਲੱਗਦੀ ਏ

ਕੁਦਰਤ ਦੇ ਅਜਬ ਨਜ਼ਾਰੇ ਇਥੇ
ਪਰ ਹਰਦਮ ਪਰਾਈ ਲੱਗਦੀ ਏ

ਨਾ ਰਿਹਾ ਨਾ ਰਹਿਣਾ ਸਦਾ ਇਥੇ
ਫਿਰ ਵੀ ਨੱਠ ਭਜਾਈ ਲੱਗਦੀ ਏ

ਆਉਣ ਜਾਣ ਦੇ ਇਸ ਸਫਰ ਵਿਚ
ਰਾਜੇ ਰੰਕ ਦੀ ਵਾਰੀ ਵੀ ਲੱਗਦੀ ਏ

'ਗੁਰਜਤਿੰਦਰ' ਵੀ ਹੈ ਇਕ ਮੁਸਾਫਰ
ਚੰਗੇ ਸਫਰ ਦੀ ਟਿਕਟ ਕਟਾਈ ਲੱਗਦੀ ਏ



-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ
916-320-9444
(Punjab Mail USA)

## "ਊੜਾ ਆੜਾ ਗੁੰਮ ਹੋ ਗਿਆ"

ਅਲੋਪ ਹੋਈਆਂ ਕਲਮਾਂ, ਦਵਾਤਾਂ ਵੀ ਗੁਆਚੀਆਂ
ਸਲੇਟਾਂ ਟੁੱਟ ਗਈਆਂ ਅਤੇ ਫੱਟੀਆਂ ਨੇ ਪਾਟੀਆਂ
ਏ ਬੀ ਸੀ ਦੇ ਓਹਲੇ ਊੜਾ-ਆੜਾ ਗੁੰਮ ਹੋ ਗਿਆ।
ਟੇਬਲਾਂ 'ਚ ਦੂਣੀ ਦਾ ਪਹਾੜਾ ਗੁੰਮ ਹੋ ਗਿਆ।

ਨੀਲੀ ਕਾਲੀ ਸਿਆਹੀ ਦੀਆਂ ਪੁੜੀਆਂ ਵੀ ਗੁੰਮੀਆਂ
ਟਿੱਕੀਆਂ ਦਵਾਤਾਂ ਵਿਚ ਖੁਰੀਆਂ ਵੀ ਗੁੰਮੀਆਂ
ਨਿੱਭ ਵਾਲਾ ਪਿੰਨ ਵੀ ਵਿਚਾਰਾ ਗੁੰਮ ਹੋ ਗਿਆ।
ਟੇਬਲਾਂ 'ਚ ਦੂਣੀ ਦਾ.... .... .... ....।

ਬੋਰੀ ਦੇ ਬਣਾਏ ਹੋਏ ਥੈਲੇ ਨਹੀਂਓਂ ਲੱਭਦੇ
ਬੋਨੀ-ਸੋਨੀ ਬੈਠੇ, ਕੈਲੇ-ਜੈਲੇ ਨਹੀਓਂ ਲੱਭਦੇ
ਲਵਲੀ ਦੇ ਓਹਲੇ ਹੈ ਪਿਆਰਾ ਗੁੰਮ ਹੋ ਗਿਆ।
ਟੇਬਲਾਂ 'ਚ ਦੂਣੀ ਦਾ.... .... .... ....।

ਗੁੱਲੀ-ਡੰਡਾ, ਖ਼ੁੱਦੋ-ਖ਼ੂੰਡੀ ਬਹੁਤ ਪਿੱਛੇ ਰਹਿ ਗਏ
ਕੁਸ਼ਤੀ ਕਬੱਡੀ ਨੂੰ ਵੀ ਬਾਏ ਬਾਏ ਕਹਿ ਗਏ
ਰਣਾਂ ਵਿਕਟਾਂ 'ਚ ਜੱਗ ਸਾਰਾ ਗੁੰਮ ਹੋ ਗਿਆ।
ਟੇਬਲਾਂ 'ਚ ਦੂਣੀ ਦਾ.... .... .... ....।

ਸਕੂਲ ਸਰਕਾਰੀ ਵਿਚ ਬੱਚੇ ਬੜੇ ਘੱਟ ਨੇ
ਸੀ.ਬੀ.ਐੱਸ.ਈ. ਵਾਲੇ ਅੱਜ ਭਰੇ ਖਚਾਖਚ ਨੇ
ਬਨਾਉਣਾ ਏ ਸਟਾਰ ਤਾਂਹੀਓਂ ਤਾਰਾ ਗੁੰਮ ਹੋ ਗਿਆ।
ਟੇਬਲਾਂ 'ਚ ਦੂਣੀ ਦਾ.... .... .... ....।

ਪਲੱਸ ਟੂ ਤੋਂ ਬਾਅਦ ਇਥੇ ਰਾਜ਼ੀ ਨਹੀਂ ਕੋਈ ਪੜ੍ਹਕੇ
ਕਨੇਡਾ ਅਮਰੀਕਾ ਚੱਲੇ ਆਈਲੈਟਸ ਕਰਕੇ
ਪਹਿਲਾਂ ਵਾਲਾ "ਗਿੱਲਾ" ਓਏ ਨਜ਼ਾਰਾ ਗੁੰਮ ਹੋ ਗਿਆ।
ਟੇਬਲਾਂ 'ਚ ਦੂਣੀ ਦਾ ਪਹਾੜਾ ਗੁੰਮ ਹੋ ਗਿਆ।
ਏ ਬੀ ਸੀ ਦੇ ਓਹਲੇ ਊੜਾ ਆੜਾ ਗੁੰਮ ਹੋ ਗਿਆ।
ਟੇਬਲਾਂ 'ਚ ਦੂਣੀ ਦਾ.... .... .... ....।



ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)

## ਮਹਾਰਾਜਾ ਰਣਜੀਤ ਸਿੰਘ

ਧੀ ਮਾਰਾਂ ਦੇ ਹੱਥੋਂ ਮਸਾਂ ਬਚਾਈ, ਸੀ ਉਹ ਸੁਭਾਗੀ ਮਾਂ,
ਰਣਜੀਤ ਸਿੰਘ ਸੂਰਮੇ ਦੀ ਮਾਈ, ਤੇ ਰਾਜ ਕੌਰ ਸੀ ਨਾਂ।
ਚਾਈਂ-ਚਾਈਂ ਚਾਚਿਆਂ ਨੇ ਪਾਲ਼ੀ, ਮਹਾਂ ਸਿੰਘ ਦੀ ਮੰਗ,
ਸ਼ੁਕਰਚੱਕੀਏ ਮਿਸਲ ਦੇ ਵਾਲੀ, ਬਲੀ ਯੋਧੇ ਸੀ ਨਿਸ਼ੰਗ।

1780 ਵਿਚ ਬੱਡਰੁੱਖੇ ਜਨਮੇ, ਰਣਜੀਤ ਸਿੰਘ ਸਰਦਾਰ,
ਨਾਨਕੇ -ਦਾਦਕੇ ਮਿਲੇ ਵਧਾਈ, ਚੜ੍ਹਦੀ ਕਲਾ, ਸਤਿਕਾਰ।
ਛੋਟੀ ਉਮਰੇ 'ਮਾਤਾ' ਮਹਾਂਮਾਰੀ, ਕੀਤੇ ਇੱਕ ਅੱਖੋਂ ਆਰੀ,
ਬਾਰਾਂ ਸਾਲ ਦੀ ਨਿੱਕੀਏ ਉਮਰੇ, ਝੱਲੇ ਬਾਪੂ-ਮੌਤ ਕਰਾਰੀ।

ਮਜਬੂਰੀ ਵੱਸ ਮਿਸਲਾਂ ਦਾ ਜ਼ੁੰਮਾ, ਪਿਆ ਸਿਰ ਉਠਾਉਣਾ,
ਜਾਣ ਨਿਆਣਾ ਦੁਸ਼ਮਣਾਂ ਨੇ ਵੀ, ਸ਼ੁਰੂ ਕਰ 'ਤਾ ਸਤਾਉਣਾ।
ਚੱਲ ਸੋ ਚੱਲ ਨਿੱਤ ਨਵੀਂ ਮੁਹਿੰਮ, ਜੰਗਾਂ ਖ਼ੂਬ ਉਲਝਾਇਆ,
ਸਿਲਸਿਲਾ ਰੋਜ਼ਾਨਾ ਜਿੱਤਾਂ ਵਾਲ਼ਾ, ਵਾਰ-ਵਾਰ ਦੁਹਰਾਇਆ।

ਸਤਾਰਾਂ ਸਾਲਾਂ ਦੇ ਭਰ ਗੱਭਰੂ ਨੂੰ, ਮਾਂ ਦੀ ਮੌਤ ਸੀ ਮਾਰਿਆ,
ਪਰ ਰਾਜ ਕੌਰ ਦੇ ਦਲੇਰ ਪੁੱਤ ਨੇ, ਹੌਂਸਲਾ ਨਹੀਂ ਸੀ ਹਾਰਿਆ।
ਕੁੱਝ ਜਿੱਤੀਆਂ ਕੁੱਝ ਗੰਢੇ ਰਿਸ਼ਤੇ, ਮਿਸਲਾਂ ਧਾਗੇ ਪ੍ਰੋ ਛੱਡੀਆਂ,
ਅਫ਼ਗਾਨਾਂ ਨੂੰ ਪਾ ਕੇ ਭਾਜੜਾਂ, ਝੰਡੀਆਂ ਕਾਬੁਲ 'ਤੇ ਗੱਡੀਆਂ।

ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ, ਕਾਂਗੜਾ, ਤਿੱਬਤ ਤੋੜੀਂ,
ਲੱਕ ਤੋੜਕੇ ਲੱਦਾਖ, ਚੀਨ ਤਾਈਂ, ਖਾਲਸੇ ਰਾਜ ਦੀ ਗੱਡੇ ਮੋੜ੍ਹੀ।
ਅਨੋਖਾ ਪਾਂਡੀ ਸਿਰ ਪੰਡ ਉਠਾਕੇ, ਗਰੀਬ ਦਾ ਭਾਰ ਵੰਡਾਉਂਦੈ,
ਰਾਜ-ਧਰਮ ਖ਼ਲਕਤ ਸੇਵਾ ਵਾਲ਼ੇ, ਨਿਮਾਣਾ ਬਣਕੇ ਨਿਭਾਉਂਦੈ।

ਅਮਨ ਸ਼ਾਂਤੀ ਦਾ ਮਸੀਹਾ ਜਾਪੇ, ਖ਼ੁਸ਼ਹਾਲ ਉਹ ਰਾਜ ਕਹਾਏ,
ਯੂਰੋਪ ਵਾਲ਼ੇ ਭਾਲਦੇ ਕੰਮ ਜਿੱਥੇ, ਸੋਨ-ਚਿੜੀ ਪੰਜਾਬ ਬਣਾਏ।
ਅਕਾਲ ਤਖ਼ਤ ਤੋਂ ਮਾਫ਼ੀ ਮੰਗਕੇ, ਕੋਰੜਿਆਂ ਨੂੰ ਸੀਸ ਝੁਕਾਉਂਦੈ,
ਰੱਖਦੈ ਨਿਸਚੈ ਵਿਚ ਗੁਰਬਾਣੀ, ਸਿੱਕਾ ਅਕਾਲ ਦਾ ਚਲਾਉਂਦੈ।



-ਸੇਵਾ ਸਿੰਘ "ਨੂਰਪੁਰੀ"
(Punjab Mail USA)

## ਟੱਪੇ

ਨਲਕਾ ਦਿਸੇ ਨਾ ਚਲਦਾ ਕੋਈ,
ਅੱਜ ਦੇ ਮਨੁੱਖ ਦੇ ਕੰਮਾਂ ਨਾਲ
ਪਾਣੀ ਦੀ ਇਹ ਹਾਲਤ ਹੋਈ।

ਕਾਮਾ ਰੱਜ ਕੇ ਮਿਹਨਤ ਕਰੇ,
ਫੇਰ ਵੀ ਦੋ ਵੇਲੇ ਦੀ ਰੋਟੀ
ਨਾ ਪੱਕਦੀ ਉਸ ਦੇ ਘਰੇ।

ਕਾਰਾਂ ਸੌ ਦੀ ਸਪੀਡ 'ਤੇ ਚਲਾਣ ਲੋਕੀਂ,
ਜਦ ਵੱਜ ਜਾਵੇ ਆਸੇ-ਪਾਸੇ
ਫੇਰ ਡਾਢਾ ਪਛਤਾਣ ਲੋਕੀਂ।

ਮੇਜ਼ 'ਤੇ ਅਖਬਾਰ ਪਈ ਅੱਜ ਦੀ,
ਮਾਰ-ਧਾੜ ਦੀਆਂ ਖਬਰਾਂ ਤੋਂ ਬਿਨਾਂ
ਹੋਰ ਕੋਈ ਖਬਰ ਦਿਸੇ ਨਾ ਚੱਜਦੀ।

ਬੱਸਾਂ ਰੋਡਵੇਜ਼ ਦੀਆਂ ਚੱਲਦੀਆਂ ਨੇ,
ਫਰੀ ਸਫਰ ਦੀ ਸਹੂਲਤ ਕਰਕੇ
ਇਹ ਔਰਤਾਂ ਨਾਲ ਭਰੀਆਂ ਲੱਗਦੀਆਂ ਨੇ।

ਸਰਕਾਰੀ ਸਕੂਲ, ਕਾਲਜ ਬਥੇਰੇ ਨੇ,
ਪੋਸਟਾਂ ਭਰੀਆਂ ਨਾ ਹੋਣ ਕਰਕੇ
ਇਨ੍ਹਾਂ ਵਿਚ ਘੁੱਪ ਹਨੇਰੇ ਨੇ।



-ਮਹਿੰਦਰ ਸਿੰਘ ਮਾਨ, ਸਲੋਹ ਰੋਡ
ਨਵਾਂ ਸ਼ਹਿਰ : 99158-03554
(Punjab Mail USA)

## ਸ਼ੇਰ-ਏ-ਪੰਜਾਬ



ਮਹਾਂ ਸਿੰਘ ਤੇ ਰਾਜ ਕੌਰ ਦਾ, ਪੁੱਤ ਸੀ ਭਾਗਾਂ ਵਾਲਾ
ਰਣ ਨੂੰ ਜਿੱਤਣ ਵਾਲਾ ਜੰਮਿਆ, ਸ਼ਹਿਰ ਗੁੱਜਰਾਂਵਾਲਾ।

ਤੇਰਾਂ ਨਵੰਬਰ ਸਤਾਰਾਂ ਸੌ ਅੱਸੀ, ਜਨਮ ਰਾਜੇ ਦਾ ਹੋਇਆ
ਲੇਖਾਂ ਵਿਚ ਸੀ ਲਿਖਿਆ, ਉਹਦੇ ਹੱਥ 'ਚ ਰਾਜ ਸਮੋਇਆ।

ਸਿੱਖ, ਹਿੰਦੂ ਤੇ ਮੁਸਲਮਾਨਾਂ ਨੂੰ, ਬੰਨ੍ਹਿਆ ਵਿਚ ਇੱਕ ਧਾਗੇ
ਅੰਗਰੇਜ਼ਾਂ 'ਤੇ ਰੋਅਬ ਸੀ ਉਹਦਾ, ਆਉਂਦੇ ਨਾ ਉਹ ਲਾਗੇ।

ਸਿੱਖ-ਮਿਸਲਾਂ ਨੂੰ 'ਕੱਠਿਆਂ ਕੀਤਾ, ਕੀਤੀ ਦੂਰ-ਅੰਦੇਸ਼ੀ
ਉਹਦੀ ਸੈਨਾ ਵਿਚ ਫ਼ੌਜੀ ਸਨ, ਦੇਸੀ ਅਤੇ ਵਿਦੇਸ਼ੀ।

ਸਾਫ਼ ਤੇ ਸੱਚੀ-ਸੁੱਚੀ ਹੈਸੀ, ਓਸ ਰਾਜੇ ਦੀ ਨੀਤੀ
ਹਰਿਮੰਦਰ ਦੀ ਨਾਲ ਸੋਨੇ ਦੇ, ਖੁੱਲ੍ਹ ਕੇ ਸੇਵਾ ਕੀਤੀ।

ਸਭ ਧਰਮਾਂ ਦੇ ਸਭ ਲੋਕਾਂ ਦਾ, ਕਰਦਾ ਸੀ ਸਤਿਕਾਰ
ਭਲਾ ਮੰਗੇ ਸਰਬੱਤ ਦਾ, ਕਰਦਾ ਰਹਿੰਦਾ ਪਰਉਪਕਾਰ।

ਚੇਚਕ ਕਾਰਨ ਬਚਪਨ ਵਿਚ, ਇੱਕ ਅੱਖ 'ਤੇ ਹਮਲਾ ਹੋਇਆ
ਮੰਗੀ ਮਾਫ਼ੀ ਗਲ ਪੱਲਾ ਪਾ, ਜਾ ਤਖ਼ਤ ਦੇ ਸਾਹਵੇਂ ਖਲੋਇਆ।

ਅਫ਼ਗਾਨ, ਪਠਾਣ, ਫ਼ਰੰਗੀ ਵਿਰੋਧੀ, ਜਿੱਤੀਆਂ ਸਭ ਮੁਹਿੰਮਾਂ
ਜੋ ਅੜਿਆ ਸੋ ਝੜਿਆ, ਕੀ-ਕੀ ਦੱਸਾਂ ਕਿੰਨਾ-ਕਿੰਨਾ।

ਜੂਨ ਅਠਾਰਾਂ ਸੌ ਉਨਤਾਲੀ, ਦਿਨ ਸਤਾਈਵਾਂ ਆਇਆ
ਚਮਕ ਰਹੇ ਪੰਜਾਬ ਦੇ ਸੂਰਜ, ਉੱਤੇ ਬੱਦਲ ਛਾਇਆ।

ਸਤੀ ਹੋਈਆਂ ਕੁਝ ਰਾਣੀਆਂ, ਉਹਦੀ ਅਰਥੀ ਉੱਤੇ ਆ ਕੇ
ਦਿੱਤਾ ਸਬੂਤ ਪਿਆਰ ਦਾ ਏਦਾਂ, ਆਪਣਾ-ਆਪ ਮਿਟਾ ਕੇ।

ਮਹਾਂਬਲੀ ਤੇ ਪਰਉਪਕਾਰੀ, ਸੀ ਸਾਡਾ ਮਹਾਰਾਜਾ
ਅਟਕ ਵੀ ਰੋਕ ਨਾ ਸਕਿਆ ਉਹਨੂੰ, ਲਾਵੇ ਕੌਣ ਅੰਦਾਜ਼ਾ।



-ਪ੍ਰੋ. ਨਵ ਸੰਗੀਤ ਸਿੰਘ,
ਬਠਿੰਡਾ
94176-92015.
(Punjab Mail USA)

# REALTY ONE GROUP

## FOR SALE & PURCHASE OF ANY KIND OF PROPERTY

## *Recently Sold Properties*


Caravaggio, Sacramento


Stroman, Sacramento


Mason Ct, Tracy


Windsong Dr, Tracy


Oak Valley Way, Stockton


Van Eych, Sacramento


Valenda Ct, Elk Grove


Rodfo Ct, Sacramento


Masters St, Elk Grove


Little Harbor Ct, Elk Grove


Bond Road, Elk Grove


Bond Road, Elk Grove



Gurjatinder S. Randhawa
REALTOR CA DRE licence # 01490567

## *New Listings*



Bradshaw Road, Elk Grove


Neutra Way, Elk Grove


Pawcatuck Way, Rancho Cordova

# Gurjatinder S. Randhawa

web: www.RealtorRandhawa.com

**916-320-9444**

garysingh123@yahoo.com